Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
RE/MAX Outstanding Agents Outstanding Results
Gurjatinder S. Randhawa
REALTOR CA DRE licence # 01490567
916-320-9444

Vol. 19, Issue- 908, 28 May to 03 June, 2026, Ph: 916-320-9444, E-mail: punjabmailusa@yahoo.com, Web: punjabmailusa.com

## ਟਰੰਪ ਪ੍ਰਸ਼ਾਸਨ ਦੀ ਨਵੀਂ ਗ੍ਰੀਨ ਕਾਰਡ ਪਾਲਿਸੀ ਨਾਲ ਹਜ਼ਾਰਾਂ ਇਮੀਗ੍ਰੈਂਟ ਪ੍ਰਭਾਵਿਤ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਵੱਲੋਂ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਰਾਹੀਂ ਇੱਕ ਨਵੀਂ ਇਮੀਗ੍ਰੇਸ਼ਨ ਗਾਈਡਲਾਈਨ ਜਾਰੀ ਕੀਤੀ ਗਈ ਹੈ, ਜਿਸ ਅਨੁਸਾਰ ਹੁਣ ਕਈ ਇਮੀਗ੍ਰੈਂਟਾਂ ਨੂੰ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਵਾਸਤੇ ਅਮਰੀਕਾ ਤੋਂ ਬਾਹਰ ਜਾਣਾ ਪੈ ਸਕਦਾ ਹੈ। ਇਸ ਨਵੇਂ ਨਿਯਮ ਨੇ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਵਿਚ ਚਿੰਤਾ ਵਧਾ ਦਿੱਤੀ ਹੈ, ਜੋ ਪਹਿਲਾਂ ਤੋਂ ਅਮਰੀਕਾ ਵਿਚ ਟੈਂਪਰੇਰੀ ਵੀਜ਼ਿਆਂ 'ਤੇ ਰਹਿ ਰਹੇ ਹਨ ਅਤੇ ਇੱਥੇ ਹੀ ਆਪਣਾ ਸਟੇਟਸ ਅਡਜਸਟ ਕਰਕੇ ਗ੍ਰੀਨ ਕਾਰਡ ਲੈਣਾ ਚਾਹੁੰਦੇ ਸਨ।

ਨਵੀਂ ਯੂ.ਐੱਸ.ਸੀ.ਆਈ.ਐੱਸ. ਗਾਈਡਲਾਈਨ ਵਿਚ ਕਿਹਾ ਗਿਆ ਹੈ ਕਿ "ਐਡਜਸਮੈਂਟ ਆਫ ਸਟੇਟਸ" ਮੰਗਣ ਵਾਲੇ ਵਿਅਕਤੀ ਹੁਣ "ਦੇਸ਼ ਤੋਂ ਬਾਹਰ" ਪ੍ਰਕਿਰਿਆ ਪੂਰੀ ਕਰਨ। ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ

**ਗ੍ਰੀਨ ਕਾਰਡ ਲਈ ਅਮਰੀਕਾ ਤੋਂ ਬਾਹਰੋਂ ਦੇਣੀ ਪੈ ਸਕਦੀ ਹੈ ਅਰਜ਼ੀ**




ਕਈ ਐੱਚ-1ਬੀ ਵੀਜ਼ਾ ਹੋਲਡਰਾਂ, ਅਮਰੀਕੀ ਨਾਗਰਿਕਾਂ ਦੇ ਪਤੀ-ਪਤਨੀ ਜਾਂ ਪਰਿਵਾਰਕ ਮੈਂਬਰਾਂ ਨੂੰ ਅਮਰੀਕਾ ਛੱਡ ਕੇ ਆਪਣੇ ਦੇਸ਼ ਵਾਪਸ ਜਾਣਾ ਪਵੇ ਅਤੇ ਉੱਥੋਂ ਗ੍ਰੀਨ ਕਾਰਡ ਦੀ ਪ੍ਰਕਿਰਿਆ ਪੂਰੀ ਕਰਨੀ ਪਵੇ।

ਇਮੀਗ੍ਰੇਸ਼ਨ ਮਾਹਿਰਾਂ ਮੁਤਾਬਕ ਸਭ ਤੋਂ ਵੱਡੀ ਚਿੰਤਾ ਉਨ੍ਹਾਂ ਲੋਕਾਂ ਲਈ ਹੈ, ਜਿਨ੍ਹਾਂ ਨੇ ਵੀਜ਼ਾ ਓਵਰਸਟੇ ਕੀਤਾ ਹੋਇਆ ਹੈ। ਜੇ ਉਹ ਅਮਰੀਕਾ ਤੋਂ ਬਾਹਰ ਜਾਂਦੇ ਹਨ, ਤਾਂ ਉਨ੍ਹਾਂ 'ਤੇ 3 ਸਾਲ ਜਾਂ 10 ਸਾਲ ਤੱਕ ਦਾ ਰੀ-ਐਂਟਰੀ ਬੈਨ ਲੱਗ ਸਕਦਾ ਹੈ, ਜਿਸ ਕਾਰਨ ਉਹ ਮੁੜ ਅਮਰੀਕਾ ਨਹੀਂ ਆ ਸਕਣਗੇ। ਇਸ ਨਾਲ ਪਰਿਵਾਰਾਂ ਦੀ ਲੰਬੀ ਜੁਦਾਈ, ਨੌਕਰੀਆਂ ਦਾ ਨੁਕਸਾਨ ਅਤੇ ਵੱਡੀਆਂ ਕਾਨੂੰਨੀ ਮੁਸ਼ਕਲਾਂ ਖੜ੍ਹੀਆਂ ਹੋ ਸਕਦੀਆਂ ਹਨ।

ਆਲੋਚਕਾਂ ਦਾ ਕਹਿਣਾ ਹੈ ਕਿ ਇਹ ਨਵੀਂ ਨੀਤੀ ਫੈਡਰਲ ਇਮੀਗ੍ਰੇਸ਼ਨ ਕਾਨੂੰਨਾਂ ਦੀ ਰੂਹ ਦੇ ਖ਼ਿਲਾਫ਼ ਹੈ, ਕਿਉਂਕਿ ਪਹਿਲਾਂ ਬਹੁਤ ਸਾਰੇ ਯੋਗ ਲੋਕ ਅਮਰੀਕਾ ਦੇ ਅੰਦਰ ਰਹਿੰਦੇ ਹੋਏ ਹੀ ਆਪਣਾ ਸਟੇਟਸ ਅਡਜਸਟ ਕਰ ਸਕਦੇ ਸਨ। ਇਮੀਗ੍ਰੇਸ਼ਨ ਐਡਵੋਕੇਸੀ ਗਰੁੱਪਾਂ ਨੇ ਦੋਸ਼ ਲਗਾਇਆ ਹੈ ਕਿ ਯੂ.ਐੱਸ.ਸੀ.ਆਈ.ਐੱਸ. ਹੁਣ ਸਿਰਫ਼ ਇਮੀਗ੍ਰੇਸ਼ਨ ਲਾਭ ਦੇਣ ਵਾਲੀ ਏਜੰਸੀ ਨਹੀਂ ਰਹੀ, ਸਗੋਂ ਟਰੰਪ ਪ੍ਰਸ਼ਾਸਨ ਦੀ ਸਮੂਹਿਕ ਦੇਸ਼ ਨਿਕਾਲੇ ਦੀ ਨੀਤੀ ਦਾ ਹਿੱਸਾ ਬਣਦੀ ਜਾ ਰਹੀ ਹੈ।

■ ਬਾਕੀ ਖਬਰ ਸਫਾ 24 'ਤੇ

## ਇੰਡੀਆਨਾ 'ਚ 3 ਮਹੀਨਿਆਂ ਦੌਰਾਨ ਕਰੀਬ 300 ਗੈਰ-ਦਸਤਾਵੇਜ਼ੀ ਟਰੱਕ ਡਰਾਈਵਰ ਫੜੇ ਗਏ

**ਇੰਡੀਆਨਾ, (ਪੰਜਾਬ ਮੇਲ)**- ਅਮਰੀਕਾ ਦੇ ਇੰਡੀਆਨਾ ਰਾਜ 'ਚ ਪਿਛਲੇ ਤਿੰਨ ਮਹੀਨਿਆਂ ਦੌਰਾਨ ਕਰੀਬ 300 ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਕਮਰਸ਼ੀਅਲ ਟਰੱਕ ਚਲਾਉਂਦੇ ਹੋਏ ਰੋਕਿਆ ਗਿਆ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਗਈ। ਰਾਜ ਦੇ ਅਧਿਕਾਰੀਆਂ ਮੁਤਾਬਕ ਇਹ ਸਾਰੇ ਲੋਕ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ (ਸੀ.ਡੀ.ਐੱਲ.) ਰੱਖਦੇ ਸਨ, ਜਿਨ੍ਹਾਂ ਵਿਚੋਂ ਬਹੁਤ ਸਾਰੇ ਲਾਇਸੈਂਸ ਕੈਲੀਫੋਰਨੀਆ ਅਤੇ ਨਿਊਯਾਰਕ ਵਰਗੇ ਰਾਜਾਂ ਤੋਂ ਜਾਰੀ ਹੋਏ ਸਨ।

ਇੰਡੀਆਨਾ ਦੇ ਗਵਰਨਰ ਮਾਈਕ ਬ੍ਰਾਊਨ ਦੇ ਸੀਨੀਅਰ ਸਹਾਇਕ ਟੋਨੀ ਫੇਰਾਰੋ ਨੇ ਦੱਸਿਆ ਕਿ ਕੇਵਲ 90 ਦਿਨਾਂ 'ਚ 283 ਡਰਾਈਵਰਾਂ ਨੂੰ ਰਾਜ ਦੇ ਭਾਰ ਤੋਲਣ ਵਾਲੇ ਸਟੇਸ਼ਨ 'ਤੇ ਰੋਕਿਆ ਗਿਆ। ਉਨ੍ਹਾਂ ਕਿਹਾ ਕਿ "ਰੋਜ਼ਾਨਾ

**ਕਈਆਂ ਕੋਲ ਕੈਲੀਫੋਰਨੀਆ ਤੇ ਨਿਊਯਾਰਕ ਦੇ ਸੀ.ਡੀ.ਐੱਲ. ਲਾਇਸੈਂਸ**




ਤਿੰਨ ਤੋਂ ਵੱਧ ਅਜਿਹੇ ਡਰਾਈਵਰ ਟਰੱਕਾਂ 'ਚੋਂ ਕੱਢੇ ਗਏ।" ਫੇਰਾਰੋ ਨੇ ਕਿਹਾ ਕਿ ਇਹ ਕਾਰਵਾਈ ਕਾਨੂੰਨ ਦੀ ਪਾਲਣਾ ਅਤੇ ਸੜਕ ਸੁਰੱਖਿਆ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ।

ਅਧਿਕਾਰੀਆਂ ਮੁਤਾਬਕ ਕਈ ਡਰਾਈਵਰਾਂ ਕੋਲ ਕੈਲੀਫੋਰਨੀਆ ਅਤੇ ਨਿਊਯਾਰਕ ਦੇ ਸੀ.ਡੀ.ਐੱਲ. ਸਨ। ਇਨ੍ਹਾਂ ਰਾਜਾਂ ਵਿਚ ਪਹਿਲਾਂ ਗੈਰ-ਨਾਗਰਿਕਾਂ ਨੂੰ ਵੀ ਕਮਰਸ਼ੀਅਲ ਲਾਇਸੈਂਸ ਜਾਰੀ ਕੀਤੇ ਜਾਂਦੇ ਰਹੇ ਹਨ, ਜਿਸ ਕਾਰਨ ਉਹ ਕਾਨੂੰਨੀ ਤੌਰ 'ਤੇ ਟਰੱਕ ਚਲਾ ਸਕਦੇ ਸਨ। ਪਰ ਫੈਡਰਲ ਨਿਯਮਾਂ ਅਨੁਸਾਰ ਸੀ.ਡੀ.ਐੱਲ. ਹੋਲਡਰ ਲਈ ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਮਨਜ਼ੂਰੀ ਹੋਣਾ ਲਾਜ਼ਮੀ ਹੈ।

ਰਿਪੋਰਟ ਮੁਤਾਬਕ ਇੱਥੇ ਇੱਕ ਕਾਨੂੰਨੀ ਉਲਝਣ ਵੀ ਬਣ ਰਹੀ ਹੈ, ਕਿਉਂਕਿ ਕੁਝ ਡਰਾਈਵਰ ਉਨ੍ਹਾਂ ਰਾਜਾਂ ਤੋਂ ਲਾਇਸੈਂਸ ਲੈ ਕੇ ਆਏ ਸਨ, ਜਿੱਥੇ ਉਸ ਸਮੇਂ ਸਿਟੀਜ਼ਨਸ਼ਿਪ ਦੀ ਸ਼ਰਤ ਨਹੀਂ ਸੀ। ਇਸ ਕਾਰਨ ਭਵਿੱਖ ਵਿਚ ਕਾਨੂੰਨੀ ਚੁਣੌਤੀਆਂ ਵੀ ਸਾਹਮਣੇ ਆ ਸਕਦੀਆਂ ਹਨ।

ਨਿਊਯਾਰਕ ਰਾਜ ਨੇ ਇਸ ਸਾਲ ਫਰਵਰੀ 'ਚ ਐਲਾਨ ਕੀਤਾ ਸੀ ਕਿ ਹੁਣ ਗੈਰ-ਨਾਗਰਿਕਾਂ ਨੂੰ ਸੀ.ਡੀ.ਐੱਲ. ਜਾਰੀ ਨਹੀਂ ਕੀਤਾ ਜਾਵੇਗਾ। ਇਹ ਫੈਸਲਾ ਟਰੰਪ ਪ੍ਰਸ਼ਾਸਨ ਵੱਲੋਂ ਕੰਮ ਦੇ ਅਧਿਕਾਰ ਸੰਬੰਧੀ ਨਿਯਮ ਸਖ਼ਤ ਕਰਨ ਤੋਂ ਬਾਅਦ ਲਿਆ ਗਿਆ ਸੀ।

■ ਬਾਕੀ ਖਬਰ ਸਫਾ 24 'ਤੇ

## ਟਰੰਪ ਦੀ "ਨੋ-ਬਾਂਡ" ਇਮੀਗ੍ਰੇਸ਼ਨ ਨੀਤੀ 'ਤੇ ਵੱਡਾ ਵਿਵਾਦ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਦੀ "ਨੋ-ਬਾਂਡ" ਇਮੀਗ੍ਰੇਸ਼ਨ ਨੀਤੀ ਹੁਣ ਵੱਡੇ ਕਾਨੂੰਨੀ ਅਤੇ ਸੰਵਿਧਾਨਕ ਵਿਵਾਦ ਦਾ ਕਾਰਨ ਬਣ ਗਈ ਹੈ। ਇਸ ਨੀਤੀ ਤਹਿਤ ਕਈ ਇਮੀਗ੍ਰੈਂਟਾਂ ਨੂੰ ICE ਕਸਟਡੀ 'ਚ ਰੱਖਣ ਤੋਂ ਬਾਅਦ ਬਾਂਡ 'ਤੇ ਰਿਹਾਈ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਹਜ਼ਾਰਾਂ ਲੋਕ ਮਹੀਨਿਆਂ ਜਾਂ ਸਾਲਾਂ ਤੱਕ ਡਿਟੇਨਸ਼ਨ ਸੈਂਟਰਾਂ ਵਿਚ ਬੰਦ ਰਹਿ ਸਕਦੇ ਹਨ।

ਰਿਪੋਰਟ ਮੁਤਾਬਕ ਇਹ ਨੀਤੀ ਵਾਸ਼ਿੰਗਟਨ ਸਟੇਟ ਦੇ ਟਾਕੋਮਾ ਸ਼ਹਿਰ ਦੇ ਨੌਰਥਵੈਸਟ ICE ਪ੍ਰੋਸੈਸਿੰਗ ਸੈਂਟਰ ਵਿਚ ਕਈ ਸਾਲ ਪਹਿਲਾਂ ਹੀ ਲਾਗੂ ਹੋਣੀ ਸ਼ੁਰੂ ਹੋ ਗਈ ਸੀ। ਉੱਥੇ ਦੇ ਚਾਰ ਇਮੀਗ੍ਰੇਸ਼ਨ ਜੱਜਾਂ ਨੇ ਇਹ ਮੰਨਿਆ ਕਿ ਕਾਂਗਰਸ ਨੇ ਕੁਝ ਇਮੀਗ੍ਰੈਂਟਾਂ ਨੂੰ ਬਾਂਡ ਦੇਣ ਦੀ ਇਜਾਜ਼ਤ ਹੀ ਨਹੀਂ ਦਿੱਤੀ। ਬਾਅਦ ਵਿਚ ਟਰੰਪ ਪ੍ਰਸ਼ਾਸਨ ਨੇ ਵੀ ਇਹੀ ਕਾਨੂੰਨੀ ਦਲੀਲ ਦੇਸ਼ ਭਰ

**ਹਜ਼ਾਰਾਂ ਇਮੀਗ੍ਰੈਂਟ ਲੰਬੀ ਡਿਟੇਨਸ਼ਨ ਦਾ ਕਰ ਰਹੇ ਨੇ ਸਾਹਮਣਾ**



ਵਿਚ ਲਾਗੂ ਕਰ ਦਿੱਤੀ।

ਟਾਕੋਮਾ ਦੇ ਸਾਬਕਾ ਇਮੀਗ੍ਰੇਸ਼ਨ ਜੱਜ ਨੀਲ ਫਲਾਇਡ ਨੇ ਦੱਸਿਆ ਕਿ ਜੱਜਾਂ ਨੇ ਲਗਭਗ 6 ਮਹੀਨੇ ਤੱਕ ਕਾਨੂੰਨੀ ਖੋਜ ਕਰਨ ਤੋਂ ਬਾਅਦ ਇਹ ਨਤੀਜਾ ਕੱਢਿਆ ਸੀ ਕਿ ਜਿਹੜੇ ਲੋਕ ਬਿਨਾਂ ਕਾਨੂੰਨੀ ਐਂਟਰੀ ਦੇ ਅਮਰੀਕਾ ਵਿਚ ਰਹਿ ਰਹੇ ਹਨ, ਉਹ "ਦਾਖਲੇ ਲਈ ਬਿਨੈਕਾਰ" ਹਨ ਅਤੇ ਉਨ੍ਹਾਂ ਨੂੰ ਲਾਜ਼ਮੀ ਡਿਟੇਨਸ਼ਨ ਵਿਚ ਰੱਖਿਆ ਜਾ ਸਕਦਾ ਹੈ।

1996 ਦੇ ਇੱਕ ਫੈਡਰਲ ਕਾਨੂੰਨ ਦੀ ਇਹ ਵਿਆਖਿਆ ਪਹਿਲਾਂ ਮੁੱਖ ਤੌਰ 'ਤੇ ਨਵੇਂ ਬਾਰਡਰ ਕਰਾਸ ਕਰਨ ਵਾਲਿਆਂ ਲਈ ਕੀਤੀ ਜਾਂਦੀ ਸੀ। ਪਰ ਹੁਣ ਟਰੰਪ ਪ੍ਰਸ਼ਾਸਨ ਨੇ ਇਹ ਦਲੀਲ ਉਨ੍ਹਾਂ ਇਮੀਗ੍ਰੈਂਟਾਂ 'ਤੇ ਵੀ ਲਾਗੂ ਕਰਨੀ ਸ਼ੁਰੂ ਕਰ ਦਿੱਤੀ ਹੈ, ਜੋ ਕਈ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ।

ਇਮੀਗ੍ਰੇਸ਼ਨ ਵਕੀਲਾਂ ਅਤੇ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਨੀਤੀ ਨੂੰ ਬਹੁਤ ਖਤਰਨਾਕ ਕਰਾਰ ਦਿੱਤਾ ਹੈ। ਨੌਰਥਵੈਸਟ ਇੰਮੀਗ੍ਰਾਂਟ ਰਾਈਟਸ ਪ੍ਰਾਜੈਕਟ ਦੇ ਵਕੀਲ ਮੈਟ ਐਡਮਜ਼ ਨੇ ਕਿਹਾ ਕਿ ਇਹ ਲੋਕਾਂ ਨੂੰ ਜੇਲ੍ਹਾਂ ਵਿਚ ਰੱਖਣ ਲਈ "ਪ੍ਰੋਸਿਕਿਊਟਰੀਅਲ ਪੁਸ਼" ਸੀ। ਸੰਸਥਾ ਨੇ 2025 ਵਿਚ ਇਸ ਨੀਤੀ ਖ਼ਿਲਾਫ਼ ਮੁਕੱਦਮਾ ਵੀ ਕੀਤਾ ਸੀ ਅਤੇ ਦਲੀਲ ਦਿੱਤੀ ਕਿ ਟਾਕੋਮਾ ਦੇ ਜੱਜਾਂ ਨੇ ਕਈ ਦਹਾਕਿਆਂ ਤੋਂ ਚੱਲ ਰਹੇ ਕਾਨੂੰਨੀ ਮਿਸਾਲ ਨੂੰ ਨਜ਼ਰਅੰਦਾਜ਼ ਕੀਤਾ।

■ ਬਾਕੀ ਖਬਰ ਸਫਾ 24 'ਤੇ

## ਕੈਨੇਡਾ 'ਚ ਟਰੱਕਿੰਗ ਕੰਪਨੀਆਂ ਨੂੰ ਨਿਸ਼ਾਨਾ ਬਣਾਕੇ ਵਸੂਲੀ ਕਰਨ ਵਾਲੇ 17 ਪੰਜਾਬੀ ਗ੍ਰਿਫ਼ਤਾਰ !



**ਓਨਟਾਰੀਓ, (ਪੰਜਾਬ ਮੇਲ)**- ਕੈਨੇਡਾ ਦੇ ਓਨਟਾਰੀਓ ਸੂਬੇ 'ਚ ਪੁਲਿਸ ਨੇ ਇੱਕ ਵੱਡੇ ਅੰਤਰਰਾਸ਼ਟਰੀ ਅਪਰਾਧਿਕ ਗਿਰੋਹ ਖ਼ਿਲਾਫ਼ ਕਾਰਵਾਈ ਕਰਦਿਆਂ 17 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਪੰਜਾਬੀ ਮੂਲ ਦੇ ਹਨ। ਇਨ੍ਹਾਂ 'ਤੇ ਟਰੱਕਿੰਗ ਕੰਪਨੀਆਂ, ਰੈਸਟੋਰੈਂਟਾਂ ਅਤੇ ਹੋਰ ਕਾਰੋਬਾਰਾਂ ਦੇ ਮਾਲਕਾਂ ਤੋਂ ਧਮਕੀਆਂ ਅਤੇ ਹਿੰਸਕ ਹਮਲਿਆਂ ਰਾਹੀਂ ਪੈਸੇ ਵਸੂਲਣ ਦੇ ਗੰਭੀਰ ਦੋਸ਼ ਹਨ।

ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ 25 ਮਈ 2026 ਨੂੰ ਕੀਤੀ ਗਈ ਇਸ ਕਾਰਵਾਈ ਦੌਰਾਨ ਕੁੱਲ 106 ਅਪਰਾਧਿਕ ਦੋਸ਼ ਲਗਾਏ ਗਏ ਹਨ। ਗ੍ਰਿਫ਼ਤਾਰ ਕੀਤੇ ਗਏ ਜ਼ਿਆਦਾਤਰ ਵਿਅਕਤੀਆਂ ਦੇ ਸਬੰਧ "For Brothers" ਨਾਂ ਦੇ ਇੱਕ ਅੰਤਰਰਾਸ਼ਟਰੀ ਗਿਰੋਹ ਨਾਲ ਦੱਸੇ ਜਾ ਰਹੇ ਹਨ, ਜੋ ਕੈਨੇਡਾ ਅਤੇ ਅਮਰੀਕਾ 'ਚ ਦੱਖਣੀ ਏਸ਼ੀਆਈ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਂਦਾ ਸੀ।

ਪੁਲਿਸ ਅਨੁਸਾਰ ਇਹ ਗਿਰੋਹ ਖ਼ਾਸ ਕਰਕੇ ਬਰੈਂਪਟਨ, ਮਿਸੀਸਾਗਾ, ਕੈਲੀਡਨ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਸਰਗਰਮ ਸੀ ਅਤੇ ਇਸਦੇ ਕੁਝ ਸੰਬੰਧ ਕੈਲੀਫੋਰਨੀਆ ਤੱਕ ਵੀ ਮਿਲੇ ਹਨ। ਗਿਰੋਹ 'ਤੇ ਦੋਸ਼ ਹੈ ਕਿ ਉਹ ਕਾਰੋਬਾਰੀਆਂ ਨੂੰ ਫ਼ੋਨ ਕਾਲਾਂ, ਧਮਕੀਆਂ, ਗੋਲੀਬਾਰੀਆਂ ਅਤੇ ਅੱਗ ਲਗਾਉਣ ਵਰਗੀਆਂ ਘਟਨਾਵਾਂ ਰਾਹੀਂ ਡਰਾਉਂਦਾ ਸੀ।

■ ਬਾਕੀ ਖਬਰ ਸਫਾ 24 'ਤੇ

## ਅਮਰੀਕਾ ਭਰ 'ਚ ਮਨਾਇਆ ਗਿਆ ਮੈਮੋਰੀਅਲ ਡੇਅ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਮੈਮੋਰੀਅਲ ਡੇਅ ਮੌਕੇ ਪੂਰੇ ਅਮਰੀਕਾ 'ਚ ਸ਼ਹੀਦ ਫੌਜੀਆਂ ਨੂੰ ਯਾਦ ਕੀਤਾ ਗਿਆ। ਦੇਸ਼ ਭਰ ਵਿਚ ਪਰੇਡਾਂ, ਸਮਾਗਮ, ਸ਼ਰਧਾਂਜਲੀ ਸਮਾਗਮ ਅਤੇ ਯਾਦਗਾਰੀ ਸਮਾਗਮ ਕਰਵਾਏ ਗਏ।

**ਸ਼ਹੀਦ ਫੌਜੀਆਂ ਨੂੰ ਦਿੱਤੀ ਗਈ ਸ਼ਰਧਾਂਜਲੀ**

ਵਾਸ਼ਿੰਗਟਨ ਡੀ.ਸੀ. ਵਿਚ ਡੋਨਾਲਡ ਟਰੰਪ ਨੇ ਆਰਲਿੰਗਟਨ ਨੈਸ਼ਨਲ ਕਬਰਸਤਾਨ 'ਚ ਇੱਕ ਸਿਪਾਹੀ ਦੀ ਕਬਰ 'ਤੇ ਫੁੱਲ ਚੜ੍ਹਾ ਕੇ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ ਦਿੱਤੀ। ਉੱਥੇ ਨੈਸ਼ਨਲ ਮੈਮੋਰੀਅਲ ਡੇਅ ਵੀ ਮਨਾਇਆ ਗਿਆ। ਪੂਰੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਮੈਮੋਰੀਅਲ ਡੇਅ ਪਰੇਡਾਂ ਅਤੇ ਮਿਲਟਰੀ ਸੈਰਾਮਨੀ ਹੋਈਆਂ, ਜਿੱਥੇ ਵੈਟਰਨਜ਼, ਫੌਜੀ ਪਰਿਵਾਰਾਂ ਅਤੇ ਆਮ ਲੋਕਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਅਮਰੀਕਾ ਵਿਚ ਮੈਮੋਰੀਅਲ ਡੇਅ ਹਰ ਸਾਲ ਮਈ ਮਹੀਨੇ ਦੇ ਆਖ਼ਰੀ ਸੋਮਵਾਰ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਉਨ੍ਹਾਂ ਅਮਰੀਕੀ ਫੌਜੀਆਂ ਦੀ ਯਾਦ ਵਿਚ ਮਨਾਇਆ ਜਾਂਦਾ ਰਿਹਾ ਹੈ, ਜਿਨ੍ਹਾਂ ਨੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕੀਤੀ ਸੀ। ਇਸ ਦੀ ਸ਼ੁਰੂਆਤ ਸਿਵਲ ਵਾਰ ਤੋਂ ਬਾਅਦ "ਡੈਕੋਰੇਸ਼ਨ ਡੇਅ" ਵਜੋਂ ਹੋਈ ਸੀ। ਦੇਸ਼ ਭਰ ਵਿਚ ਅਮਰੀਕੀ ਝੰਡੇ ਅੱਧੇ ਝੁਕਾਏ ਗਏ ਸਨ। ਅਮਰੀਕੀ ਪ੍ਰੰਪਰਾ ਮੁਤਾਬਕ ਸਵੇਰੇ ਝੰਡੇ ਨੂੰ ਅੱਧਾ ਝੁਕਾਇਆ ਗਿਆ ਸੀ ਅਤੇ ਦੁਪਹਿਰ ਤੋਂ ਬਾਅਦ ਮੁੜ ਉੱਪਰ ਕੀਤੇ ਗਏ, ਜੋ ਸ਼ਹੀਦਾਂ ਦੀ ਯਾਦ ਅਤੇ ਦੇਸ਼ ਦੀ ਹਿੰਮਤ ਦਾ ਪ੍ਰਤੀਕ ਮੰਨੇ ਗਏ। ਇਸ ਦਿਨ ਨੂੰ ਅਮਰੀਕਾ ਵਿਚ ਗਰਮੀਆਂ ਦੀ ਅਣਅਧਿਕਾਰਤ ਸ਼ੁਰੂਆਤ ਵੀ ਮੰਨਿਆ ਗਿਆ। ਲੱਖਾਂ ਲੋਕ ਹਾਲੀਡੇਅ ਵੀਕਐਂਡ ਦੌਰਾਨ ਯਾਤਰਾ 'ਤੇ ਨਿਕਲੇ, ਹਾਲਾਂਕਿ ਮੈਮੋਰੀਅਲ ਡੇਅ ਦਾ ਅਸਲ ਮਕਸਦ ਦੇਸ਼ ਲਈ ਕੁਰਬਾਨੀ ਦੇਣ ਵਾਲੇ ਫੌਜੀਆਂ ਨੂੰ ਯਾਦ ਕਰਨਾ ਰਿਹਾ।

## ਟੈਕਸ ਮਾਹਿਰਾਂ ਦੀ ਚਿਤਾਵਨੀ : ਬਿਨਾਂ ਦਸਤਾਵੇਜ਼ ਵਾਲੇ ਇਮੀਗ੍ਰੈਂਟ ਟੈਕਸ ਭਰਨੋਂ ਹਟੇ, ਤਾਂ ਹੋ ਸਕਦੈ 479 ਬਿਲੀਅਨ ਡਾਲਰ ਦਾ ਨੁਕਸਾਨ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਇੰਟਰਨਲ ਰੈਵੇਨਿਊ ਸਰਵਿਸ ਅਤੇ ਇਮੀਗ੍ਰੇਸ਼ਨ ਏਜੰਸੀਆਂ ਵਿਚਾਲੇ ਵਧ ਰਹੇ ਡਾਟਾ ਸਾਂਝੇ ਕਰਨ ਕਾਰਨ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਵਾਲੇ ਪ੍ਰਵਾਸੀਆਂ ਵਿਚ ਡਰ ਦਾ ਮਾਹੌਲ ਬਣ ਰਿਹਾ ਹੈ। ਟੈਕਸ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਡਰ ਕਾਰਨ ਵੱਡੀ ਗਿਣਤੀ ਵਿਚ ਲੋਕ ਟੈਕਸ ਰਿਟਰਨ ਫਾਈਲ ਕਰਨੋਂ ਹਟ ਰਹੇ ਹਨ, ਜਿਸ ਨਾਲ ਅਗਲੇ 10 ਸਾਲਾਂ ਵਿਚ ਅਮਰੀਕਾ ਨੂੰ 147 ਬਿਲੀਅਨ ਤੋਂ 479 ਬਿਲੀਅਨ ਡਾਲਰ ਤੱਕ ਦੇ ਟੈਕਸ ਰੈਵੇਨਿਊ ਦਾ

**ICE ਦੇ ਡਰ ਕਾਰਨ ਕਈ ਪ੍ਰਵਾਸੀਆਂ ਨੇ ਟੈਕਸ ਫਾਈਲ ਕਰਨਾ ਛੱਡਿਆ, IRS ਆਮਦਨ 'ਤੇ ਪੈ ਸਕਦਾ ਵੱਡਾ ਅਸਰ**

ਨੁਕਸਾਨ ਹੋ ਸਕਦਾ ਹੈ।

ਰਿਪੋਰਟ ਮੁਤਾਬਕ, ਕਈ ਪ੍ਰਵਾਸੀ ਹੁਣ ਇਹ ਸੋਚ ਕੇ ਟੈਕਸ ਨਹੀਂ ਭਰ ਰਹੇ ਕਿ ਜੇ ਉਨ੍ਹਾਂ ਦੀ ਜਾਣਕਾਰੀ ਇਮੀਗ੍ਰੇਸ਼ਨ ਅਧਿਕਾਰੀਆਂ ਤੱਕ ਪਹੁੰਚ ਗਈ, ਤਾਂ ਉਹ ਡਿਪੋਰਟੇਸ਼ਨ ਦਾ ਸ਼ਿਕਾਰ ਹੋ ਸਕਦੇ ਹਨ।

ਟੈਕਸ ਸਲਾਹਕਾਰ ਡੇਜ਼ੀ ਸ਼ਮਿਡਟ ਨੇ ਦੱਸਿਆ ਕਿ ਉਸਦੇ ਲਗਭਗ 75 ਫੀਸਦੀ ਗਾਹਕ ਘੱਟ ਗਏ ਹਨ। ਉਨ੍ਹਾਂ ਕਿਹਾ ਕਿ ਲਾਤੀਨੋ ਭਾਈਚਾਰੇ ਵਿਚ ਡਰ ਬਹੁਤ ਵਧ ਗਿਆ ਹੈ ਅਤੇ ਕਈ ਲੋਕ ਕਹਿ ਰਹੇ ਹਨ ਕਿ ਜੇ ਡਿਪੋਰਟ ਹੋਣਾ ਹੀ ਹੈ, ਤਾਂ ਫਿਰ ਟੈਕਸ ਭਰਨ ਦਾ ਕੀ ਫਾਇਦਾ।

ਯੇਲ ਯੂਨੀਵਰਸਿਟੀ ਦੇ "ਦ ਬਜਟ ਲੈਬ" ਵੱਲੋਂ ਕੀਤੀ ਗਈ ਰਿਸਰਚ ਅਨੁਸਾਰ, ਜੇ ਬਿਨਾਂ ਦਸਤਾਵੇਜ਼ ਵਾਲੇ ਲੋਕ ਘੱਟ ਗਿਣਤੀ ਵਿਚ ਟੈਕਸ ਭਰਨਗੇ, ਤਾਂ ਇੰਟਰਨਲ ਰੈਵੇਨਿਊ ਸਰਵਿਸ (IRS) ਨੂੰ ਅਰਬਾਂ ਡਾਲਰ ਦਾ ਨੁਕਸਾਨ ਹੋ ਸਕਦਾ ਹੈ।

■ ਬਾਕੀ ਖਬਰ ਸਫਾ 24 'ਤੇ

# ਸੈਕਰਾਮੈਂਟੋ 'ਚ APCA ਵੱਲੋਂ ਸ਼ਾਨਦਾਰ "ਲੋਬੀ ਡੇ" ਦਾ ਆਯੋਜਨ

## 1 ਸਟੋਰ ਮਾਲਕਾਂ ਨੇ ਸਰਕਾਰ ਅੱਗੇ ਰੱਖੀਆਂ ਆਪਣੀਆਂ ਮੰਗਾਂ


































# ਸੈਕਰਾਮੈਂਟੋ ’ਚ APCA ਵੱਲੋਂ ਸ਼ਾਨਦਾਰ “ਲੋਬੀ ਡੇ” ਦਾ ਆਯੋਜਨ

## 2 ■ ਸਟੋਰ ਮਾਲਕਾਂ ਨੇ ਸਰਕਾਰ ਅੱਗੇ ਰੱਖੀਆਂ ਆਪਣੀਆਂ ਮੰਗਾਂ













**ਸੈਕਰਾਮੈਂਟੋ , (ਪੰਜਾਬ ਮੇਲ)-** ਅਮਰੀਕਨ ਪੈਟਰੋਲੀਅਮ ਐਂਡ ਕਨਵੀਨੀਅੰਸ ਸਟੋਰ ਐਸੋਸੀਏਸ਼ਨ (APCA) ਵੱਲੋਂ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ’ਚ ਇੱਕ ਵਿਸ਼ਾਲ “ਲੋਬੀ ਡੇ” ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਕੈਲੀਫੋਰਨੀਆ ਭਰ ਤੋਂ ਸੌ ਦੇ ਕਰੀਬ ਸਟੋਰ ਮਾਲਕ, ਐਸੋਸੀਏਸ਼ਨ ਦੇ ਅਹੁਦੇਦਾਰ ਅਤੇ ਮੈਂਬਰ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਇਹ ਸਮਾਗਮ ਸਵੇਰੇ ਸ਼ੁਰੂ ਹੋ ਕੇ ਸ਼ਾਮ ਤੱਕ ਚੱਲਿਆ ਅਤੇ ਇਸ ਦੌਰਾਨ ਵੱਖ-ਵੱਖ ਚੁਣੇ ਹੋਏ ਆਗੂਆਂ ਅਤੇ ਕਮਿਊਨਿਟੀ ਲੀਡਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਇਹ ਪ੍ਰੋਗਰਾਮ ਸੈਕਰਾਮੈਂਟੋ ਦੇ **Hyatt Regency Capitol View Room** ਵਿਚ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਰਜਿਸਟ੍ਰੇਸ਼ਨ ਅਤੇ ਬ੍ਰੇਕਫਾਸਟ ਨਾਲ ਹੋਈ, ਜਿਸ ਤੋਂ ਬਾਅਦ **APCA** ਦੇ ਆਗੂਆਂ ਵੱਲੋਂ ਸੰਸਥਾ ਦੇ ਮਕਸਦ ਅਤੇ ਸਟੋਰ ਮਾਲਕਾਂ ਨੂੰ ਆ ਰਹੀਆਂ ਚੁਣੌਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਇਸ ਮੌਕੇ ’ਤੇ ਕਾਂਗਰਸਵੁਮੈਨ ਡੋਰਿਸ ਮਤਸੂਈ, ਸੈਨੇਟ ਮੈਜੋਰਿਟੀ ਲੀਡਰ ਐਂਜਲੀਕ ਐਸ਼ਬੀ, ਅਸੈਂਬਲੀ ਮੈਂਬਰ ਡੇਵਿਡ ਟੈਂਜੀਪਾ, ਅਸੈਂਬਲੀ ਮੈਂਬਰ ਜੈਫ ਗੋਨਜ਼ਾਲੇਜ਼, ਅਸੈਂਬਲੀ ਮੈਂਬਰ ਮੈਗੀ ਕ੍ਰੈਲ, ਸੈਕਰਾਮੈਂਟੋ ਕਾਊਂਟੀ ਡਿਸਟ੍ਰਿਕਟ ਅਟਾਰਨੀ ਥੀਨ ਹੋ, ਸੈਨੇਟਰ ਰੋਜਰ ਨੀਲੋ ਸਮੇਤ ਹੋਰ ਕਈ ਚੁਣੇ ਹੋਏ ਆਗੂਆਂ ਨੇ ਹਾਜ਼ਰੀ ਭਰੀ। ਸਾਰੇ ਆਗੂਆਂ ਨੇ ਸਟੋਰ ਮਾਲਕਾਂ ਦੀ ਭੂਮਿਕਾ ਨੂੰ ਕੈਲੀਫੋਰਨੀਆ ਦੀ ਅਰਥਵਿਵਸਥਾ ਲਈ ਬਹੁਤ ਮਹੱਤਵਪੂਰਨ ਦੱਸਿਆ।

ਅਮਰੀਕਨ ਪੈਟਰੋਲੀਅਮ ਐਂਡ ਕਨਵੀਨੀਅੰਸ ਸਟੋਰ ਐਸੋਸੀਏਸ਼ਨ ਦੇ ਕੁਝ ਆਗੂਆਂ ਨੇ ਵੀ ਇਸ ਮੌਕੇ ’ਤੇ ਆਪਣੇ ਵਿਚਾਰ ਪੇਸ਼ ਕੀਤੇ, ਜਿਨ੍ਹਾਂ ਵਿਚ ਪਾਲ ਹੇਅਰ, ਜੋਅ ਜੌਹਲ, ਸੰਜੀਵ ਪਟੇਲ, ਮਨਰਾਜ ਸਿੰਘ ਨੱਤ, ਮਣੀ ਸਮਰਾ, ਸਿਮਰਜੀਤ ਸਿੰਘ ਰੋਕੀ ਮੱਲੀ, ਕਰਨਜੀਤ ਸਿੰਘ ਔਲਖ ਅਤੇ ਨੇਟ ਹੈਡਰੀ ਵੀ ਸ਼ਾਮਲ ਸਨ। ਇਨ੍ਹਾਂ ਆਗੂਆਂ ਨੇ ਸਟੋਰ ਮਾਲਕਾਂ ਨੂੰ ਦਰਪੇਸ਼ ਮੁਸ਼ਕਿਲਾਂ, ਵੱਧ ਰਹੀਆਂ ਕਾਰੋਬਾਰੀ ਚੁਣੌਤੀਆਂ, ਸੁਰੱਖਿਆ ਸੰਬੰਧੀ ਮਸਲਿਆਂ ਅਤੇ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਨਵੇਂ ਕਾਨੂੰਨਾਂ ਦੇ ਪ੍ਰਭਾਵ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਛੋਟੇ ਕਾਰੋਬਾਰਾਂ ਨੂੰ ਬਚਾਉਣ ਲਈ ਸਰਕਾਰ ਨੂੰ ਸਟੋਰ ਮਾਲਕਾਂ ਦੀ ਆਵਾਜ਼ ਸੁਣਨੀ ਚਾਹੀਦੀ ਹੈ ਅਤੇ ਅਜਿਹੇ ਫੈਸਲੇ ਕਰਨੇ ਚਾਹੀਦੇ ਹਨ, ਜੋ ਕਾਰੋਬਾਰਾਂ ਲਈ ਮਦਦਗਾਰ ਸਾਬਿਤ ਹੋਣ।

ਪੂਰੇ ਪ੍ਰੋਗਰਾਮ ਨੂੰ ਬੌਬੀ ਐਲਨ ਵੱਲੋਂ ਬਹੁਤ ਹੀ ਸੁਚੱਜੇ ਅਤੇ ਪ੍ਰੋਫੈਸ਼ਨਲ ਢੰਗ ਨਾਲ ਹੋਸਟ ਕੀਤਾ ਗਿਆ। APCA ਦੇ ਕੈਲੀਫੋਰਨੀਆ ਭਰ ਦੇ ਵੱਖ-ਵੱਖ ਚੈਪਟਰਾਂ ਦੇ ਆਗੂ ਵੀ ਇਸ ਸਮਾਗਮ ਵਿਚ ਖਾਸ ਤੌਰ ’ਤੇ ਪਹੁੰਚੇ ਹੋਏ ਸਨ, ਜਿਸ ਕਾਰਨ ਇਹ ਏਕਤਾ ਅਤੇ ਤਾਕਤ ਦਾ ਵੱਡਾ ਪ੍ਰਦਰਸ਼ਨ ਬਣਿਆ।

ਸਮਾਗਮ ਦੌਰਾਨ ਵੱਖ-ਵੱਖ ਅਸੈਂਬਲੀ ਮੈਂਬਰਾਂ ਅਤੇ ਸੈਨੇਟਰਾਂ ਨੂੰ ਮੈਮੋਰੈਂਡਮ ਸੌਂਪੇ ਗਏ, ਜਿਨ੍ਹਾਂ ਵਿਚ ਸਟੋਰ ਮਾਲਕਾਂ ਨੂੰ ਆ ਰਹੀਆਂ ਮੁਸ਼ਕਲਾਂ ਅਤੇ ਨਵੇਂ ਆ ਰਹੇ ਬਿੱਲਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। APCA ਦੇ ਆਗੂਆਂ ਨੇ ਸਪੱਸ਼ਟ ਕੀਤਾ ਕਿ ਕਈ ਨਵੇਂ ਕਾਨੂੰਨੀ ਪ੍ਰਸਤਾਵਾਂ ਨੂੰ ਲੈ ਕੇ ਸਟੋਰ ਮਾਲਕਾਂ ਵਿਚ ਚਿੰਤਾ ਪਾਈ ਜਾ ਰਹੀ ਹੈ ਅਤੇ ਉਹ ਇਨ੍ਹਾਂ ਬਿੱਲਾਂ ਦਾ ਵਿਰੋਧ ਕਰਦੇ ਹਨ।

ਐਸੋਸੀਏਸ਼ਨ ਵੱਲੋਂ ਖਾਸ ਤੌਰ ’ਤੇ SB 940, SB 982 ਅਤੇ SB 2108 ਵਰਗੇ ਬਿੱਲਾਂ ਨੂੰ ਅਪੋਜ਼ ਕਰਨ ਦੀ ਗੱਲ ਰੱਖੀ ਗਈ। ਇਸ ਤੋਂ ਇਲਾਵਾ Proposition 36 ਲਈ ਗਵਰਨਰ ਕੋਲ ਫੰਡ ਜਾਰੀ ਕਰਨ ਦੀ ਅਪੀਲ ਵੀ ਕੀਤੀ ਗਈ, ਤਾਂ ਜੋ ਕਾਨੂੰਨ-ਵਿਵਸਥਾ ਅਤੇ ਛੋਟੇ ਕਾਰੋਬਾਰਾਂ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਯੋਗ ਸਹਾਇਤਾ ਅਤੇ ਫੰਡ ਜਾਰੀ ਕੀਤੇ ਜਾਣ, ਤਾਂ ਸਟੋਰ ਮਾਲਕ ਆਪਣਾ ਕਾਰੋਬਾਰ ਹੋਰ ਸੁਚੱਜੇ ਢੰਗ ਨਾਲ ਚਲਾ ਸਕਣਗੇ।

ਲੋਬੀ ਡੇ ਦੌਰਾਨ ਸਾਰੇ ਹਾਜ਼ਰ ਮੈਂਬਰਾਂ ਨੇ ਕੈਲੀਫੋਰਨੀਆ ਵਿਚ ਛੋਟੇ ਕਾਰੋਬਾਰਾਂ ਨੂੰ ਬਚਾਉਣ, ਵਧ ਰਹੀਆਂ ਚੋਰੀਆਂ ਅਤੇ ਸੁਰੱਖਿਆ ਸਮੱਸਿਆਵਾਂ ਨੂੰ ਰੋਕਣ ਅਤੇ ਸਟੋਰ ਮਾਲਕਾਂ ਲਈ ਵਧੀਆ ਕਾਰੋਬਾਰੀ ਮਾਹੌਲ ਬਣਾਉਣ ਦੀ ਮੰਗ ਕੀਤੀ। ਸਮਾਗਮ ਦੇ ਅੰਤ ਵਿਚ ਸਾਰੇ ਮੈਂਬਰਾਂ ਨੇ ਕੈਪੀਟਲ ਦੀਆਂ ਪੌੜੀਆਂ ’ਤੇ ਗਰੁੱਪ ਫੋਟੋ ਵੀ ਖਿੱਚਵਾਈ ਅਤੇ ਬਾਅਦ ਵਿਚ ਵੱਖ-ਵੱਖ ਲੋਬੀ ਮੀਟਿੰਗਾਂ ਕੀਤੀਆਂ ਗਈਆਂ।

APCA ਦੇ ਇਸ ਲੋਬੀ ਡੇ ਨੂੰ ਕੈਲੀਫੋਰਨੀਆ ਦੇ ਸਟੋਰ ਮਾਲਕਾਂ ਦੀ ਆਵਾਜ਼ ਨੂੰ ਸਰਕਾਰ ਤੱਕ ਪਹੁੰਚਾਉਣ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਰਿਹਾ ਹੈ।




# ਸਾਨ ਫਰਾਂਸਿਸਕੋ ਵਿਖੇ ਵਿਸ਼ਾਲ ਨਗਰ ਕੀਰਤਨ 6 ਜੂਨ ਨੂੰ

**ਸਾਨ ਫਰਾਂਸਿਸਕੋ, (ਪੰਜਾਬ ਮੇਲ)**- ਧੰਨ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਜੂਨ 1984 ’ਚ ਅਕਾਲ ਤਖਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਦਿਆਂ ਸ਼ਹਾਦਤਾਂ ਪ੍ਰਾਪਤ ਕਰਨ ਵਾਲੇ ਸਮੂਹ ਗੁਰਸਿੱਖਾਂ ਦੀ ਯਾਦ ਵਿਚ 6 ਜੂਨ 2026, ਦਿਨ ਸ਼ਨਿੱਚਰਵਾਰ ਨੂੰ ਸਾਨ ਫਰਾਂਸਿਸਕੋ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪਰਿਵਾਰਾਂ ਸਮੇਤ ਵੱਧ-ਚੜ੍ਹ ਕੇ ਹਾਜ਼ਰੀਆਂ ਭਰਨ ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ।

ਨਗਰ ਕੀਰਤਨ ਦੀ ਆਰੰਭਤਾ ਸਵੇਰੇ 11 ਵਜੇ ਸੈਕਿੰਡ ਸਟ੍ਰੀਟ ਤੋਂ ਹੋਵੇਗੀ ਅਤੇ ਸਮਾਪਤੀ ਸਿਵਿਕ ਸੈਂਟਰ ਵਿਖੇ ਕੀਤੀ ਜਾਵੇਗੀ, ਜਿੱਥੇ ਵਿਸ਼ੇਸ਼ ਦੀਵਾਨ ਵੀ ਸਜਾਏ ਜਾਣਗੇ। ਇਨ੍ਹਾਂ ਦੀਵਾਨਾਂ ਦੌਰਾਨ ਪ੍ਰਸਿੱਧ ਰਾਗੀ ਜਥੇ, ਢਾਡੀ ਜਥੇ, ਕਵੀਸ਼ਰੀ ਜਥੇ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਗੁਰਇਤਿਹਾਸ ਅਤੇ ਸ਼ਹੀਦਾਂ ਦੀ ਕੁਰਬਾਨੀ ਬਾਰੇ ਸੰਬੋਧਨ ਕਰਨਗੇ।

ਸੰਗਤਾਂ ਦੀ ਸੁਵਿਧਾ ਲਈ ਗੁਰਦੁਆਰਾ ਸਾਹਿਬਾਂ ਵੱਲੋਂ ਵਿਸ਼ੇਸ਼ ਬੱਸਾਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਜਿਹੜੀਆਂ ਸੰਗਤਾਂ ਬਾਰਟ ਰਾਹੀਂ ਆਉਣਾ ਚਾਹੁੰਦੀਆਂ ਹਨ, ਉਹ ਮਾਂਟਗੁਮਰੀ ਬਾਰਟ ਸਟੇਸ਼ਨ ’ਤੇ ਉਤਰ ਕੇ ਸੈਕਿੰਡ ਸਟ੍ਰੀਟ ਪਹੁੰਚ ਸਕਦੀਆਂ ਹਨ, ਜਿੱਥੋਂ ਨਗਰ ਕੀਰਤਨ ਦੀ ਸ਼ੁਰੂਆਤ ਹੋਵੇਗੀ। ਵਾਪਸੀ ਲਈ ਸਿਵਿਕ ਸੈਂਟਰ ਬਾਰਟ ਸਟੇਸ਼ਨ ਤੋਂ ਸਹੂਲਤ ਉਪਲਬਧ ਰਹੇਗੀ, ਜਿੱਥੇ ਨਗਰ ਕੀਰਤਨ ਦੀ ਸਮਾਪਤੀ ਹੋਵੇਗੀ।

ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਹੋਰ ਜਾਣਕਾਰੀ ਲਈ ਆਪਣੇ ਨੇੜਲੇ ਗੁਰਦੁਆਰਾ ਸਾਹਿਬ ਨਾਲ ਸੰਪਰਕ ਕੀਤਾ ਜਾਵੇ।

# ਕੋਹਿਨੂਰ ਕਲੱਬ ਵੱਲੋਂ ਨਵੀਂ ਬਗੀਚੀ ਪ੍ਰੋਜੈਕਟ ਦਾ ਉਦਘਾਟਨ, ਖੇਤੀਬਾੜੀ ਅਤੇ ਹਰਿਆਲੀ ਨਾਲ ਜੋੜਨ ਦਾ ਉਪਰਾਲਾ

1






























# ਕੋਹਿਨੂਰ ਕਲੱਬ ਵੱਲੋਂ ਨਵੀਂ ਬਗੀਚੀ ਪ੍ਰੋਜੈਕਟ ਦਾ ਉਦਘਾਟਨ, ਖੇਤੀਬਾੜੀ ਅਤੇ ਹਰਿਆਲੀ ਨਾਲ ਜੋੜਨ ਦਾ ਉਪਰਾਲਾ

2


















**ਸੈਕਰਾਮੈਂਟੋ, (ਪੰਜਾਬ ਮੇਲ)**- ਕੋਹਿਨੂਰ ਕਲੱਬ ਵੱਲੋਂ ਸਮੇਂ-ਸਮੇਂ 'ਤੇ ਸਮਾਜ ਸੇਵਾ ਅਤੇ ਕਮਿਊਨਿਟੀ ਭਲਾਈ ਲਈ ਵੱਖ-ਵੱਖ ਸਮਾਗਮ ਕਰਵਾਏ ਜਾਂਦੇ ਰਹਿੰਦੇ ਹਨ। ਪਿਛਲੇ ਲੰਬੇ ਸਮੇਂ ਤੋਂ ਇਹ ਕਲੱਬ ਸਮਾਜ ਸੇਵਾ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਹੁਣ ਕਲੱਬ ਵੱਲੋਂ ਇੱਕ ਨਵਾਂ ਅਤੇ ਵਿਲੱਖਣ ਉਪਰਾਲਾ ਕਰਦਿਆਂ ਰਿਆੜ ਫਾਰਮ, ਵਾਟ ਐਵਨਿਊ, ਰੋਜ਼ਵਿਲ ਵਿਖੇ ਇੱਕ ਆਧੁਨਿਕ ਬਗੀਚੀ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਪੰਦਰਾਂ ਪਲਾਟ ਤਿਆਰ ਕਰਕੇ ਖੇਤੀਬਾੜੀ ਅਤੇ ਬਾਗਬਾਨੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ।

ਇਸ ਪ੍ਰੋਜੈਕਟ ਦਾ ਮੁੱਖ ਮਕਸਦ ਲੋਕਾਂ ਨੂੰ ਖੇਤੀਬਾੜੀ, ਬਾਗਬਾਨੀ ਅਤੇ ਘਰ ਦੀਆਂ ਬਗੀਚੀਆਂ ਨਾਲ ਜੋੜਨਾ ਹੈ, ਤਾਂ ਜੋ ਲੋਕ ਆਪਣੇ ਘਰਾਂ ਵਿਚ ਵੀ ਸਬਜ਼ੀਆਂ ਅਤੇ ਹੋਰ ਪੌਦੇ ਲਗਾ ਕੇ ਹਰਿਆਲੀ ਨੂੰ ਵਧਾ ਸਕਣ। ਇਹ ਪ੍ਰੋਜੈਕਟ ਡਾਕਟਰ ਪਰਮਜੀਤ ਰੰਧਾਵਾ ਵੱਲੋਂ ਸ਼ੁਰੂ ਕੀਤਾ ਗਿਆ ਅਤੇ ਥੋੜ੍ਹੇ ਹੀ ਸਮੇਂ ਵਿਚ ਇਹ ਕਾਫੀ ਕਾਮਯਾਬ ਸਾਬਤ ਹੋਇਆ। ਪ੍ਰੋਜੈਕਟ ਦੇ ਪੂਰਾ ਹੋਣ 'ਤੇ ਇੱਕ ਵਿਸ਼ੇਸ਼ ਉਦਘਾਟਨੀ ਸਮਾਗਮ ਅਤੇ ਫੀਤਾ ਕਟਾਈ ਸਮਾਰੋਹ ਰੱਖਿਆ ਗਿਆ।

ਇਸ ਮੌਕੇ ਭਾਰੀ ਗਿਣਤੀ ਵਿਚ ਕੋਹਿਨੂਰ ਕਲੱਬ ਦੇ ਮੈਂਬਰ ਅਤੇ ਕਮਿਊਨਿਟੀ ਦੇ ਪ੍ਰਮੁੱਖ ਵਿਅਕਤੀ ਹਾਜ਼ਰ ਸਨ। ਸਾਰੇ ਮੈਂਬਰਾਂ ਨੇ ਨਵੀਂ ਬਗੀਚੀ ਦਾ ਧਿਆਨ ਨਾਲ ਦੌਰਾ ਕੀਤਾ ਅਤੇ ਇਸ ਪ੍ਰੋਜੈਕਟ ਦੀ ਖੁੱਲ੍ਹ ਕੇ ਸਰਾਹਨਾ ਕੀਤੀ। ਡਾਕਟਰ ਪਰਮਜੀਤ ਰੰਧਾਵਾ ਨੇ ਬਗੀਚੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਾਰਾ ਪ੍ਰੋਜੈਕਟ ਮਾਡਰਨ ਸਟਾਈਲ ਨਾਲ ਚਲਾਇਆ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿਚ ਲੋਕਾਂ ਲਈ ਇੱਕ ਪ੍ਰੇਰਣਾ ਬਣੇਗਾ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੇ ਘਰਾਂ ਵਿਚ ਵੀ ਇਸ ਤਰ੍ਹਾਂ ਦੀਆਂ ਬਗੀਚੀਆਂ ਤਿਆਰ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਘਰ ਦੀਆਂ ਤਾਜ਼ਾ ਸਬਜ਼ੀਆਂ ਅਤੇ ਹਰਿਆਲੀ ਨੂੰ ਉਤਸ਼ਾਹ ਮਿਲ ਸਕੇ।

ਸਿਮਰਨ ਸਿੰਘ ਰੰਧਾਵਾ ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਕੋਹਿਨੂਰ ਕਲੱਬ ਨੂੰ ਮਾਇਆ ਭੇਟ ਕਰਦਿਆਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਕਲੱਬ ਦੇ ਪ੍ਰਧਾਨ ਨਵਤੇਜ ਸਿੰਘ ਰਿਆੜ ਨੇ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਨੀਤੀ ਰਿਆੜ ਨੇ ਬੱਚਿਆਂ ਨਾਲ ਮਿਲ ਕੇ ਸਮਾਗਮ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਨੂੰ ਬਹੁਤ ਸੁਚੱਜੇ ਢੰਗ ਨਾਲ ਸੰਭਾਲਿਆ।

ਉਪਰੰਤ ਮੰਚ 'ਤੇ ਗੁਰਜਤਿੰਦਰ ਸਿੰਘ ਰੰਧਾਵਾ ਨੇ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਸਭ ਤੋਂ ਪਹਿਲਾਂ ਕੋਹਿਨੂਰ ਕਲੱਬ ਦੇ ਇਤਿਹਾਸ ਅਤੇ ਪਿਛੋਕੜ ਬਾਰੇ ਜਾਣਕਾਰੀ ਦਿੱਤੀ ਅਤੇ ਫਿਰ ਵੱਖ-ਵੱਖ ਬੁਲਾਰਿਆਂ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ।

ਇਸ ਮੌਕੇ ਉੱਘੇ ਸਾਇੰਟਿਸਟ ਡਾ. ਗੁਰਦੇਵ ਸਿੰਘ ਖੁਸ਼ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਉਨ੍ਹਾਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਅਮਰੀਕਾ ਵਿਚ ਵੱਸਦੇ ਹੋਏ ਵੀ ਪੰਜਾਬੀ ਭਾਈਚਾਰਾ ਆਪਣੇ ਵਿਰਸੇ, ਖੇਤੀਬਾੜੀ ਅਤੇ ਸੱਭਿਆਚਾਰ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਇਸ ਉਪਰਾਲੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾਦਾਇਕ ਦੱਸਿਆ।


ਸਮਾਗਮ ਦੌਰਾਨ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਗੁਰਜਤਿੰਦਰ ਸਿੰਘ ਰੰਧਾਵਾ ਵੱਲੋਂ ਕੋਹਿਨੂਰ ਕਲੱਬ ਬਾਰੇ ਲਿਖੀ ਕਵਿਤਾ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਸੁਣਾਈ ਗਈ। ਭਜਨ ਸਿੰਘ ਰੰਧਾਵਾ ਜੀ ਨੇ ਪ੍ਰੋਫੈਸਰ ਮੋਹਨ ਸਿੰਘ ਦੀ ਲੰਬੀ ਕਵਿਤਾ ਬਿਨਾਂ ਦੇਖੇ ਮੂੰਹ ਜ਼ੁਬਾਨੀ ਸੁਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਭਾਵੇਂ ਉਨ੍ਹਾਂ ਦੀ ਉਮਰ ਛਿਆਨਵੇਂ ਸਾਲ ਹੈ, ਪਰ ਉਨ੍ਹਾਂ ਦੀ ਯਾਦਸ਼ਕਤੀ ਅਤੇ ਉਚਾਰਨ ਨੂੰ ਸਭ ਨੇ ਖੂਬ ਸਰਾਹਿਆ।

ਇਸ ਤੋਂ ਇਲਾਵਾ ਹਰਨੇਕ ਨਿੱਜਰ, ਡਾਕਟਰ ਜੇ.ਪੀ. ਰਾਏ ਅਤੇ ਬਿੱਕਰ ਸਿੰਘ ਮਾਨ ਵੱਲੋਂ ਵੀ ਗੀਤ ਸੰਗੀਤ ਪੇਸ਼ ਕੀਤਾ ਗਿਆ। ਡਾ. ਸ਼ਮਸ਼ੇਰ ਸਿੰਘ ਕੰਗ, ਡਾ. ਸੁਖਦੀਪ ਸਿੰਘ ਹੁੰਦਲ ਅਤੇ ਜਸਵਿੰਦਰ ਨਾਗਰਾ ਨੇ ਆਪਣੇ ਵਿਚਾਰ ਸਾਂਝੇ ਕੀਤੇ, ਜਦਕਿ ਪਵਿੱਤਰ ਨਾਹਲ ਵੱਲੋਂ ਕਵਿਤਾ ਸੁਣਾਈ ਗਈ।

ਕੁੱਲ ਮਿਲਾ ਕੇ ਇਹ ਸਮਾਗਮ ਬਹੁਤ ਹੀ ਕਾਮਯਾਬ ਅਤੇ ਯਾਦਗਾਰ ਰਿਹਾ। ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੋਹਿਨੂਰ ਕਲੱਬ ਵੱਲੋਂ ਕੀਤਾ ਗਿਆ ਸੀ, ਜਿਸ ਦੀ ਸਾਰੇ ਹਾਜ਼ਰ ਮਹਿਮਾਨਾਂ ਵੱਲੋਂ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਗਈ।

# ਟਰੰਪ ਦੀ ਸਿਹਤ ਨੂੰ ਲੈ ਕੇ ਮੁੜ ਚਰਚਾ ਤੇਜ਼ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਵਾਰ ਫਿਰ ਆਪਣੀ ਸਿਹਤ ਨੂੰ ਲੈ ਕੇ ਚਰਚਾ ਵਿਚ ਹਨ। ਉਹ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ 'ਚ ਮੈਡੀਕਲ ਅਤੇ ਡੈਂਟਲ ਚੈੱਕਅੱਪ ਲਈ ਜਾਣ ਵਾਲੇ ਹਨ। ਪਿਛਲੇ 13 ਮਹੀਨਿਆਂ 'ਚ ਇਹ ਉਨ੍ਹਾਂ ਦਾ ਤੀਜਾ ਤੈਅ ਮੈਡੀਕਲ ਦੌਰਾ ਹੋਵੇਗਾ।



79 ਸਾਲ ਦੇ ਟਰੰਪ ਨੂੰ ਲੈ ਕੇ ਕਈ ਡਾਕਟਰਾਂ ਨੇ ਸਵਾਲ ਉਠਾਏ ਹਨ। ਰਿਪੋਰਟ ਮੁਤਾਬਕ ਉਨ੍ਹਾਂ ਦੇ ਹੱਥਾਂ 'ਤੇ ਦਿਖਣ ਵਾਲੇ ਨਿਸ਼ਾਨ, ਲੱਤਾਂ ਵਿਚ ਸੋਜ ਅਤੇ ਕਈ ਵਾਰ ਥੱਕੇ ਹੋਏ ਦਿਖਾਈ ਦੇਣ ਕਾਰਨ ਮੈਡੀਕਲ ਮਾਹਿਰ ਹੋਰ ਜਾਣਕਾਰੀ ਦੀ ਮੰਗ ਕਰ ਰਹੇ ਹਨ। ਹਾਲਾਂਕਿ ਵ੍ਹਾਈਟ ਹਾਊਸ ਦਾ ਦਾਅਵਾ ਹੈ ਕਿ ਰਾਸ਼ਟਰਪਤੀ ਟਰੰਪ "ਸ਼ਾਨਦਾਰ ਸਿਹਤ" ਵਿਚ ਹਨ।

ਪਿਛਲੇ ਸਾਲ ਵੀ ਟਰੰਪ ਨੇ ਵਾਲਟਰ ਰੀਡ ਦਾ ਦੌਰਾ ਕੀਤਾ ਸੀ, ਜਿਸ ਤੋਂ ਬਾਅਦ ਕਾਫੀ ਚਰਚਾ ਹੋਈ ਸੀ। ਵ੍ਹਾਈਟ ਹਾਊਸ ਨੇ ਬਾਅਦ ਵਿਚ ਦੱਸਿਆ ਸੀ ਕਿ ਉਨ੍ਹਾਂ ਦਾ

### ■ ਵਾਲਟਰ ਰੀਡ ਹਸਪਤਾਲ ਜਾਣਗੇ ਰਾਸ਼ਟਰਪਤੀ

ਸੀਟੀ ਸਕੈਨ ਕੀਤਾ ਗਿਆ ਸੀ, ਤਾਂ ਜੋ ਦਿਲ ਅਤੇ ਖ਼ੂਨ ਦੀਆਂ ਨਸਾਂ ਨਾਲ ਜੁੜੀਆਂ ਸਮੱਸਿਆਵਾਂ ਨੂੰ ਰੱਦ ਕੀਤਾ ਜਾ ਸਕੇ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਅਮਰੀਕਾ ਵਿਚ ਲੋਕਾਂ ਦੇ ਮਨ ਵਿਚ ਵੀ ਟਰੰਪ ਦੀ ਮਾਨਸਿਕ ਤੰਦਰੁਸਤੀ ਅਤੇ ਸਰੀਰਕ ਸਿਹਤ ਨੂੰ ਲੈ ਕੇ ਸ਼ੱਕ ਵਧ ਰਹੇ ਹਨ। ਇੱਕ ਪੋਲ ਮੁਤਾਬਕ ਪਹਿਲਾਂ ਨਾਲੋਂ ਘੱਟ ਲੋਕ ਮੰਨਦੇ ਹਨ ਕਿ ਉਹ ਪੂਰੀ ਤਰ੍ਹਾਂ ਫਿਟ ਹਨ।

ਕੁਝ ਮਾਹਿਰਾਂ ਨੇ ਟਰੰਪ ਦੀਆਂ ਸੁੱਜੀਆਂ ਲੱਤਾਂ ਨੂੰ ਲੈ ਕੇ ਵੀ ਚਿੰਤਾ ਜਤਾਈ ਹੈ। ਵ੍ਹਾਈਟ ਹਾਊਸ ਪਹਿਲਾਂ ਇਸਨੂੰ "ਕਰੌਨਿਕ ਵੇਨਸ ਇਨਸਫੀਸ਼ੀਐਂਸੀ" ਕਹਿ ਚੁੱਕੀ ਹੈ, ਜੋ ਵੱਡੀ ਉਮਰ ਨਾਲ ਸੰਬੰਧਿਤ ਇੱਕ ਹਲਕੀ ਬਿਮਾਰੀ ਮੰਨੀ ਜਾਂਦੀ ਹੈ। ਪਰ ਡਾਕਟਰਾਂ ਦਾ ਕਹਿਣਾ ਹੈ ਕਿ ਜੇ ਇਹ ਹਾਲਤ ਵਧਦੀ ਹੈ, ਤਾਂ ਹੋਰ ਡੂੰਘੇ ਟੈਸਟਾਂ ਦੀ ਲੋੜ ਪੈ ਸਕਦੀ ਹੈ।

ਟਰੰਪ ਖੁਦ ਹਮੇਸ਼ਾਂ ਆਪਣੀ ਸਿਹਤ ਨੂੰ ਆਪਣੀ ਤਾਕਤ ਵਜੋਂ ਪੇਸ਼ ਕਰਦੇ ਰਹੇ ਹਨ। ਉਹ ਅਕਸਰ ਆਪਣੇ ਬੋਧਾਤਮਕ ਟੈਸਟ ਦੇ ਨਤੀਜਿਆਂ ਦਾ ਜ਼ਿਕਰ ਕਰਦੇ ਹਨ ਅਤੇ ਕਹਿੰਦੇ ਹਨ ਕਿ ਉਹ ਮਾਨਸਿਕ ਤੌਰ 'ਤੇ ਬਿਲਕੁਲ ਤੇਜ਼ ਹਨ। ਵ੍ਹਾਈਟ ਹਾਊਸ ਵੀ ਲਗਾਤਾਰ ਇਹੀ ਕਹਿ ਰਹੀ ਹੈ ਕਿ ਰਾਸ਼ਟਰਪਤੀ ਦੀ ਸਿਹਤ ਬਾਰੇ ਫੈਲ ਰਹੀਆਂ ਕਈ ਗੱਲਾਂ ਸਿਰਫ਼ ਅਫਵਾਹਾਂ ਹਨ।

# ਨਿਊਜਰਸੀ ਦੇ ICE ਡਿਟੇਨਸ਼ਨ ਸੈਂਟਰ ਬਾਹਰ ਤਣਾਅ ਵਧਿਆ

**ਨਿਊਜਰਸੀ, (ਪੰਜਾਬ ਮੇਲ)-** ਅਮਰੀਕਾ ਦੇ ਨਿਊਜਰਸੀ ਵਿਚ ਸਥਿਤ ਇੱਕ ICE ਡਿਟੇਨਸ਼ਨ ਸੈਂਟਰ ਨੂੰ ਲੈ ਕੇ ਹਾਲਾਤ ਕਾਫੀ ਤਣਾਅਪੂਰਨ ਬਣ ਗਏ ਹਨ। ਡਿਟੇਨਸ਼ਨ ਸੈਂਟਰ ਦੇ ਬਾਹਰ ਪ੍ਰਦਰਸ਼ਨਕਾਰੀਆਂ ਅਤੇ ICE ਏਜੰਟਾਂ ਵਿਚਾਲੇ ਝੜਪਾਂ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ, ਜਦਕਿ ਅੰਦਰ ਬੰਦ ਸੈਂਕੜੇ ਇਮੀਗਰੈਂਟਾਂ ਨੇ ਭੁੱਖ ਹੜਤਾਲ ਅਤੇ ਵਰਕ ਸਟਰਾਈਕ ਸ਼ੁਰੂ ਕਰ ਦਿੱਤੀ ਹੈ। ਡਿਟੇਨੀ ਦਾ ਦੋਸ਼ ਹੈ ਕਿ ਉਨ੍ਹਾਂ ਨਾਲ ਅਨਮਨੁੱਖੀ ਵਿਹਾਰ ਕੀਤਾ ਜਾ ਰਿਹਾ ਹੈ ਅਤੇ ਡਿਟੇਨਸ਼ਨ ਫੈਸਿਲਿਟੀ ਵਿਚ ਹਾਲਾਤ ਬਹੁਤ ਮਾੜੇ ਹਨ।

ਇਸ ਮਾਮਲੇ ਨੇ ਹੁਣ ਸਿਆਸੀ ਰੂਪ ਵੀ ਧਾਰ ਲਿਆ ਹੈ। ਨਿਊਜਰਸੀ ਦੇ ਗਵਰਨਰ ਅਤੇ ਕਈ ਡੈਮੋਕ੍ਰੈਟਿਕ ਸੈਨੇਟਰਾਂ ਨੇ ਫੈਡਰਲ ਸਰਕਾਰ ਤੋਂ ਇਸ ਡਿਟੇਨਸ਼ਨ ਫੈਸਿਲਿਟੀ ਨੂੰ ਬੰਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਮੀਗਰੈਂਟਾਂ ਨਾਲ ਹੋ ਰਹੇ ਸਲੂਕ ਨੂੰ ਲੈ ਕੇ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਹਨ ਅਤੇ ਮਨੁੱਖੀ ਅਧਿਕਾਰਾਂ ਦੇ ਮਾਪਦੰਡਾਂ ਦੀ ਉਲੰਘਣਾ ਹੋ ਰਹੀ ਹੈ। ਦੂਜੇ ਪਾਸੇ ਯੂ.ਐੱਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਅਤੇ ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ ਨੇ ਇਹ ਸਾਰੇ ਦੋਸ਼ ਰੱਦ ਕਰ ਦਿੱਤੇ ਹਨ। DHS ਅਤੇ ICE ਅਧਿਕਾਰੀਆਂ ਦਾ ਕਹਿਣਾ ਹੈ ਕਿ ਡਿਟੇਨਸ਼ਨ ਸੈਂਟਰਾਂ ਵਿਚ ਸੁਰੱਖਿਆ, ਖਾਣ-ਪੀਣ ਅਤੇ ਮੈਡੀਕਲ ਸਹੂਲਤਾਂ ਦੇ ਪੂਰੇ ਇੰਤਜ਼ਾਮ ਹਨ ਅਤੇ ਪ੍ਰਦਰਸ਼ਨਕਾਰੀਆਂ ਵੱਲੋਂ ਮਾਮਲੇ ਨੂੰ ਰਾਜਨੀਤਿਕ ਰੰਗ ਦਿੱਤਾ ਜਾ ਰਿਹਾ ਹੈ।

### ■ ਭੁੱਖ ਹੜਤਾਲ 'ਤੇ ਬੈਠੇ ਸੈਂਕੜੇ ਇਮੀਗਰਾਂਟਸ

ਰਿਪੋਰਟਾਂ ਮੁਤਾਬਕ ਡਿਟੇਨਸ਼ਨ ਸੈਂਟਰ ਦੇ ਬਾਹਰ ਕਈ ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਵੱਡਾ ਪ੍ਰਦਰਸ਼ਨ ਕੀਤਾ। ਕੁਝ ਥਾਵਾਂ 'ਤੇ ਪ੍ਰਦਰਸ਼ਨਕਾਰੀਆਂ ਅਤੇ ਫੈਡਰਲ ਏਜੰਟਾਂ ਵਿਚਾਲੇ ਧੱਕਾ-ਮੁੱਕੀ ਅਤੇ ਤਣਾਅ ਵਾਲੇ ਦ੍ਰਿਸ਼ ਵੀ ਵੇਖਣ ਨੂੰ ਮਿਲੇ। ਪੁਲਿਸ ਅਤੇ ਸੁਰੱਖਿਆ ਬਲਾਂ ਨੂੰ ਹਾਲਾਤ ਕਾਬੂ ਕਰਨ ਲਈ ਵਾਧੂ ਤਾਇਨਾਤੀ ਕਰਨੀ ਪਈ।

ਅੰਦਰ ਬੰਦ ਡਿਟੇਨੀਜ਼ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਸਮੇਂ 'ਤੇ ਮੈਡੀਕਲ ਸਹਾਇਤਾ ਨਹੀਂ ਮਿਲ ਰਹੀ, ਖਾਣੇ ਦੀ ਗੁਣਵੱਤਾ ਮਾੜੀ ਹੈ ਅਤੇ ਕਈ ਲੋਕ ਲੰਬੇ ਸਮੇਂ ਤੋਂ ਅਨਿਸ਼ਚਿਤਤਾ 'ਚ ਬੰਦ ਹਨ। ਇਸ ਦੇ ਵਿਰੋਧ ਵਿਚ ਕਈ ਇਮੀਗਰੈਂਟਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ ਅਤੇ ਡਿਟੇਨਸ਼ਨ ਸੈਂਟਰ ਦੇ ਅੰਦਰ ਕੰਮ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਹੈ। ਇਹ ਮਾਮਲਾ ਉਸ ਵੇਲੇ ਹੋਰ ਗੰਭੀਰ ਬਣ ਗਿਆ, ਜਦੋਂ ਕੁਝ ਸਿਵਲ ਰਾਈਟਸ ਗਰੁੱਪਾਂ ਨੇ ਫੈਡਰਲ ਸਰਕਾਰ ਤੋਂ ਤੁਰੰਤ ਜਾਂਚ ਦੀ ਮੰਗ ਕੀਤੀ। ਇਮੀਗ੍ਰੇਸ਼ਨ ਐਕਟਿਵਿਸਟਾਂ ਦਾ ਕਹਿਣਾ ਹੈ ਕਿ ਡਿਟੇਨਸ਼ਨ ਸੈਂਟਰਾਂ ਵਿਚ ਬੰਦ ਲੋਕਾਂ ਨਾਲ ਇਨਸਾਨੀ ਤਰੀਕੇ ਨਾਲ ਪੇਸ਼ ਆਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਜੇਕਰ ਹਾਲਾਤ ਨਾ ਸੁਧਰੇ, ਤਾਂ ਦੇਸ਼ ਭਰ ਵਿਚ ਹੋਰ ਵੱਡੇ ਪ੍ਰਦਰਸ਼ਨ ਹੋ ਸਕਦੇ ਹਨ।

# ICE ਵੱਲੋਂ ਇਕ ਹੋਰ ਭਾਰਤੀ ਨਾਗਰਿਕ ਗ੍ਰਿਫਤਾਰ; ਡਿਪੋਰਟ ਕਰਨ ਦੀ ਪ੍ਰਕਿਰਿਆ ਸ਼ੁਰੂ

**ਲਾਸ ਏਂਜਲਸ, (ਪੰਜਾਬ ਮੇਲ)-** ਅਮਰੀਕਾ ਦੇ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਵਿਭਾਗ ਨੇ ਕੈਲੀਫੋਰਨੀਆ ਦੇ ਲਾਸ ਏਂਜਲਸ ਤੋਂ 26 ਸਾਲਾ ਇੱਕ ਭਾਰਤੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਨੌਜਵਾਨ ਦੀ ਪਛਾਣ ਪਰਮਿੰਦਰਪਾਲ ਸਿੰਘ (26) ਵਜੋਂ ਹੋਈ ਹੈ। ICE ਮੁਤਾਬਕ ਉਕਤ ਨੌਜਵਾਨ ਦਾ ਅਮਰੀਕਾ ਵਿਚ ਪੁਰਾਣਾ ਅਪਰਾਧਿਕ ਰਿਕਾਰਡ ਹੈ ਅਤੇ ਹੁਣ ਉਸ ਨੂੰ ਭਾਰਤ ਡਿਪੋਰਟ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।



ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਜਾਣਕਾਰੀ ਸਾਂਝੀ ਕਰਦਿਆਂ ਜਾਂਚ ਏਜੰਸੀ ਨੇ ਦੱਸਿਆ ਕਿ 21 ਮਈ ਨੂੰ ਕੀਤੀ ਗਈ ਇਸ ਗ੍ਰਿਫ਼ਤਾਰੀ ਤੋਂ ਬਾਅਦ ਪਰਮਿੰਦਰਪਾਲ ਨੂੰ ਇਮੀਗ੍ਰੇਸ਼ਨ ਹਿਰਾਸਤ ਵਿਚ ਰੱਖਿਆ ਗਿਆ ਹੈ। ਉਸ ਵਿਰੁੱਧ ਅਮਰੀਕਾ ਵਿਚ ਗੱਡੀਆਂ ਦੀ ਚੋਰੀ, ਵੱਡੀ ਚੋਰੀ, ਬਿਨਾਂ ਇਜਾਜ਼ਤ ਕਿਸੇ ਦੀ ਜਾਇਦਾਦ ਵਿਚ ਦਾਖ਼ਲ ਹੋਣ ਅਤੇ ਭੰਨ-ਤੋੜ ਵਰਗੇ ਕਈ ਗੰਭੀਰ ਮਾਮਲੇ ਦਰਜ ਹਨ।

ਇਸ ਤੋਂ ਪਹਿਲਾਂ ਸਤੰਬਰ 2025 'ਚ ਵੀ ਅਮਰੀਕਾ ਵਿਚ ਪਿਛਲੇ ਤਿੰਨ ਦਹਾਕਿਆਂ ਤੋਂ ਰਹਿ ਰਹੀ 73 ਸਾਲਾ ਬਜ਼ੁਰਗ ਸਿੱਖ ਮਹਿਲਾ ਹਰਜੀਤ ਕੌਰ ਨੂੰ ਵੀ ਅਸਾਇਲਮ ਦੀ ਅਰਜ਼ੀ ਰੱਦ ਹੋਣ ਤੋਂ ਬਾਅਦ ਭਾਰਤ ਡਿਪੋਰਟ ਕਰ ਦਿੱਤਾ ਗਿਆ ਸੀ। ਭਾਰਤੀ ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਜਨਵਰੀ 2025 ਤੋਂ ਹੁਣ ਤੱਕ 2,417 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਵਾਪਸ ਭਾਰਤ ਭੇਜਿਆ ਜਾ ਚੁੱਕਾ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਸਪੱਸ਼ਟ ਕੀਤਾ ਹੈ ਕਿ ਭਾਰਤ ਸਰਕਾਰ ਗੈਰ-ਕਾਨੂੰਨੀ ਪ੍ਰਵਾਸ ਦੇ ਪੂਰੀ ਤਰ੍ਹਾਂ ਖ਼ਿਲਾਫ਼ ਹੈ ਅਤੇ ਸਿਰਫ਼ ਕਾਨੂੰਨੀ ਤਰੀਕੇ ਨਾਲ ਹੀ ਵਿਦੇਸ਼ ਜਾਣ ਦੇ ਪੱਖ ਵਿਚ ਹੈ। ਉਨ੍ਹਾਂ ਦੱਸਿਆ ਕਿ ਜਦੋਂ ਵੀ ਅਮਰੀਕੀ ਪ੍ਰਸ਼ਾਸਨ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਰਹਿ ਰਹੇ ਭਾਰਤੀਆਂ ਦੀ ਸੂਚੀ ਸੌਂਪਦਾ ਹੈ, ਤਾਂ ਭਾਰਤ ਸਰਕਾਰ ਉਨ੍ਹਾਂ ਦੀ ਨਾਗਰਿਕਤਾ ਦੀ ਜਾਂਚ ਕਰਕੇ ਉਨ੍ਹਾਂ ਨੂੰ ਵਾਪਸ ਦੇਸ਼ ਲਿਆਉਣ ਦੀ ਪ੍ਰਕਿਰਿਆ ਪੂਰੀ ਕਰਦੀ ਹੈ।

# ਏ.ਆਈ. ਹਥਿਆਰਾਂ ਨੂੰ ਲੈ ਕੇ ਪੋਪ ਦੀ ਵੱਡੀ ਚੇਤਾਵਨੀ

**ਰੋਮ, (ਪੰਜਾਬ ਮੇਲ)-** ਪੋਪ ਲਿਓ 14 ਨੇ ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਲੈ ਕੇ ਦੁਨੀਆਂ ਨੂੰ ਵੱਡੀ ਚੇਤਾਵਨੀ ਦਿੱਤੀ ਹੈ। ਪੋਪ ਨੇ ਕਿਹਾ ਕਿ ਏ.ਆਈ. ਦੇ ਤੇਜ਼ੀ ਨਾਲ ਵਧਦੇ ਇਸਤੇਮਾਲ ਕਾਰਨ ਕੁਝ ਅਜਿਹੇ ਹਥਿਆਰ ਬਣ ਰਹੇ ਹਨ, ਜੋ ਮਨੁੱਖੀ ਕੰਟਰੋਲ ਤੋਂ ਵੀ ਬਾਹਰ ਜਾ ਸਕਦੇ ਹਨ। ਉਨ੍ਹਾਂ ਨੇ ਦੁਨੀਆਂ ਭਰ ਦੀਆਂ ਸਰਕਾਰਾਂ ਨੂੰ ਏ.ਆਈ. 'ਤੇ ਸਖ਼ਤ ਨਿਯਮ ਬਣਾਉਣ ਦੀ ਅਪੀਲ ਕੀਤੀ ਹੈ।



ਪੋਪ ਨੇ ਕਿਹਾ ਕਿ ਜੇਕਰ ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਬਿਨਾਂ ਨਿਯਮਾਂ ਦੇ ਛੱਡ ਦਿੱਤਾ ਗਿਆ, ਤਾਂ ਭਵਿੱਖ ਵਿਚ ਇਹ ਮਨੁੱਖਤਾ ਲਈ ਖ਼ਤਰਾ ਬਣ ਸਕਦੀ ਹੈ। ਖ਼ਾਸ ਕਰਕੇ ਜੰਗੀ ਤਕਨਾਲੋਜੀ ਵਿਚ ਏ.ਆਈ. ਦੇ ਇਸਤੇਮਾਲ ਨੂੰ ਲੈ ਕੇ ਉਨ੍ਹਾਂ ਨੇ ਗੰਭੀਰ ਚਿੰਤਾ ਜਤਾਈ।

ਉਨ੍ਹਾਂ ਦੇ ਮੁਤਾਬਕ ਅੱਜ ਕਈ ਅਜਿਹੇ ਆਟੋਮੇਟਿਡ ਹਥਿਆਰ ਪ੍ਰਣਾਲੀਆਂ ਤਿਆਰ ਹੋ ਰਹੇ ਹਨ, ਜੋ ਆਪਣੇ ਆਪ ਟਾਰਗੇਟ ਚੁਣ ਸਕਦੇ ਹਨ ਅਤੇ ਹਮਲੇ ਕਰ ਸਕਦੇ ਹਨ। ਪੋਪ ਨੇ ਕਿਹਾ ਕਿ ਜੰਗ ਅਤੇ ਹਥਿਆਰਾਂ ਨਾਲ ਜੁੜੇ ਫ਼ੈਸਲੇ ਹਮੇਸ਼ਾਂ ਇਨਸਾਨੀ ਜ਼ਿੰਮੇਵਾਰੀ ਹੇਠ ਰਹਿਣੇ ਚਾਹੀਦੇ ਹਨ, ਨਾ ਕਿ ਮਸ਼ੀਨਾਂ ਦੇ ਹਵਾਲੇ।

ਪੋਪ ਨੇ ਇਹ ਵੀ ਕਿਹਾ ਕਿ ਏ.ਆਈ. ਸਿਰਫ਼ ਤਕਨਾਲੋਜੀ ਦਾ ਮਸਲਾ ਨਹੀਂ, ਸਗੋਂ ਇਹ ਮਨੁੱਖੀ ਅਧਿਕਾਰਾਂ, ਨੈਤਿਕਤਾ ਅਤੇ ਲੋਕਾਂ ਦੀ ਸੁਰੱਖਿਆ ਨਾਲ ਵੀ ਜੁੜਿਆ ਹੋਇਆ ਹੈ। ਉਨ੍ਹਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਇਕੱਠੇ ਹੋ ਕੇ ਏ.ਆਈ. ਲਈ ਸਾਂਝੇ ਕਾਨੂੰਨ ਬਣਾਉਣ ਦੀ ਮੰਗ ਕੀਤੀ।

ਦੁਨੀਆਂ ਭਰ ਵਿਚ ਇਸ ਵੇਲੇ ਏ.ਆਈ. ਨੂੰ ਲੈ ਕੇ ਵੱਡੀ ਚਰਚਾ ਚੱਲ ਰਹੀ ਹੈ। ਅਮਰੀਕਾ, ਯੂਰਪ ਅਤੇ ਚੀਨ ਵਰਗੇ ਦੇਸ਼ ਤੇਜ਼ੀ ਨਾਲ ਏ.ਆਈ. ਤਕਨਾਲੋਜੀ ਵਿਚ ਅੱਗੇ ਵੱਧ ਰਹੇ ਹਨ, ਜਦਕਿ ਕਈ ਮਾਹਿਰ ਚੇਤਾਵਨੀ ਦੇ ਰਹੇ ਹਨ ਕਿ ਬਿਨਾਂ ਨਿਯਮਾਂ ਦੇ ਇਹ ਤਕਨਾਲੋਜੀ ਭਵਿੱਖ ਵਿਚ ਵੱਡੇ ਖ਼ਤਰੇ ਪੈਦਾ ਕਰ ਸਕਦੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# "ਟਰੰਪ ਹਾਊਸ" ਦੇ ਨਾਂ ਨਾਲ ਮਸ਼ਹੂਰ ਘਰ ਦੇ ਮਾਲਕ 'ਤੇ ਹਮਲੇ ਨੇ ਮਚਾਈ ਸਨਸਨੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** "ਟਰੰਪ ਹਾਊਸ" ਦੇ ਨਾਂ ਨਾਲ ਮਸ਼ਹੂਰ ਇੱਕ ਘਰ ਦੇ ਮਾਲਕ 'ਤੇ ਹੋਏ ਹਮਲੇ ਨੇ ਇਲਾਕੇ ਵਿਚ ਸਨਸਨੀ ਮਚਾ ਦਿੱਤੀ ਹੈ। ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸ਼ੱਕੀ ਇੱਕ ਸਾਬਕਾ ਨੇਵੀ ਵੈਟਰਨ ਦੱਸਿਆ ਜਾ ਰਿਹਾ ਹੈ, ਜੋ ਮਾਨਸਿਕ ਬਿਮਾਰੀ ਨਾਲ ਪੀੜਤ ਹੈ। ਹਮਲੇ ਵਿਚ ਗੰਭੀਰ ਜ਼ਖ਼ਮੀ ਹੋਏ ਘਰ ਦੇ ਮਾਲਕ ਦੀ ਪਤਨੀ ਨੇ ਕਿਹਾ ਹੈ ਕਿ ਉਸਦੇ ਪਤੀ ਦੇ ਬਚਣ ਦੀ ਉਮੀਦ ਬਹੁਤ ਘੱਟ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਇਹ ਘਰ ਆਪਣੇ ਵੱਡੇ ਟਰੰਪ ਸਮਰਥਕ ਸਜਾਵਟੀ ਪ੍ਰਦਰਸ਼ਨਾਂ ਅਤੇ ਰਾਜਨੀਤਿਕ ਨਿਸ਼ਾਨੀਆਂ ਕਰਕੇ "ਟਰੰਪ ਹਾਊਸ" ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਘਟਨਾ ਤੋਂ ਬਾਅਦ ਪੁਲਿਸ ਨੇ ਸ਼ੱਕੀ ਨੂੰ ਕਾਬੂ ਕਰ ਲਿਆ ਹੈ ਅਤੇ ਜਾਂਚ ਜਾਰੀ ਹੈ।

ਪੁਲਿਸ ਮੁਤਾਬਕ ਦੋਸ਼ੀ ਪਹਿਲਾਂ ਅਮਰੀਕੀ ਨੇਵੀ ਵਿਚ ਸੇਵਾ ਕਰ ਚੁੱਕਾ ਹੈ ਅਤੇ ਉਸਦੀ ਮਾਨਸਿਕ ਸਿਹਤ ਸੰਬੰਧੀ ਸਮੱਸਿਆਵਾਂ ਦਾ ਵੀ ਰਿਕਾਰਡ ਮਿਲਿਆ ਹੈ। ਜਾਂਚ ਅਧਿਕਾਰੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਹਮਲਾ ਨਿੱਜੀ ਰੰਜਿਸ਼, ਰਾਜਨੀਤਿਕ ਨਫ਼ਰਤ ਜਾਂ ਮਾਨਸਿਕ ਅਸਥਿਰਤਾ ਕਾਰਨ ਹੋਇਆ।

ਪੀੜਤ ਦੀ ਪਤਨੀ ਨੇ ਮੀਡੀਆ ਨਾਲ ਗੱਲ ਕਰਦੇ ਹੋਏ ਭਾਵੁਕ ਸ਼ਬਦਾਂ ਵਿਚ ਕਿਹਾ ਕਿ ਉਸਦੇ ਪਤੀ ਦੀ ਹਾਲਤ ਬਹੁਤ ਨਾਜ਼ੁਕ ਹੈ ਅਤੇ ਡਾਕਟਰਾਂ ਨੇ ਵੀ ਉਮੀਦ ਘੱਟ ਦੱਸੀ ਹੈ। ਉਸ ਨੇ ਕਿਹਾ ਕਿ ਪਰਿਵਾਰ ਇਸ ਸਮੇਂ ਬਹੁਤ ਵੱਡੇ ਸਦਮੇ ਵਿਚ ਹੈ।

ਇਸ ਘਟਨਾ ਤੋਂ ਬਾਅਦ ਇਲਾਕੇ ਵਿਚ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ। ਕਈ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਰਾਜਨੀਤਿਕ ਨਫ਼ਰਤ ਅਤੇ ਮਾਨਸਿਕ ਸਿਹਤ ਪ੍ਰਣਾਲੀ 'ਤੇ ਵੀ ਸਵਾਲ ਉਠਾਏ ਹਨ। ਪੁਲਿਸ ਨੇ ਕਿਹਾ ਹੈ ਕਿ ਮਾਮਲੇ ਦੀ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੋਰ ਜਾਣਕਾਰੀ ਸਾਹਮਣੇ ਲਿਆਂਦੀ ਜਾਵੇਗੀ।

# ਡਾ. ਗੁਨੀਸ਼ਾ ਕੌਰ ਅਮਰੀਕੀ ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਕਮਿਸ਼ਨ 'ਚ ਨਿਯੁਕਤ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-**ਮਨੁੱਖੀ ਅਧਿਕਾਰ ਖੋਜਕਰਤਾ ਅਤੇ 'ਵੇਲ ਕਾਰਨੇਲ ਮੈਡੀਸਨ ਹਿਊਮਨ ਰਾਈਟਸ ਇਮਪੈਕਟ ਲੈਬ' ਦੀ ਸੰਸਥਾਪਕ ਨਿਰਦੇਸ਼ਕ ਡਾ. ਗੁਨੀਸ਼ਾ ਕੌਰ ਨੂੰ ਅਮਰੀਕੀ ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਕਮਿਸ਼ਨ (ਯੂ.ਐੱਸ.ਸੀ.ਆਈ.ਆਰ.ਐੱਫ.) ਵਿਚ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਨਿਯੁਕਤੀ ਨਿਊਯਾਰਕ ਤੋਂ ਡੈਮੋਕ੍ਰੇਟਿਕ ਸੈਨੇਟਰ ਚਾਰਲਸ ਸ਼ੂਮਰ ਨੇ ਕੀਤੀ ਹੈ। ਡਾ. ਕੌਰ ਇਸ ਕਮਿਸ਼ਨ ਵਿਚ ਸੇਵਾ ਨਿਭਾਉਣ ਵਾਲੀ ਸਿੱਖ ਭਾਈਚਾਰੇ ਦੀ ਪਹਿਲੀ ਮੈਂਬਰ ਬਣ ਗਈ ਹੈ। ਉਨ੍ਹਾਂ ਦੇ ਨਾਮਜ਼ਦਗੀ ਪੱਤਰ ਨੂੰ 'ਸਿੱਖ ਕੋਲੀਸ਼ਨ' ਨਾਮਕ ਨਾਗਰਿਕ ਅਧਿਕਾਰ ਸੰਗਠਨ ਨੇ ਕੈਪੀਟਲ ਹਿੱਲ (ਅਮਰੀਕੀ ਸੰਸਦ) ਵਿਚ ਅੱਗੇ ਵਧਾਇਆ ਅਤੇ ਸਮਰਥਨ ਦਿੱਤਾ ਹੈ।



ਡਾ. ਗੁਨੀਸ਼ਾ ਕੌਰ ਐਨਸਥੀਸੀਓਲੋਜੀ ਦੀ ਐਸੋਸੀਏਟ ਪ੍ਰੋਫੈਸਰ ਹਨ। ਉਨ੍ਹਾਂ ਨੇ ਆਪਣੇ ਕਰੀਅਰ ਵਿਚ ਉਨ੍ਹਾਂ ਲੋਕਾਂ ਦੀ ਸਿਹਤ ਅਤੇ ਮਨੁੱਖੀ ਅਧਿਕਾਰ 'ਤੇ ਕੰਮ ਕੀਤਾ ਹੈ, ਜਿਨ੍ਹਾਂ ਨੂੰ ਧਾਰਮਿਕ ਪਛਾਣ, LGBTQ+ ਪਛਾਣ ਜਾਂ ਘੱਟਗਿਣਤੀ ਹੋਣ ਕਾਰਨ ਅੱਤਿਆਚਾਰ ਸਹਿਣਾ ਪਿਆ ਹੈ। ਇਨ੍ਹਾਂ ਵਿਚ ਸ਼ਰਨਾਰਥੀ ਅਤੇ ਸ਼ਰਨ ਮੰਗਣ ਵਾਲੇ ਲੋਕ ਵੀ ਸ਼ਾਮਲ ਹਨ। ਉਨ੍ਹਾਂ ਨੇ ਨਿਊਰੋਸਾਇੰਸ ਰਿਸਰਚ ਦੇ ਆਪਣੇ ਤਜ਼ਰਬੇ ਦੀ ਵਰਤੋਂ ਮਨੁੱਖੀ ਅਧਿਕਾਰ ਦੇ ਅਧਿਐਨ ਲਈ ਵਿਗਿਆਨਕ ਤਰੀਕੇ ਵਿਕਸਿਤ ਕਰਨ ਵਿਚ ਕੀਤੀ ਹੈ। ਉਨ੍ਹਾਂ ਦੀ ਖੋਜ ਨੂੰ ਨੈਸ਼ਨਲ ਇੰਸਟੀਚਿਊਟਸ ਆਫ਼ ਹੈਲਥ, ਫਾਊਂਡੇਸ਼ਨ ਫਾਰ ਐਨਸਥੀਸੀਆ ਐਜੂਕੇਸ਼ਨ ਐਂਡ ਰਿਸਰਚ, ਨੈਸ਼ਨਲ ਅਕੈਡਮੀ ਆਫ਼ ਮੈਡੀਸਨ ਅਤੇ ਕਾਰਨੇਲ ਯੂਨੀਵਰਸਿਟੀ ਵਰਗੇ ਸੰਸਥਾਵਾਂ ਦਾ ਸਮਰਥਨ ਮਿਲਿਆ ਹੈ।

# ਟਰੰਪ ਨੇ ਮੁੱਖ ਵੋਟਿੰਗ ਤੋਂ ਪਹਿਲਾਂ ਸੁਪਰੀਮ ਕੋਰਟ 'ਤੇ ਬੋਲਿਆ ਹਮਲਾ !

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਮਹੱਤਵਪੂਰਨ ਸੁਪਰੀਮ ਕੋਰਟ ਵੋਟਿੰਗ ਤੋਂ ਪਹਿਲਾਂ ਅਦਾਲਤ 'ਤੇ ਤਿੱਖਾ ਹਮਲਾ ਬੋਲਦਿਆਂ ਉਸਨੂੰ "ਸ਼ਰਮਨਾਕ" ਕਰਾਰ ਦਿੱਤਾ ਹੈ। ਟਰੰਪ ਨੇ ਸੋਸ਼ਲ ਮੀਡੀਆ ਅਤੇ ਜਨਤਕ ਬਿਆਨਾਂ ਰਾਹੀਂ ਸੁਪਰੀਮ ਕੋਰਟ ਦੇ ਕੁਝ ਜੱਜਾਂ 'ਤੇ ਦੋਸ਼ ਲਗਾਇਆ ਕਿ ਉਹ ਅਮਰੀਕਾ ਦੀਆਂ ਸਰਹੱਦਾਂ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਰੱਖਿਆ ਕਰਨ ਵਿਚ ਅਸਫਲ ਰਹੇ ਹਨ।

ਰਿਪੋਰਟਾਂ ਮੁਤਾਬਕ ਇਹ ਗੁੱਸਾ ਉਸ ਸਮੇਂ ਸਾਹਮਣੇ ਆਇਆ, ਜਦੋਂ ਸੁਪਰੀਮ ਕੋਰਟ ਇੱਕ ਅਹਿਮ ਇਮੀਗ੍ਰੇਸ਼ਨ ਅਤੇ ਫੈਡਰਲ ਅਥਾਰਿਟੀ ਨਾਲ ਜੁੜੇ ਕੇਸ 'ਤੇ ਵਿਚਾਰ ਕਰ ਰਹੀ ਸੀ। ਟਰੰਪ ਨੇ ਕਿਹਾ ਕਿ ਦੇਸ਼ ਵਿਚ "ਗੈਰਕਾਨੂੰਨੀ ਇਮੀਗ੍ਰੇਸ਼ਨ" ਅਤੇ ਸਰਹੱਦੀ ਸੁਰੱਖਿਆ ਸੰਬੰਧੀ ਮਸਲਿਆਂ 'ਤੇ ਕੋਰਟ ਦਾ ਰਵੱਈਆ ਕਾਫੀ ਨਰਮ ਹੈ। ਟਰੰਪ ਨੇ

### ■ ਕੁਝ ਜੱਜਾਂ 'ਤੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਰੱਖਿਆ ਕਰਨ 'ਚ ਅਸਫਲ ਰਹਿਣ ਦੇ ਲਾਏ ਦੋਸ਼

ਆਪਣੇ ਬਿਆਨ ਵਿਚ ਕਿਹਾ ਕਿ ਅਮਰੀਕੀ ਲੋਕ ਮਜ਼ਬੂਤ ਸਰਹੱਦਾਂ ਅਤੇ ਕਾਨੂੰਨ ਦੀ ਉਮੀਦ ਕਰਦੇ ਹਨ, ਪਰ ਕੁਝ ਜੱਜ "ਰਾਜਨੀਤਿਕ ਦਬਾਅ" ਹੇਠ ਕੰਮ ਕਰ ਰਹੇ ਹਨ। ਉਸਨੇ ਇਹ ਵੀ ਦਾਅਵਾ ਕੀਤਾ ਕਿ ਜੇ ਕੋਰਟ ਨੇ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੂੰ ਰੋਕਿਆ, ਤਾਂ ਇਸਦਾ ਸਿੱਧਾ ਅਸਰ ਦੇਸ਼ ਦੀ ਸੁਰੱਖਿਆ 'ਤੇ ਪਵੇਗਾ।

ਦੂਜੇ ਪਾਸੇ ਕਾਨੂੰਨੀ ਮਾਹਿਰਾਂ ਅਤੇ ਡੈਮੋਕ੍ਰੈਟਿਕ ਆਗੂਆਂ ਨੇ ਟਰੰਪ ਦੇ ਬਿਆਨਾਂ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ 'ਤੇ ਇਸ ਤਰ੍ਹਾਂ ਜਨਤਕ ਹਮਲੇ ਕਰਨਾ ਨਿਆਂ ਪ੍ਰਣਾਲੀ ਦੀ ਸਾਖ਼ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

# ਇਰਾਨ ਨਾਲ ਸੰਭਾਵਿਤ ਸਮਝੌਤੇ ਨੂੰ ਲੈ ਕੇ ਕੋਈ ਜਲਦਬਾਜ਼ੀ ਨਹੀਂ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪਨੇ ਕਿਹਾ ਹੈ ਕਿ ਇਰਾਨ ਨਾਲ ਸੰਭਾਵਿਤ ਸਮਝੌਤੇ ਨੂੰ ਲੈ ਕੇ ਕੋਈ ਜਲਦਬਾਜ਼ੀ ਨਹੀਂ ਕੀਤੀ ਜਾਵੇਗੀ, ਹਾਲਾਂਕਿ ਵ੍ਹਾਈਟ ਹਾਊਸ ਅਤੇ ਕਈ ਅੰਤਰਰਾਸ਼ਟਰੀ ਸਰੋਤਾਂ ਮੁਤਾਬਕ ਦੋਵਾਂ ਧਿਰਾਂ ਵਿਚਕਾਰ ਇੱਕ ਫਰੇਮਵਰਕ ਡੀਲ ਦੇ ਕਾਫੀ ਨੇੜੇ ਪਹੁੰਚਣ ਦੀ ਗੱਲ ਸਾਹਮਣੇ ਆ ਰਹੀ ਹੈ। ਟਰੰਪ ਨੇ ਕਿਹਾ ਕਿ ਦੋਵਾਂ ਪੱਖਾਂ ਵਿਚਾਲੇ ਗੱਲਬਾਤ "ਠੀਕ ਦਿਸ਼ਾ" ਵਿਚ ਚੱਲ ਰਹੀ ਹੈ, ਪਰ ਅੰਤਿਮ ਸਮਝੌਤੇ ਤੋਂ ਪਹਿਲਾਂ ਹਰ ਪੱਖ ਨੂੰ ਸਾਵਧਾਨੀ ਨਾਲ ਕਦਮ ਚੁੱਕਣਾ ਹੋਵੇਗਾ।

ਪਰ ਇਰਾਨੀ ਸਰੋਤਾਂ ਨੇ ਕੁਝ ਅਮਰੀਕੀ ਦਾਵਿਆਂ ਨੂੰ ਖਾਰਜ ਕੀਤਾ ਹੈ। ਇੱਕ ਸੀਨੀਅਰ ਇਰਾਨੀ ਅਧਿਕਾਰੀ ਨੇ ਕਿਹਾ ਕਿ ਇਰਾਨ ਨੇ ਅਜੇ ਤੱਕ ਆਪਣਾ ਹਾਈਲੀ



ਐਨਰਿਚਡ ਯੂਰੇਨੀਅਮ ਕਿਸੇ ਹੋਰ ਦੇਸ਼ ਨੂੰ ਸੌਂਪਣ ਲਈ ਸਹਿਮਤੀ ਨਹੀਂ ਦਿੱਤੀ।

ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕਾ ਅਤੇ ਇਰਾਨ ਇੱਕ ਸ਼ੁਰੂਆਤੀ ਸਮਝੌਤੇ ਦੇ ਕਾਫੀ ਨੇੜੇ ਪਹੁੰਚ ਗਏ ਹਨ। ਇਸ ਸੰਭਾਵਿਤ ਸਮਝੌਤੇ ਵਿਚ ਸਟਰੇਟ ਆਫ ਹੋਰਮੁਜ਼ ਨੂੰ ਮੁੜ ਪੂਰੀ ਤਰ੍ਹਾਂ ਖੋਲ੍ਹਣਾ, ਕੁਝ ਅਮਰੀਕੀ ਪਾਬੰਦੀਆਂ ਵਿਚ ਰਾਹਤ ਅਤੇ ਇਰਾਨ ਦੇ ਪਰਮਾਣੂ ਪ੍ਰੋਗਰਾਮ 'ਤੇ ਅਗਲੀ ਗੱਲਬਾਤ ਸ਼ਾਮਲ ਹੈ।

ਟਰੰਪ ਨੇ ਆਪਣੇ ਟਰੁੱਥ ਸੋਸ਼ਲ ਪਲੇਟਫਾਰਮ 'ਤੇ ਕਿਹਾ ਕਿ ਉਨ੍ਹਾਂ ਨੇ ਆਪਣੇ ਨੁਮਾਇੰਦਿਆਂ ਨੂੰ ਹਦਾਇਤ ਦਿੱਤੀ ਹੈ ਕਿ "ਡੀਲ ਲਈ ਘਬਰਾਉ ਨਾ," ਕਿਉਂਕਿ "ਸਮਾਂ ਅਮਰੀਕਾ ਦੇ ਪੱਖ 'ਚ ਹੈ।" ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜਦ ਤੱਕ ਸਮਝੌਤਾ ਪੂਰੀ ਤਰ੍ਹਾਂ ਸਾਈਨ ਨਹੀਂ ਹੁੰਦਾ, ਤਦ ਤੱਕ ਅਮਰੀਕਾ ਵੱਲੋਂ ਸਟਰੇਟ ਆਫ ਹੋਰਮੁਜ਼ 'ਚ ਲਗਾਇਆ ਗਿਆ ਸਮੁੰਦਰੀ ਬਲਾਕੇਡ ਜਾਰੀ ਰਹੇਗਾ।

ਰਿਪੋਰਟਾਂ ਅਨੁਸਾਰ ਡੀਲ ਦੇ ਤਹਿਤ ਇਰਾਨ ਵੱਲੋਂ ਆਪਣੇ ਹਾਈਲੀ ਐਨਰਿਚਡ ਯੂਰੇਨੀਅਮ ਸਟਾਕ 'ਤੇ ਸੀਮਾਵਾਂ ਮੰਨਣ ਦੀ ਗੱਲ ਵੀ ਚਰਚਾ ਵਿਚ ਹੈ। ਹਾਲਾਂਕਿ ਇੱਕ ਸੀਨੀਅਰ ਇਰਾਨੀ ਅਧਿਕਾਰੀ ਨੇ ਦੱਸਿਆ ਕਿ ਇਰਾਨ ਨੇ ਅਜੇ ਤੱਕ ਆਪਣੇ ਯੂਰੇਨੀਅਮ ਸਟਾਕ ਨੂੰ ਕਿਸੇ ਹੋਰ ਦੇਸ਼ ਨੂੰ ਸੌਂਪਣ ਲਈ ਸਹਿਮਤੀ ਨਹੀਂ ਦਿੱਤੀ।

ਇਸ ਸੰਭਾਵਿਤ ਡੀਲ ਨੂੰ ਲੈ ਕੇ ਅਮਰੀਕਾ ਦੀ ਰਿਪਬਲਿਕਨ ਪਾਰਟੀ ਦੇ ਕਈ ਨੇਤਾਵਾਂ ਨੇ ਵੀ ਚਿੰਤਾ ਜਤਾਈ ਹੈ। ਕੁਝ ਸੈਨੇਟਰਾਂ ਨੇ ਕਿਹਾ ਕਿ ਇਹ ਸਮਝੌਤਾ ਕਿਤੇ 2015 ਵਾਲੀ ਓਬਾਮਾ-ਇਰਾਨ ਨਿਊਕਲੀਅਰ ਡੀਲ ਵਰਗਾ ਨਾ ਬਣ ਜਾਵੇ।

ਉੱਧਰ ਸੈਕਟਰੀ ਆਫ ਸਟੇਟ ਮਾਰਕੋ ਰੂਬੀਓ ਨੇ ਕਿਹਾ ਹੈ ਕਿ ਗੱਲਬਾਤ ਵਿਚ "ਵੱਡੀ ਤਰੱਕੀ" ਹੋਈ ਹੈ ਅਤੇ ਅਗਲੇ ਕੁਝ ਦਿਨਾਂ ਵਿਚ ਕੋਈ ਮਹੱਤਵਪੂਰਨ ਐਲਾਨ ਹੋ ਸਕਦਾ ਹੈ, ਪਰ ਅਜੇ ਵੀ ਕਈ ਸੰਵੇਦਨਸ਼ੀਲ ਮਸਲਿਆਂ 'ਤੇ ਅੰਤਿਮ ਸਹਿਮਤੀ ਬਾਕੀ ਹੈ।

# ਡੈਮੋਕ੍ਰੇਟਿਕ ਪਾਰਟੀ ਨੂੰ ਨਵੀਂ ਲੀਡਰਸ਼ਿਪ ਦੀ ਲੋੜ : ਸੈਨੇਟਰ ਕੋਰੀ ਬੁੱਕਰ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੀ ਡੈਮੋਕ੍ਰੇਟਿਕ ਪਾਰਟੀ 'ਚ ਆਉਣ ਵਾਲੀਆਂ ਮਿਡਟਰਮ ਚੋਣਾਂ ਤੋਂ ਪਹਿਲਾਂ ਨਵੀਂ ਲੀਡਰਸ਼ਿਪ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ। ਕੋਰੀ ਬੁੱਕਰ ਨੇ ਕਿਹਾ ਹੈ ਕਿ ਡੈਮੋਕ੍ਰੇਟਿਕ ਪਾਰਟੀ ਨੂੰ "ਬੇਹੱਦ ਤੁਰੰਤ ਨਵੀਂ ਲੀਡਰਸ਼ਿਪ" ਦੀ ਲੋੜ ਹੈ।



ਸੀ.ਐੱਨ.ਐੱਨ. ਦੇ ਪ੍ਰੋਗਰਾਮ "ਸਟੇਟ ਆਫ਼ ਯੂਨੀਅਨ" ਦੌਰਾਨ ਕੋਰੀ ਬੁੱਕਰ ਨੇ ਕਿਹਾ ਕਿ ਲੋਕ ਹੁਣ ਪੁਰਾਣੀ ਰਾਜਨੀਤੀ ਤੋਂ ਤੰਗ ਆ ਚੁੱਕੇ ਹਨ ਅਤੇ ਪਾਰਟੀ ਨੂੰ ਨਵਾਂ ਵਿਜ਼ਨ ਅਤੇ ਨਵੇਂ ਚਿਹਰੇ ਲਿਆਉਣੇ ਪੈਣਗੇ। ਉਨ੍ਹਾਂ ਕਿਹਾ ਕਿ ਲੋਕ ਉਨ੍ਹਾਂ ਆਗੂਆਂ ਨੂੰ ਸਹਿਯੋਗ ਦੇਣਗੇ, ਜੋ ਪਾਰਟੀ ਦੀ ਬਜਾਏ ਲੋਕਾਂ ਦੀਆਂ ਸਮੱਸਿਆਵਾਂ 'ਤੇ ਧਿਆਨ ਦੇਣ।

ਕੋਰੀ ਬੁੱਕਰ ਨੇ ਖਾਸ ਤੌਰ 'ਤੇ ਜੌਨ ਓਸੌਫ, ਜੇਮਜ਼ ਤਾਲਾਰੀਕੋ ਅਤੇ ਰਾਏ ਕੂਪਰ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਇਹ ਆਗੂ ਡੈਮੋਕ੍ਰੇਟਿਕ ਪਾਰਟੀ ਦਾ ਭਵਿੱਖ ਬਣ ਸਕਦੇ ਹਨ।

ਜਦੋਂ ਉਨ੍ਹਾਂ ਤੋਂ ਸੈਨੇਟ ਡੈਮੋਕ੍ਰੇਟਿਕ ਨੇਤਾ ਚੱਕ ਸ਼ੂਮਰ 'ਤੇ ਭਰੋਸੇ ਬਾਰੇ ਪੁੱਛਿਆ ਗਿਆ, ਤਾਂ ਕੋਰੀ ਬੁੱਕਰ ਨੇ ਸਿੱਧਾ ਜਵਾਬ ਦੇਣ ਦੀ ਬਜਾਏ ਕਿਹਾ ਕਿ ਇਸ ਵੇਲੇ ਪਾਰਟੀ ਅੰਦਰੂਨੀ ਲੜਾਈਆਂ ਦੀ ਬਜਾਏ ਲੋਕਾਂ ਦੇ ਮੁੱਦਿਆਂ 'ਤੇ ਧਿਆਨ ਦੇਵੇ। ਇਹ ਬਿਆਨ ਉਸ ਵੇਲੇ ਆਇਆ ਹੈ, ਜਦੋਂ ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਨੇ 2024 ਦੀ ਰਾਸ਼ਟਰਪਤੀ ਚੋਣ 'ਚ ਕਮਲਾ ਹੈਰਿਸ ਦੀ ਹਾਰ ਬਾਰੇ ਇੱਕ ਲੰਬੀ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਵਿਚ ਪਾਰਟੀ ਦੀਆਂ ਕਈ ਕਮਜ਼ੋਰੀਆਂ ਅਤੇ ਰਣਨੀਤਿਕ ਗਲਤੀਆਂ ਦਾ ਜ਼ਿਕਰ ਕੀਤਾ ਗਿਆ ਹੈ।

ਕੋਰੀ ਬੁੱਕਰ ਨੇ ਕਿਹਾ ਕਿ ਅਮਰੀਕਾ ਵਿਚ ਲੋਕ ਵੰਡ ਵਾਲੀ ਰਾਜਨੀਤੀ ਤੋਂ ਥੱਕ ਚੁੱਕੇ ਹਨ ਅਤੇ ਹੁਣ ਉਹ ਅਜਿਹੀ ਲੀਡਰਸ਼ਿਪ ਚਾਹੁੰਦੇ ਹਨ, ਜੋ ਦੇਸ਼ ਨੂੰ ਇਕੱਠਾ ਕਰ ਸਕੇ।

# ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੱਲੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਅਹਿਮ ਮੁਲਾਕਾਤ

**■ ਭਾਰਤ-ਅਮਰੀਕਾ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਬਾਰੇ ਵਿਸਥਾਰ ਨਾਲ ਕੀਤੀ ਚਰਚਾ**

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਨਵੀਂ ਦਿੱਲੀ 'ਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਅਹਿਮ ਮੁਲਾਕਾਤ ਕੀਤੀ। ਇਸ ਮੀਟਿੰਗ ਦੌਰਾਨ ਦੋਵਾਂ ਨੇ ਭਾਰਤ-ਅਮਰੀਕਾ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ, ਵਪਾਰ ਵਧਾਉਣ, ਰੱਖਿਆ ਸਹਿਯੋਗ ਅਤੇ ਨਵੀਂ ਤਕਨਾਲੋਜੀ 'ਚ ਮਿਲ ਕੇ ਕੰਮ ਕਰਨ ਬਾਰੇ ਵਿਸਥਾਰ ਨਾਲ ਚਰਚਾ ਕੀਤੀ।

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਪਿਗੌਟ ਮੁਤਾਬਕ, ਸੈਕਟਰੀ ਰੂਬੀਓ ਨੇ ਕਿਹਾ ਕਿ ਅਮਰੀਕਾ ਅਤੇ ਭਾਰਤ ਦੀ ਭਾਈਵਾਲੀ ਸਾਂਝੇ ਲੋਕਤੰਤਰਕ ਮੁੱਲਾਂ, ਵੱਡੇ ਆਰਥਿਕ ਮੌਕਿਆਂ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਨਿੱਜੀ ਸਬੰਧਾਂ 'ਤੇ ਅਧਾਰਿਤ ਹੈ।

ਮੀਟਿੰਗ ਦੌਰਾਨ ਸੈਕਟਰੀ ਰੂਬੀਓ ਨੇ ਰਾਸ਼ਟਰਪਤੀ ਟਰੰਪ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਵਾਈਟ ਹਾਊਸ ਆਉਣ ਦਾ ਸੱਦਾ ਵੀ ਦਿੱਤਾ। ਇਹ ਸੱਦਾ ਭਾਰਤ ਅਤੇ ਅਮਰੀਕਾ ਵਿਚਾਲੇ ਵਧ



ਰਹੇ ਰਣਨੀਤਿਕ ਸਬੰਧਾਂ ਦਾ ਇੱਕ ਵੱਡਾ ਸੰਕੇਤ ਮੰਨਿਆ ਜਾ ਰਿਹਾ ਹੈ।

ਦੋਵਾਂ ਨੇ ਮੱਧ-ਪੂਰਬ ਦੀ ਮੌਜੂਦਾ ਸਥਿਤੀ 'ਤੇ ਵੀ ਗੱਲਬਾਤ ਕੀਤੀ। ਰੂਬੀਓ ਨੇ ਕਿਹਾ ਕਿ ਅਮਰੀਕਾ ਕਿਸੇ ਵੀ ਹਾਲਤ ਵਿਚ ਇਰਾਨ ਨੂੰ ਵਿਸ਼ਵ ਊਰਜਾ ਬਾਜ਼ਾਰ ਨੂੰ ਬੰਦੀ ਬਣਾਉਣ ਨਹੀਂ ਦੇਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕੀ ਊਰਜਾ ਉਤਪਾਦ ਭਾਰਤ ਲਈ ਊਰਜਾ ਸਪਲਾਈ ਦੇ ਵੱਖ-ਵੱਖ ਸਰੋਤ ਮੁਹੱਈਆ ਕਰ ਸਕਦੇ ਹਨ।

ਮੀਟਿੰਗ ਦੌਰਾਨ "ਮਿਸ਼ਨ 500" 'ਤੇ ਵੀ ਚਰਚਾ ਹੋਈ, ਜਿਸ ਦਾ ਟੀਚਾ ਸਾਲ 2030 ਤੱਕ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਨੂੰ ਦੁੱਗਣਾ ਕਰਨਾ ਹੈ। ਦੋਵਾਂ ਨੇ ਹਾਲੀਆ ਨਿਵੇਸ਼ਾਂ ਅਤੇ ਵਪਾਰਕ ਪ੍ਰਗਤੀ ਨੂੰ ਮਹੱਤਵਪੂਰਨ ਕਦਮ ਦੱਸਿਆ।

ਇਸ ਤੋਂ ਇਲਾਵਾ, ਦੋਵਾਂ ਦੇਸ਼ਾਂ ਨੇ ਰੱਖਿਆ ਖੇਤਰ 'ਚ ਸਾਂਝੇ ਸਹਿਯੋਗ ਨੂੰ ਹੋਰ ਗਹਿਰਾ ਕਰਨ ਅਤੇ ਆਰਟੀਫੀਸ਼ਲ ਇੰਟੈਲੀਜੈਂਸ, ਸੈਮੀਕੰਡਕਟਰ ਅਤੇ ਹੋਰ ਉਭਰ ਰਹੀਆਂ ਤਕਨਾਲੋਜੀਆਂ 'ਚ ਤੇਜ਼ੀ ਨਾਲ ਮਿਲ ਕੇ ਕੰਮ ਕਰਨ 'ਤੇ ਸਹਿਮਤੀ ਜਤਾਈ।

ਸੈਕਟਰੀ ਰੂਬੀਓ ਨੇ ਭਾਰਤ ਵੱਲੋਂ ਹੋਣ ਵਾਲੀ ਕਵਾਡ ਵਿਦੇਸ਼ ਮੰਤਰੀ ਮੀਟਿੰਗ ਦੀ ਮੇਜ਼ਬਾਨੀ ਲਈ ਵੀ ਧੰਨਵਾਦ ਕੀਤਾ। ਕਵਾਡ ਵਿਚ ਅਮਰੀਕਾ, ਭਾਰਤ, ਆਸਟ੍ਰੇਲੀਆ ਅਤੇ ਜਪਾਨ ਸ਼ਾਮਲ ਹਨ, ਜੋ ਇੰਡੋ-ਪੈਸਿਫਿਕ ਖੇਤਰ ਵਿਚ ਆਜ਼ਾਦ ਅਤੇ ਖੁੱਲ੍ਹੇ ਵਾਤਾਵਰਣ ਲਈ ਮਿਲ ਕੇ ਕੰਮ ਕਰ ਰਹੇ ਹਨ।

# ਅਮਰੀਕਾ ਤੋਂ ਬਾਹਰ ਜਨਮੇ ਵਿਅਕਤੀਆਂ ਨੂੰ ਚੋਣ ਲੜਨ ਤੋਂ ਰੋਕਣ ਲਈ ਪ੍ਰਸਤਾਵਿਤ ਸੋਧ ਦਾ ਜ਼ਬਰਦਸਤ ਵਿਰੋਧ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਭਾਰਤੀ ਮੂਲ ਦੇ 3 ਡੈਮੋਕ੍ਰੈਟਿਕ ਸੰਸਦ ਮੈਂਬਰਾਂ ਨੇ ਰਿਪਬਲੀਕਨ ਪ੍ਰਤੀਨਿੱਧ ਨੈਨਸੀ ਮੇਸ ਦੁਆਰਾ ਪੇਸ਼ ਕੀਤੀ ਉਸ ਪ੍ਰਸਤਾਵਿਤ ਸੰਵਿਧਾਨਕ ਸੋਧ ਦਾ ਜ਼ੋਰਦਾਰ ਵਿਰਧ ਕੀਤਾ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਤੋਂ ਬਾਹਰ ਪੈਦਾ ਹੋਏ ਵਿਅਕਤੀਆਂ 'ਤੇ ਕਾਂਗਰਸ, ਸੰਘੀ ਨਿਆਂਪਾਲਿਕਾ ਤੇ ਸੈਨੇਟ ਦੁਆਰਾ ਪੁਸ਼ਟੀ ਵਾਲੇ ਅਹੁਦਿਆਂ 'ਤੇ ਕੰਮ ਕਰਨ ਉਪਰ ਰੋਕ ਲਾਈ ਜਾਵੇ। ਡੈਮੋਕ੍ਰੈਟਿਕ ਪ੍ਰਤੀਨਿੱਧ ਭਾਰਤੀ ਮੂਲ ਦੇ ਪ੍ਰਾਮਿਲਾ ਜਯਾਪਾਲ, ਰਾਜਾ ਕ੍ਰਿਸ਼ਨਾਮੂਰਤੀ ਤੇ ਸ਼੍ਰੀ ਥਾਨੇਦਾਰ ਜੋ ਅਮਰੀਕਾ ਤੋਂ



ਬਾਹਰ ਪੈਦਾ ਹੋਏ ਸਨ ਤੇ ਬਾਅਦ ਵਿਚ ਅਮਰੀਕੀ ਨਾਗਰਿਕ ਬਣੇ ਸਨ, ਨੇ ਇਸ ਪ੍ਰਸਤਾਵਿਤ ਸੋਧ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਅਮਰੀਕੀ ਲੋਕਤੰਤਰਿਕ ਕਦਰਾਂ-ਕੀਮਤਾਂ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਸਤਾਵਿਤ ਸੋਧ ਇਮੀਗ੍ਰੇਸ਼ਨ ਤੇ ਨਾਗਰਿਕਤਾ ਬਾਰੇ ਅਮਰੀਕੀ ਆਦਰਸ਼ਾਂ ਨਾਲ

# ਟਰੰਪ ਵੱਲੋਂ ਐਰੋਨ ਲੁਕਾਸ ਅੰਤਰਿਮ ਅਮਰੀਕੀ ਖੁਫੀਆ ਮੁਖੀ ਵਜੋਂ ਨਾਮਜ਼ਦ

**■ ਤੁਲਸੀ ਗੈਬਾਰਡ ਦੇ ਅਸਤੀਫ਼ਾ ਤੋਂ ਮਗਰੋਂ ਲਿਆ ਫੈਸਲਾ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ



ਡੋਨਾਲਡ ਟਰੰਪ ਨੇ ਸਾਬਕਾ ਸੀ.ਆਈ.ਏ. ਅਧਿਕਾਰੀ ਐਰੋਨ ਲੂਕਾਸ ਨੂੰ ਅਮਰੀਕਾ ਦੇ ਅੰਤਰਿਮ ਡਾਇਰੈਕਟਰ ਆਫ ਨੈਸ਼ਨਲ ਇੰਟੈਲੀਜੈਂਸ (ਡੀ.ਐੱਨ.ਆਈ.) ਵਜੋਂ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਤੁਲਸੀ ਗੈਬਾਰਡ ਦੇ ਅਸਤੀਫੇ ਤੋਂ ਬਾਅਦ ਲਿਆ ਗਿਆ ਹੈ।

ਟਰੰਪ ਨੇ ਕਿਹਾ ਕਿ ਐਰਨ ਲੂਕਸ 30 ਜੂਨ 2026 ਤੋਂ ਅੰਤਰਿਮ ਖੁਫੀਆ ਮੁਖੀ ਵਜੋਂ ਜ਼ਿੰਮੇਵਾਰੀ ਸੰਭਾਲਣਗੇ। ਲੂਕਸ ਇਸ ਤੋਂ ਪਹਿਲਾਂ ਪ੍ਰਿੰਸੀਪਲ ਡਿਪਟੀ ਡਾਇਰੈਕਟਰ ਆਫ ਨੈਸ਼ਨਲ ਇੰਟੈਲੀਜੈਂਸ ਵਜੋਂ ਕੰਮ ਕਰ ਰਹੇ ਸਨ ਅਤੇ ਉਹ ਸੀ.ਆਈ.ਏ. ਤੇ ਨੈਸ਼ਨਲ ਸਕਿਓਰਿਟੀ ਕੌਂਸਲ ਵਿਚ ਵੀ ਅਹਿਮ ਭੂਮਿਕਾਵਾਂ ਨਿਭਾ ਚੁੱਕੇ ਹਨ।

ਤੁਲਸੀ ਗੈਬਰਡ ਨੇ ਆਪਣੇ ਪਤੀ ਅਬ੍ਰਾਹਮ ਵਿਲੀਅਮਜ਼ ਦੀ ਇੱਕ ਦੁਰਲੱਭ ਹੱਡੀਆਂ ਦੇ ਕੈਂਸਰ ਦੀ ਬਿਮਾਰੀ ਦਾ ਹਵਾਲਾ ਦਿੰਦੇ ਹੋਏ ਅਸਤੀਫਾ ਦਿੱਤਾ ਹੈ। ਹਾਲਾਂਕਿ ਕਈ ਅਮਰੀਕੀ ਮੀਡੀਆ ਰਿਪੋਰਟਾਂ ਵਿਚ ਇਹ ਵੀ ਕਿਹਾ ਗਿਆ ਕਿ ਟਰੰਪ ਪ੍ਰਸ਼ਾਸਨ ਦੇ ਅੰਦਰ ਇਰਾਨ ਨੀਤੀ ਅਤੇ ਖੁਫੀਆ ਮਾਮਲਿਆਂ ਨੂੰ ਲੈ ਕੇ ਅੰਦਰੂਨੀ ਤਣਾਅ ਵੀ ਵਧ ਰਹੇ ਸਨ। ਐਰਨ ਲੂਕਾਸ ਨੂੰ ਇੱਕ ਕਰੀਅਰ ਇੰਟੈਲੀਜੈਂਸ ਅਧਿਕਾਰੀ ਮੰਨਿਆ ਜਾਂਦਾ ਹੈ। ਉਹ ਪਹਿਲਾਂ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਨੈਸ਼ਨਲ ਸਕਿਓਰਿਟੀ ਕੌਂਸਲ ਵਿਚ ਯੂਰਪ ਅਤੇ ਰੂਸ ਮਾਮਲਿਆਂ ਦੇ ਡਿਪਟੀ ਸੀਨੀਅਰ ਡਾਇਰੈਕਟਰ ਵੀ ਰਹੇ ਹਨ। ਉਨ੍ਹਾਂ ਦੀ ਸੈਨੇਟ ਵੱਲੋਂ 2025 ਵਿਚ ਪੁਸ਼ਟੀ 51-46 ਵੋਟਾਂ ਨਾਲ ਹੋਈ ਸੀ।

# ਵ੍ਹਾਈਟ ਹਾਊਸ ਨੇੜੇ ਗੋਲੀਬਾਰੀ ਕਰਨ ਵਾਲੇ ਸ਼ੱਕੀ ਦੀ ਪੁਲਿਸ ਹਮਲੇ 'ਚ ਮੌਤ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਵਾਸ਼ਿੰਗਟਨ ਡੀ.ਸੀ. 'ਚ ਵ੍ਹਾਈਟ ਹਾਊਸ ਦੇ ਨੇੜੇ ਉਸ ਵੇਲੇ ਹੜਕੰਪ ਮਚ ਗਿਆ, ਜਦੋਂ ਇੱਕ ਹਥਿਆਰਬੰਦ ਵਿਅਕਤੀ ਨੇ ਸੀਕ੍ਰੇਟ ਸਰਵਿਸ ਦੇ ਚੈਕਪੋਇੰਟ ਵੱਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅਮਰੀਕੀ ਸੀਕ੍ਰੇਟ ਸਰਵਿਸ ਨੇ ਜਵਾਬੀ ਕਾਰਵਾਈ ਕਰਦਿਆਂ ਸ਼ੱਕੀ ਨੂੰ ਗੋਲੀ ਮਾਰ ਦਿੱਤੀ, ਜਿਸ ਦੀ ਬਾਅਦ ਵਿਚ ਹਸਪਤਾਲ 'ਚ ਮੌਤ ਹੋ ਗਈ। ਇਹ ਘਟਨਾ 17ਵੀਂ ਸਟ੍ਰੀਟ ਅਤੇ ਪੈਨਸਿਲਵੇਨੀਆ ਐਵੇਨਿਊ ਦੇ ਨੇੜੇ ਵਾਪਰੀ, ਜਿਸ ਤੋਂ ਬਾਅਦ ਕੁਝ ਸਮੇਂ ਲਈ ਵਾਈਟ ਹਾਊਸ ਨੂੰ ਲਾਕਡਾਊਨ ਕਰ ਦਿੱਤਾ ਗਿਆ। ਮੌਕੇ 'ਤੇ ਮੌਜੂਦ ਪੱਤਰਕਾਰਾਂ ਨੇ ਦੱਸਿਆ ਕਿ ਲਗਾਤਾਰ ਕਈ ਗੋਲੀਆਂ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਅਤੇ ਉਨ੍ਹਾਂ ਨੂੰ ਤੁਰੰਤ ਸੁਰੱਖਿਅਤ ਥਾਂ 'ਤੇ ਲਿਜਾਇਆ ਗਿਆ।

ਗੋਲੀਬਾਰੀ 'ਚ ਮਾਰੇ ਗਏ ਸ਼ੱਕੀ ਦੀ ਪਛਾਣ 21 ਸਾਲਾ ਨਾਸਿਰ ਬੈਸਟ ਵਜੋਂ ਹੋਈ ਹੈ। ਅਧਿਕਾਰੀਆਂ ਮੁਤਾਬਕ ਉਹ ਮੈਰੀਲੈਂਡ ਦੇ ਡੰਡਲਕ ਇਲਾਕੇ ਦਾ ਰਹਿਣ ਵਾਲਾ ਸੀ ਅਤੇ ਪਹਿਲਾਂ ਵੀ ਵ੍ਹਾਈਟ ਹਾਊਸ ਕੰਪਲੈਕਸ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਚੁੱਕਿਆ ਸੀ।

ਰਿਪੋਰਟਾਂ ਅਨੁਸਾਰ, 10 ਜੁਲਾਈ 2025 ਨੂੰ ਨਾਸਿਰ ਬੈਸਟ 'ਤੇ ਵ੍ਹਾਈਟ ਹਾਊਸ ਦੇ ਇੱਕ ਐਂਟਰੀ ਪੁਆਇੰਟ "1699 ਸਟੇਟ ਪਲੇਸ ਐੱਨ.ਡਬਲਯੂ." ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਲੱਗੇ ਸਨ। ਇਸ ਮਾਮਲੇ ਵਿਚ ਅਦਾਲਤ ਨੇ ਉਸ 'ਤੇ "stay-away order" ਜਾਰੀ ਕੀਤਾ ਸੀ, ਜਿਸਦਾ ਮਤਲਬ ਸੀ ਕਿ ਉਹ ਵਾਈਟ ਹਾਊਸ ਇਲਾਕੇ ਤੋਂ ਦੂਰ ਰਹੇ। ਪਰ ਬਾਅਦ ਵਿਚ ਉਹ ਅਦਾਲਤ ਵਿਚ ਪੇਸ਼ ਨਾ ਹੋਇਆ, ਜਿਸ ਕਾਰਨ ਉਸ ਦੀ ਗ੍ਰਿਫ਼ਤਾਰੀ ਲਈ ਵਾਰੰਟ ਵੀ ਜਾਰੀ ਹੋ ਗਿਆ ਸੀ।

ਤਾਜ਼ਾ ਘਟਨਾ ਉਦੋਂ ਵਾਪਰੀ, ਜਦੋਂ ਇੱਕ ਡੀ.ਸੀ. ਪੁਲਿਸ ਅਫਸਰ ਵ੍ਹਾਈਟ ਹਾਊਸ ਦੇ ਪੈਦਲ ਦਾਖਲਾ ਗੇਟ 'ਤੇ ਡਿਊਟੀ ਕਰ ਰਿਹਾ ਸੀ। ਦਸਤਾਵੇਜ਼ਾਂ ਮੁਤਾਬਕ ਨਾਸਿਰ ਬੈਸਟ ਨੇ "Do Not Enter – Exit Only" ਲਿਖੇ ਗੇਟ ਰਾਹੀਂ ਰੋਕੀ ਹੋਈ ਜਗ੍ਹਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ।

ਪੁਲਿਸ ਦੇ ਹਲਫਨਾਮੇ ਵਿਚ ਦਰਜ ਹੈ ਕਿ ਨਾਸਿਰ ਬੈਸਟ ਆਪਣੇ ਆਪ ਨੂੰ "ਜੀਸਸ ਕਰਾਇਸਟ" ਦੱਸ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਉਹ ਗ੍ਰਿਫ਼ਤਾਰ ਹੋਣਾ ਚਾਹੁੰਦਾ ਹੈ। ਸੀਕ੍ਰੇਟ ਸਰਵਿਸ ਦੇ ਅਧਿਕਾਰੀਆਂ ਨੇ ਵੀ ਕਿਹਾ ਕਿ ਉਹ ਪਹਿਲਾਂ ਤੋਂ ਨਾਸਿਰ ਬੈਸਟ ਨਾਲ ਜਾਣੂ ਸਨ ਕਿਉਂਕਿ ਉਹ ਵੱਖ-ਵੱਖ ਐਂਟਰੀ ਪੁਆਇੰਟਾਂ 'ਤੇ ਆ ਕੇ ਵ੍ਹਾਈਟ ਹਾਊਸ ਵਿਚ ਦਾਖਲਾ ਲੈਣ ਬਾਰੇ ਪੁੱਛਗਿੱਛ ਕਰਦਾ ਰਹਿੰਦਾ ਸੀ।

ਰਿਕਾਰਡਾਂ ਮੁਤਾਬਕ, 26 ਜੂਨ 2025 ਨੂੰ ਵੀ ਸੀਕ੍ਰੇਟ ਸਰਵਿਸ ਨੇ ਉਸ ਨੂੰ ਮਾਨਸਿਕ ਸਿਹਤ ਸੰਬੰਧੀ ਕਾਰਨਾਂ ਕਰਕੇ ਹਿਰਾਸਤ ਵਿਚ ਲਿਆ ਸੀ। ਉਸ 'ਤੇ ਵ੍ਹਾਈਟ ਹਾਊਸ ਕੰਪਲੈਕਸ ਦੇ ਵਾਹਨਾਂ ਵਾਲੇ ਰਸਤੇ ਨੂੰ ਰੋਕਣ ਦੇ ਦੋਸ਼ ਲੱਗੇ ਸਨ।

ਰਿਪੋਰਟਾਂ ਅਨੁਸਾਰ, ਰਾਸ਼ਟਰਪਤੀ ਡੋਨਾਲਡ ਟਰੰਪ ਉਸ ਵੇਲੇ ਵਾਈਟ ਹਾਊਸ ਵਿਚ ਹੀ ਮੌਜੂਦ ਸਨ ਅਤੇ ਮੱਧ-ਪੂਰਬ, ਖਾਸ ਕਰਕੇ ਇਰਾਨ ਨਾਲ ਜੁੜੇ ਮਾਮਲਿਆਂ 'ਤੇ ਮੀਟਿੰਗਾਂ ਕਰ ਰਹੇ ਸਨ, ਪਰ ਇਸ ਘਟਨਾ ਵਿਚ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ।

ਫੈਡਰਲ ਏਜੰਸੀਆਂ ਹੁਣ ਪੂਰੇ ਮਾਮਲੇ ਦੀ ਜਾਂਚ ਕਰ ਰਹੀਆਂ ਹਨ ਕਿ ਸ਼ੱਕੀ ਦਾ ਅਸਲ ਮਕਸਦ ਕੀ ਸੀ ਅਤੇ ਉਸ ਦੀ ਮਾਨਸਿਕ ਹਾਲਤ ਕਿਹੋ ਜਿਹੀ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਲੀਫੋਰਨੀਆ ਪ੍ਰਾਇਮਰੀ ਚੋਣਾਂ 'ਚ ਸ਼ੁਰੂਆਤੀ ਵੋਟਿੰਗ ਹੌਲੀ; ਰਿਪਬਲਿਕਨ ਵੋਟਰਾਂ 'ਚ ਵੱਧ ਉਤਸ਼ਾਹ

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਦੀ 2 ਜੂਨ ਨੂੰ ਹੋਣ ਵਾਲੀ ਪ੍ਰਾਇਮਰੀ ਚੋਣ ਤੋਂ ਇੱਕ ਹਫ਼ਤਾ ਪਹਿਲਾਂ ਵੀ ਵੋਟਰ ਵੱਲੋਂ ਵੋਟਿੰਗ ਕਾਫ਼ੀ ਹੌਲੀ ਚੱਲ ਰਹੀ ਹੈ। ਨਵੇਂ ਅੰਕੜਿਆਂ ਮੁਤਾਬਕ ਹੁਣ ਤੱਕ ਸਿਰਫ਼ ਕਰੀਬ 7 ਫੀਸਦੀ ਬੈਲਟ ਹੀ ਵਾਪਸ ਆਈਆਂ ਹਨ, ਜੋ ਲਗਭਗ 2 ਮਿਲੀਅਨ ਵੋਟਾਂ ਬਣਦੀਆਂ ਹਨ। ਰਾਜ ਭਰ ਵਿਚ 23 ਮਿਲੀਅਨ ਤੋਂ ਵੱਧ ਡਾਕ ਰਾਹੀਂ ਵੋਟ ਬੈਲਟ ਭੇਜੀਆਂ ਗਈਆਂ ਸਨ।

ਚੋਣ ਮਾਹਿਰ ਪਾਲ ਮਿਸ਼ੇਲ ਮੁਤਾਬਕ ਇਸ ਵਾਰ ਰਿਪਬਲਿਕਨ ਵੋਟਰਾਂ ਵਿਚ ਕਾਫ਼ੀ ਉਤਸ਼ਾਹ ਨਜ਼ਰ ਆ ਰਿਹਾ ਹੈ ਅਤੇ ਉਨ੍ਹਾਂ ਦੀ ਵੋਟਿੰਗ 2022 ਦੀ ਗਵਰਨਰ ਪ੍ਰਾਇਮਰੀ ਨਾਲੋਂ ਦੋਗੁਣੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਸਟੀਵ ਹਿਲਟਨ ਅਤੇ ਚਾਡ ਬਿਆਨਕੋ ਵਰਗੇ ਉਮੀਦਵਾਰਾਂ ਨੇ ਰਿਪਬਲਿਕਨ ਵੋਟਰਾਂ ਨੂੰ ਉਤਸ਼ਾਹਿਤ ਕੀਤਾ ਹੈ।

ਮਿੰਡੀ ਰੋਮੇਰੋ ਨੇ ਕਿਹਾ ਕਿ ਰਿਪਬਲਿਕਨ ਵੋਟਰਾਂ ਨੂੰ ਹੁਣ ਲੱਗ ਰਿਹਾ ਹੈ ਕਿ ਉਹ ਰਾਜ ਪੱਧਰੀ ਦੌੜ ਵਿਚ ਮੁਕਾਬਲੇ ਵਿਚ ਹਨ, ਜਿਸ ਨਾਲ ਉਹ ਵੱਧ ਗਿਣਤੀ ਵਿਚ ਵੋਟ ਪਾ ਰਹੇ ਹਨ।

ਦੂਜੇ ਪਾਸੇ ਡੈਮੋਕ੍ਰੈਟਿਕ ਵੋਟਰ ਹਾਲੇ ਵੀ ਆਪਣੇ ਬੈਲਟ ਰੋਕ ਕੇ ਬੈਠੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਗਵਰਨਰ ਰੇਸ ਵਿਚ ਕਈ ਡੈਮੋਕ੍ਰੈਟਿਕ ਉਮੀਦਵਾਰ ਹੋਣ ਕਾਰਨ ਲੋਕ ਹਾਲੇ ਫੈਸਲਾ ਕਰਨ ਵਿਚ ਸਮਾਂ ਲੈ ਰਹੇ ਹਨ।

ਮਿਸ਼ੇਲ ਨੇ ਕਿਹਾ ਕਿ ਬਹੁਤ ਸਾਰੇ ਡੈਮੋਕ੍ਰੈਟਿਕ ਵੋਟਰ "ਰਣਨੀਤਕ ਵੋਟਿੰਗ" ਬਾਰੇ ਸੋਚ ਰਹੇ ਹਨ, ਯਾਨੀ ਉਹ ਆਪਣੇ ਮਨਪਸੰਦ ਉਮੀਦਵਾਰ ਦੀ ਥਾਂ ਉਸ ਉਮੀਦਵਾਰ ਨੂੰ ਵੋਟ ਦੇ ਸਕਦੇ ਹਨ, ਜਿਸਦੀ ਜਿੱਤ ਦੀ ਸੰਭਾਵਨਾ ਵੱਧ ਹੋਵੇ। ਇਹ ਕੈਲੀਫੋਰਨੀਆ ਦੇ "ਟਾਪ-ਟੂ ਪ੍ਰਾਇਮਰੀ ਸਿਸਟਮ" ਕਾਰਨ ਹੋ ਰਿਹਾ ਹੈ, ਜਿਸ ਵਿਚ ਪਾਰਟੀ ਤੋਂ ਬਿਨਾਂ ਸਭ ਤੋਂ ਵੱਧ ਵੋਟਾਂ ਲੈਣ ਵਾਲੇ ਦੋ ਉਮੀਦਵਾਰ ਜਨਰਲ ਚੋਣ ਵਿਚ ਜਾਂਦੇ ਹਨ।

ਰਸਟੀ ਹਿਕਸ ਨੇ ਕਿਹਾ ਕਿ ਡੈਮੋਕ੍ਰੈਟਿਕ ਵੋਟਰ ਹੌਲੀ-ਹੌਲੀ ਆਪਣੇ ਚੁਣੇ ਹੋਏ ਉਮੀਦਵਾਰਾਂ ਵੱਲ ਇਕੱਠੇ ਹੋ ਰਹੇ ਹਨ ਅਤੇ ਪਾਰਟੀ ਨੂੰ ਭਰੋਸਾ ਹੈ ਕਿ ਵੋਟਿੰਗ ਵਧੇਗੀ।

ਇਸੇ ਦੌਰਾਨ ਸਭ ਤੋਂ ਨਵੀਂ ਪੋਲਿੰਗ ਮੁਤਾਬਕ ਰਿਪਬਲਿਕਨ ਉਮੀਦਵਾਰ ਸਟੀਵ ਹਿਲਟਨ ਗਵਰਨਰ ਰੇਸ ਵਿਚ ਅੱਗੇ ਦਿਖਾਈ ਦੇ ਰਹੇ ਹਨ, ਜਦਕਿ ਡੈਮੋਕ੍ਰੈਟਿਕ ਉਮੀਦਵਾਰ ਜ਼ੈਵੀਅਰ ਬਸੇਰਾ ਅਤੇ ਟੌਮ ਸਟੀਅਰ ਉਸਦੇ ਪਿੱਛੇ ਹਨ।

# ਟਰੰਪ ਪ੍ਰਸ਼ਾਸਨ ਦੇ ਨਵੇਂ ਗ੍ਰੀਨ ਕਾਰਡ ਮੈਮੋ ਨਾਲ ਪ੍ਰਵਾਸੀਆਂ ਅਤੇ ਵਕੀਲਾਂ ਵਿੱਚ ਘਬਰਾਹਟ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਵੱਲੋਂ ਛੁੱਟੀਆਂ ਵਾਲੇ ਵੀਕਐਂਡ ਤੋਂ ਠੀਕ ਪਹਿਲਾਂ ਜਾਰੀ ਕੀਤੇ ਗਏ ਨਵੇਂ ਗ੍ਰੀਨ ਕਾਰਡ ਮੈਮੋ ਨੇ ਅਮਰੀਕਾ ਵਿਚ ਰਹਿ ਰਹੇ ਹਜ਼ਾਰਾਂ ਪ੍ਰਵਾਸੀਆਂ ਅਤੇ ਇਮੀਗ੍ਰੇਸ਼ਨ ਵਕੀਲਾਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ। ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੁਣ "ਐਡਜਸਮੈਂਟ ਆਫ ਸਟੇਟਸ" — ਜਿਸ ਰਾਹੀਂ ਲੋਕ ਅਮਰੀਕਾ ਦੇ ਅੰਦਰ ਰਹਿੰਦੇ ਹੋਏ ਗ੍ਰੀਨ ਕਾਰਡ ਲਈ ਅਰਜ਼ੀ ਦੇ ਸਕਦੇ ਸਨ — ਸਿਰਫ "ਅਸਾਧਾਰਨ ਹਾਲਾਤ" ਵਿਚ ਹੀ ਮਨਜ਼ੂਰ ਕੀਤਾ ਜਾਵੇਗਾ। ਇਸ ਦਾ ਮਤਲਬ ਹੈ ਕਿ ਕਈ ਲੋਕਾਂ ਨੂੰ ਆਪਣੀ ਗ੍ਰੀਨ ਕਾਰਡ ਪ੍ਰਕਿਰਿਆ ਪੂਰੀ ਕਰਨ ਲਈ ਆਪਣੇ ਦੇਸ਼ ਵਾਪਸ ਜਾਣਾ ਪੈ ਸਕਦਾ ਹੈ।

ਇਮੀਗ੍ਰੇਸ਼ਨ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਮੈਮੋ ਜਾਰੀ ਹੋਣ ਦੇ ਕੁਝ ਮਿੰਟਾਂ ਵਿਚ ਹੀ ਲੋਕਾਂ ਦੇ ਫੋਨ, ਟੈਕਸਟ ਅਤੇ ਈਮੇਲ ਆਉਣੇ ਸ਼ੁਰੂ ਹੋ ਗਏ ਸਨ। ਲੋਕ ਇਹ ਜਾਣਨਾ ਚਾਹੁੰਦੇ ਸਨ ਕਿ ਕੀ ਉਨ੍ਹਾਂ ਦੇ ਸਾਲਾਂ ਤੋਂ ਚੱਲ ਰਹੇ ਗ੍ਰੀਨ ਕਾਰਡ ਪਲਾਨ ਹੁਣ ਅਚਾਨਕ ਬਦਲ ਜਾਣਗੇ।

ਸਾਬਕਾ ਯੂ.ਐੱਸ.ਸੀ.ਆਈ.ਐੱਸ. ਚੀਫ ਕੌਂਸਲ ਅਤੇ ਬਲ ਫਰਮ ਦੇ ਪਾਰਟਨਰ ਲਿੰਡਨ ਮੇਲਮੇਡ ਨੇ ਕਿਹਾ ਕਿ ਇਮੀਗ੍ਰੇਸ਼ਨ ਵਕੀਲਾਂ ਨੂੰ ਆਪਣੀਆਂ ਛੁੱਟੀਆਂ ਰੱਦ ਕਰਕੇ ਮੈਮੋ ਦੀ ਸਮੀਖਿਆ ਅਤੇ ਕਲਾਇੰਟਾਂ ਦੇ ਸਵਾਲਾਂ ਦੇ ਜਵਾਬ ਦੇਣੇ ਪਏ।

ਯੂ.ਐੱਸ.ਸੀ.ਆਈ.ਐੱਸ. ਦੇ ਬੁਲਾਰੇ ਜ਼ੈਕ ਕਾਹਲਰ ਨੇ ਕਿਹਾ ਕਿ ਜਿਹੜੀਆਂ ਅਰਜ਼ੀਆਂ "ਆਰਥਿਕ ਲਾਭ" ਜਾਂ "ਰਾਸ਼ਟਰੀ ਹਿਤ" ਨਾਲ ਜੁੜੀਆਂ ਹਨ, ਉਨ੍ਹਾਂ 'ਤੇ ਸ਼ਾਇਦ ਵੱਡਾ ਅਸਰ ਨਾ ਪਵੇ। ਪਰ ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਮੌਜੂਦਾ ਹਾਲਾਤਾਂ ਨੇ ਕਈ ਸਾਲਾਂ ਤੋਂ ਸਥਿਰ ਚੱਲ ਰਹੀ ਪ੍ਰਕਿਰਿਆ ਵਿਚ ਅਚਾਨਕ ਅਨਿਸ਼ਚਿਤਤਾ ਪੈਦਾ ਕਰ ਦਿੱਤੀ ਹੈ।

ਇਮੀਗ੍ਰੇਸ਼ਨ ਵਕੀਲ ਲੋਰੇਨ ਲੌਕ ਨੇ ਕਿਹਾ ਕਿ ਇਹ ਮੈਮੋ ਬਿਨਾਂ ਕਿਸੇ ਚੇਤਾਵਨੀ ਦੇ ਆਇਆ ਅਤੇ ਇਸ ਨੇ ਪ੍ਰਵਾਸੀਆਂ ਵਿਚ ਡਰ ਦਾ ਮਾਹੌਲ ਬਣਾਇਆ ਹੈ।

ਫਰੈਗੋਮੇਨ ਫਰਮ ਦੇ ਵਕੀਲ ਬ੍ਰਾਇਨ ਹੰਟ ਨੇ ਕਿਹਾ ਕਿ ਜੇ ਕਰਮਚਾਰੀਆਂ ਨੂੰ ਗ੍ਰੀਨ ਕਾਰਡ ਪ੍ਰਕਿਰਿਆ ਲਈ ਅਮਰੀਕਾ ਛੱਡਣਾ ਪਿਆ, ਤਾਂ ਕੰਪਨੀਆਂ ਲਈ ਵੱਡੀ ਮੁਸ਼ਕਲ ਪੈਦਾ ਹੋ ਸਕਦੀ ਹੈ, ਕਿਉਂਕਿ ਕੌਂਸਲਰ ਪ੍ਰੋਸੈਸਿੰਗ ਕਈ ਵਾਰ ਮਹੀਨਿਆਂ ਤੱਕ ਲੰਬੀ ਖਿੱਚ ਸਕਦੀ ਹੈ।

ਕਈ ਮਾਹਿਰਾਂ ਨੇ ਕਿਹਾ ਕਿ ਹੁਣ ਲੋਕਾਂ ਵਿਚ ਇਹ ਸਵਾਲ ਵੱਧ ਰਹੇ ਹਨ ਕਿ ਕੀ ਉਹ ਗ੍ਰੀਨ ਕਾਰਡ ਲਈ ਅਰਜ਼ੀ ਜਾਰੀ ਰੱਖਣ, ਕੀ ਪੈਂਡਿੰਗ ਕੇਸ ਪ੍ਰਭਾਵਿਤ ਹੋਣਗੇ ਅਤੇ ਕੀ ਅੰਤਰਰਾਸ਼ਟਰੀ ਯਾਤਰਾ ਤੋਂ ਬਚਣਾ ਚਾਹੀਦਾ ਹੈ।

ਇਮੀਗ੍ਰੇਸ਼ਨ ਫਰਮ ਫਲੈਗਸ਼ਿਪ ਲਾਅ ਦੇ ਫਾਊਂਡਰ ਦਿਵਿਜ ਕਿਸ਼ੋਰ ਨੇ ਕਿਹਾ ਕਿ ਬਹੁਤ ਸਾਰੇ ਲੋਕ ਡਰ ਦੇ ਆਧਾਰ 'ਤੇ ਫੈਸਲੇ ਲੈ ਰਹੇ ਹਨ ਅਤੇ ਪ੍ਰਵਾਸੀਆਂ ਵਿਚ ਹੁਣ "ਥਕਾਵਟ ਅਤੇ ਅਨਿਸ਼ਚਿਤਤਾ" ਦੀ ਭਾਵਨਾ ਸਾਫ਼ ਨਜ਼ਰ ਆ ਰਹੀ ਹੈ।

# ਕੈਲੀਫੋਰਨੀਆ 'ਚ 54 ਲੱਖ ਤੋਂ ਵੱਧ ਵੋਟਰਾਂ ਨੇ "Where's My Ballot?" ਸੇਵਾ ਲਈ ਰਜਿਸਟਰ ਕੀਤਾ

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਦੀ ਸੈਕਰਟਰੀ ਆਫ ਸਟੇਟ ਸ਼ਰਲੀ ਐਨ. ਵੇਬਰ ਨੇ ਐਲਾਨ ਕੀਤਾ ਹੈ ਕਿ ਸੂਬੇ ਦੇ 5.4 ਮਿਲੀਅਨ ਤੋਂ ਵੱਧ ਵੋਟਰ **"Where's My Ballot?"** ਬੈਲਟ ਟ੍ਰੈਕਿੰਗ ਸੇਵਾ ਨਾਲ ਜੁੜ ਚੁੱਕੇ ਹਨ। ਇਸ ਸੇਵਾ ਰਾਹੀਂ ਵੋਟਰ ਆਪਣੀ ਵੋਟਿੰਗ ਬੈਲਟ ਦੀ ਪੂਰੀ ਜਾਣਕਾਰੀ ਆਪਣੇ ਫੋਨ ਜਾਂ ਈਮੇਲ ਰਾਹੀਂ ਪ੍ਰਾਪਤ ਕਰ ਸਕਦੇ ਹਨ।

ਸੈਕਟਰੀ ਵੇਬਰ ਨੇ ਕਿਹਾ ਕਿ ਇਹ ਪ੍ਰਣਾਲੀ ਚੋਣ ਪ੍ਰਕਿਰਿਆ ਵਿਚ ਭਰੋਸਾ, ਪਾਰਦਰਸ਼ਤਾ ਅਤੇ ਸੁਵਿਧਾ ਨੂੰ ਮਜ਼ਬੂਤ ਕਰਦੀ ਹੈ। ਉਨ੍ਹਾਂ ਦੱਸਿਆ ਕਿ ਵੋਟਰਾਂ ਨੂੰ ਆਟੋਮੈਟਿਕ ਅਪਡੇਟ ਮਿਲਦੀ ਹੈ, ਜਦੋਂ ਉਨ੍ਹਾਂ ਦੀ ਬੈਲਟ ਮੇਲ ਕੀਤੀ ਜਾਂਦੀ ਹੈ, ਇਲੈਕਸ਼ਨ ਦਫ਼ਤਰ ਤੱਕ ਪਹੁੰਚਦੀ ਹੈ, ਗਿਣਤੀ ਵਿਚ ਸ਼ਾਮਲ ਹੁੰਦੀ ਹੈ ਜਾਂ ਜੇਕਰ ਬੈਲਟ ਨਾਲ ਕੋਈ ਸਮੱਸਿਆ ਆਉਂਦੀ ਹੈ।

ਇਸ ਸੇਵਾ ਨਾਲ ਜੁੜੇ ਵੋਟਰਾਂ ਨੂੰ ਕਾਊਂਟੀ ਇਲੈਕਸ਼ਨ ਦਫ਼ਤਰ ਵੱਲੋਂ ਮਹੱਤਵਪੂਰਨ ਚੋਣੀ ਡੈੱਡਲਾਈਨਾਂ, ਪੋਲਿੰਗ ਸਥਾਨਾਂ ਵਿਚ ਤਬਦੀਲੀਆਂ ਅਤੇ ਹੋਰ ਜ਼ਰੂਰੀ ਜਾਣਕਾਰੀਆਂ ਵੀ ਭੇਜੀਆਂ ਜਾਂਦੀਆਂ ਹਨ।

ਕੈਲੀਫੋਰਨੀਆ ਵਿਚ 2 ਜੂਨ 2026 ਨੂੰ ਹੋਣ ਵਾਲੀਆਂ ਚੋਣਾਂ ਲਈ 30 ਕਾਊਂਟੀਆਂ ਵਿਚ 23 ਮਈ ਤੋਂ ਅਗਾਊਂ ਵੋਟਿੰਗ ਸੈਂਟਰ ਖੁੱਲ੍ਹ ਚੁੱਕੇ ਹਨ। ਅਧਿਕਾਰੀਆਂ ਮੁਤਾਬਕ ਡਾਕ ਰਾਹੀਂ ਵੋਟ ਬੈਲਟ 2 ਜੂਨ ਤੱਕ ਪੋਸਟਮਾਰਕ ਹੋਣੀ ਚਾਹੀਦੀ ਹੈ ਅਤੇ 9 ਜੂਨ 2026 ਤੱਕ ਇਲੈਕਸ਼ਨ ਦਫ਼ਤਰਾਂ ਤੱਕ ਪਹੁੰਚ ਜਾਣੀ ਲਾਜ਼ਮੀ ਹੈ।

ਚੋਣ ਅਧਿਕਾਰੀਆਂ ਨੇ ਵੋਟਰਾਂ ਨੂੰ ਸਲਾਹ ਦਿੱਤੀ ਹੈ ਕਿ ਡਾਕ ਰਾਹੀਂ ਬੈਲਟ ਭੇਜਣ ਵਾਲੇ ਲੋਕ ਆਪਣੀ ਬੈਲਟ ਜਲਦੀ ਭੇਜਣ ਅਤੇ ਸੰਭਵ ਹੋਵੇ ਤਾਂ ਪੋਸਟ ਆਫਿਸ ਤੋਂ ਮੈਨੂਅਲ ਪੋਸਟਮਾਰਕ ਲਵਾਉਣ, ਤਾਂ ਜੋ ਵੋਟ ਗਿਣਤੀ ਵਿਚ ਕੋਈ ਸਮੱਸਿਆ ਨਾ ਆਵੇ। ਵੋਟਰ ਆਪਣੀ ਰਜਿਸਟ੍ਰੇਸ਼ਨ ਸਥਿਤੀ ਅਤੇ ਬੈਲਟ ਟ੍ਰੈਕਿੰਗ ਲਈ California Secretary of State Elections Portal 'ਤੇ ਜਾ ਕੇ ਜਾਣਕਾਰੀ ਹਾਸਲ ਕਰ ਸਕਦੇ ਹਨ।


**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**



ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥
As His Decree is issued, so is His Command obeyed.
Those who are sent, come, O Nanak; when they are called back, they depart and go.



IN LOVING MEMORY OF
NAVJOT SINGH JOHAL
June 15, 1972 – May 22, 2026
FUNERAL SERVICE WILL BE HELD ON
SATURDAY, MAY 30, 2026
10:00 AM - 12:00 PM
NORTH SACRAMENTO FUNERAL HOME
725 el camino avenue
Sacramento, CA 95815
SEHAJ PAATH DA BHOG
1:00 PM
AT
GURDWARA BRADSHAW SACRAMENTO SIKH SOCIETY
7676 Bradshaw Rd
Sacramento, CA 95829
Johal & Gill Family: 917-717-2277





01/02/1954 - 05/15/2026
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ।
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ।
As His Decree is issued, so is His Command obeyed.
Those who are sent, come, O Nanak; when they are called back, they depart and go.
*In loving memory of*
**Mohinder Kaur Brar**
*Has completed her journey of life and left for heavenly abode on Friday, May 15th 2026*
**Funeral Service at Green Lawn Memorial Park Southwest**
Sunday, May 31st, 2026
10:00 am - 12:00pm
2739 Panama Ln, Bakersfield, CA 93313
**Followed by Bhog, Antim Ardas & Guru ka Langar :**
**Gurdwara Guru Angad Darbar**
01:00pm - 02:00pm
8100 Stine Rd, Bakersfield, CA 93313
*You will be dearly missed by your Family & Friends*

| Gurdeep Singh Brar | Lucky Brar | Bobby Brar |
|---|---|---|
| 832-375-9094 | 661-331-0701 | 661-472-4149 |

# ਫਰਿਜ਼ਨੋ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ 303 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਹੋਏ ਵਿਸ਼ੇਸ਼ ਸਮਾਗਮ

**ਫਰਿਜ਼ਨੋ, (ਧਾਲੀਆਂ/ ਮਾਛੀਕੇ/ ਪੰਜਾਬ ਮੇਲ)-** ਫਰਿਜ਼ਨੋ ਦੇ ਗੁਰਦੁਆਰਾ "ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਆਗੂ ਜੱਸਾ ਸਿੰਘ ਰਾਮਗੜ੍ਹੀਆਂ ਦੀ 303 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਗਏ। ਜਿੱਥੇ ਪਾਠ ਦੇ ਭੋਗ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ। ਜਿਨ੍ਹਾਂ ਦੀ ਸ਼ੁਰੂਆਤ ਗੁਰੂਘਰ ਅੰਦਰ ਚਲਾਏ ਜਾ ਰਹੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਇਨ ਕਰਨ ਨਾਲ ਕੀਤੀ। ਇਸ ਉਪਰੰਤ ਗੁਰਬਾਣੀ ਕੀਰਤਨ ਜੱਥੇ ਨੇ ਕੀਰਤਨ ਰਾਹੀਂ ਹਾਜ਼ਰੀ ਲਾਉਂਦੇ ਹੋਏ ਗੁਰਬਾਣੀ ਸਰਵਨ ਕਰਵਾਈ ਅਤੇ ਕਥਾ ਵਿਚਾਰਾਂ ਹੋਈਆਂ। ਉਪਰੰਤ ਗੁਰੂ ਘਰ ਵਿਖੇ ਹਾਜ਼ਰ ਢਾਡੀ ਜੱਥੇ ਨੇ ਜੋਸ਼ੀਲੀਆਂ ਵਾਰਾ ਸੁਣਾਉਂਦੇ ਹੋਏ ਸਿੱਖ ਕੌਮ ਦੇ ਮਹਾਨ ਜਰਨੈਲ ਸ. ਜੱਸਾ ਸਿੰਘ ਰਾਮਗੜ੍ਹੀਆਂ ਦੇ ਜੀਵਨ ਅਤੇ ਇਤਿਹਾਸ ਨੂੰ ਸਾਂਝਾ ਕੀਤਾ। ਸਟੇਜ ਸਕੱਤਰ ਨੇ ਸੇਵਾ ਨਿਭਾਉਂਦੇ ਹੋਏ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆਂ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ



ਅਤੇ ਜਿੱਥੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆਂ ਦੀ ਸਿੱਖ ਕੌਮ ਨੂੰ ਬਹਾਦਰ ਬਣਾਉਣ ਦੀ ਗੱਲ ਕੀਤੀ, ਉੱਥੇ ਸਮੂਹ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਵੀ ਕੀਤਾ। ਇਸ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਸ. ਰੇਸ਼ਮ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਮੁੱਚੇ ਪ੍ਰੋਗਰਾਮ ਦੀ ਸੇਵਾ ਸਮੂਹ ਟਰੱਕਰਜ਼ ਅਤੇ ਸਹਿਯੋਗੀ ਸੰਗਤਾਂ ਵੱਲੋਂ ਰਲ-ਮਿਲ ਕੇ ਨਿਭਾਈ ਗਈ, ਜਿਸ ਲਈ ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਹਿਯੋਗੀ ਸੰਗਤਾਂ ਦਾ ਧੰਨਵਾਦ ਕਰਦੇ ਹਨ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰਬਾਣੀ ਪ੍ਰਵਾਹ ਅਤੇ ਗੁਰੂ ਦੇ ਲੰਗਰ ਅਤੁੱਟ ਵਰਤੇ। ਅਗਲੇ ਸਾਲ ਤੋਂ ਫਿਰ ਇਸ ਮਹਾਨ ਸ਼ਖਸੀਅਤ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਬਰਸੀ ਰਲ-ਮਿਲ ਮਨਾਉਣ ਦਾ ਵਾਅਦਾ ਕਰਦੇ ਹੋਏ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ।

# ਹੁਣ ਰਾਜਨੀਤਿਕ ਵਿਚਾਰਾਂ ਕਰਕੇ ਬੈਂਕ ਖਾਤੇ ਬੰਦ ਨਹੀਂ ਕਰਵਾ ਸਕਣਗੀਆਂ ਫੈਡਰਲ ਏਜੰਸੀਆਂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ 'ਚ "ਡੀਬੈਂਕਿੰਗ" ਨੂੰ ਲੈ ਕੇ ਇੱਕ ਵੱਡਾ ਨਵਾਂ ਫੈਡਰਲ ਨਿਯਮ 9 ਜੂਨ 2026 ਤੋਂ ਲਾਗੂ ਹੋਣ ਜਾ ਰਿਹਾ ਹੈ, ਜਿਸ ਤੋਂ ਬਾਅਦ ਐੱਫ.ਡੀ.ਆਈ.ਸੀ. ਅਤੇ ਓ.ਸੀ.ਸੀ. ਵਰਗੀਆਂ ਫੈਡਰਲ ਬੈਂਕਿੰਗ ਏਜੰਸੀਆਂ ਬੈਂਕਾਂ 'ਤੇ ਕਿਸੇ ਗਾਹਕ ਦਾ ਖਾਤਾ ਉਸਦੇ ਰਾਜਨੀਤਿਕ ਵਿਚਾਰਾਂ ਜਾਂ ਕਾਨੂੰਨੀ ਕਾਰੋਬਾਰ ਦੇ ਆਧਾਰ 'ਤੇ ਬੰਦ ਕਰਨ ਲਈ ਦਬਾਅ ਨਹੀਂ ਬਣਾ ਸਕਣਗੀਆਂ। ਇਹ ਨਿਯਮ ਖਾਸ ਤੌਰ 'ਤੇ ਉਸ ਵਿਵਾਦਿਤ "Reputation Risk" ਪਾਲਿਸੀ ਨੂੰ ਖਤਮ ਕਰਦਾ ਹੈ, ਜਿਸਦਾ ਵਰਤੋਂ ਕਈ ਸਾਲਾਂ ਤੋਂ ਬੈਂਕਾਂ ਨੂੰ ਕੁਝ ਵਿਸ਼ੇਸ਼ ਕਾਰੋਬਾਰਾਂ ਤੋਂ ਦੂਰ ਕਰਨ ਲਈ ਕੀਤੀ ਜਾਂਦੀ ਸੀ।

ਇਹ ਨਵਾਂ ਨਿਯਮ ਉਸ ਸਮੇਂ ਚਰਚਾ ਵਿਚ ਆਇਆ, ਜਦੋਂ ਕਈ ਹਥਿਆਰ ਵਿਕਰੇਤਾ, ਕ੍ਰਿਪਟੋ ਕੰਪਨੀਆਂ, ਟੋਬੈਕੋ ਅਤੇ ਪੇਡੇ ਲੋਨ ਕਾਰੋਬਾਰਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਬੈਂਕ ਖਾਤੇ ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਬੰਦ ਕਰ ਦਿੱਤੇ ਗਏ ਸਨ। ਇਸ ਮਾਮਲੇ ਨੂੰ ਪਹਿਲਾਂ "ਓਪਰੇਸ਼ਨ ਚੋਕ ਪੁਆਇੰਟ" ਦੇ ਨਾਮ ਨਾਲ ਜਾਣਿਆ ਗਿਆ ਸੀ, ਜਿਸ ਦੌਰਾਨ ਕਈ ਕਾਨੂੰਨੀ ਕਾਰੋਬਾਰਾਂ ਨੂੰ ਵੀ ਬੈਂਕਿੰਗ ਸਿਸਟਮ ਤੋਂ ਬਾਹਰ ਕੀਤਾ ਗਿਆ ਸੀ।

ਨਵੇਂ ਨਿਯਮ ਅਨੁਸਾਰ ਹੁਣ ਫੈਡਰਲ ਏਗਜ਼ਾਮਿਨਰ "Reputation Risk" ਦੇ ਆਧਾਰ 'ਤੇ ਬੈਂਕਾਂ ਨੂੰ ਨਕਾਰਾਤਮਕ ਰੇਟਿੰਗ

**■ ਅਮਰੀਕਾ 'ਚ "ਡੀਬੈਂਕਿੰਗ" ਸੰਬੰਧੀ ਨਵਾਂ ਫੈਡਰਲ ਨਿਯਮ 9 ਜੂਨ ਤੋਂ ਹੋਵੇਗਾ ਲਾਗੂ**

ਨਹੀਂ ਦੇ ਸਕਣਗੇ ਅਤੇ ਨਾ ਹੀ ਉਹ ਕਿਸੇ ਗਾਹਕ ਨਾਲ ਸਬੰਧ ਖਤਮ ਕਰਨ ਦੀ ਸਿਫਾਰਸ਼ ਕਰ ਸਕਣਗੇ। ਏਜੰਸੀਆਂ ਨੇ ਕਿਹਾ ਹੈ ਕਿ ਹੁਣ ਫੈਸਲੇ ਸਿਰਫ "ਸੁਰੱਖਿਆ ਅਤੇ ਤੰਦਰੁਸਤੀ", ਉਪਭੋਗਤਾ ਸੁਰੱਖਿਆ ਅਤੇ ਕਾਨੂੰਨੀ ਪਾਲਣਾ ਦੇ ਆਧਾਰ 'ਤੇ ਹੀ ਕੀਤੇ ਜਾਣਗੇ।

ਹਾਲਾਂਕਿ ਇਹ ਨਿਯਮ ਸਿੱਧੇ ਤੌਰ 'ਤੇ ਬੈਂਕਾਂ ਨੂੰ ਨਹੀਂ ਰੋਕਦਾ। ਜੇ ਕੋਈ ਬੈਂਕ ਆਪਣੀ ਮਰਜ਼ੀ ਨਾਲ ਧੋਖਾਧੜੀ, ਕਰੈਡਿਟ ਰਿਸਕ ਜਾਂ ਹੋਰ ਕਾਰੋਬਾਰੀ ਕਾਰਨਾਂ ਕਰਕੇ ਖਾਤਾ ਬੰਦ ਕਰਦਾ ਹੈ, ਤਾਂ ਇਹ ਨਿਯਮ ਉਸ 'ਤੇ ਲਾਗੂ ਨਹੀਂ ਹੋਵੇਗਾ। ਇਸ ਤੋਂ ਇਲਾਵਾ ਇਹ ਨਿਯਮ ਫੈਡਰਲ ਰਿਜ਼ਰਵ ਜਾਂ ਨੈਸ਼ਨਲ ਕ੍ਰੈਡਿਟ ਯੂਨੀਅਨ ਐਡਮਿਨਿਸਟ੍ਰੇਸ਼ਨ 'ਤੇ ਸਿੱਧਾ ਲਾਗੂ ਨਹੀਂ ਹੁੰਦਾ।

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਨਿਯਮ ਨਾਲ ਭਵਿੱਖ ਵਿਚ ਉਨ੍ਹਾਂ ਲੋਕਾਂ ਅਤੇ ਕਾਰੋਬਾਰਾਂ ਨੂੰ ਕੁਝ ਰਾਹਤ ਮਿਲ ਸਕਦੀ ਹੈ, ਜੋ ਆਪਣੇ ਰਾਜਨੀਤਿਕ ਵਿਚਾਰਾਂ ਜਾਂ ਕਾਨੂੰਨੀ ਕਾਰੋਬਾਰ ਕਾਰਨ ਬੈਂਕਿੰਗ ਸੇਵਾਵਾਂ ਤੋਂ ਵਾਂਝੇ ਰਹੇ ਸਨ। ਪਰ ਇਹ ਦੇਖਣਾ ਬਾਕੀ ਹੈ ਕਿ ਨਵੇਂ ਨਿਯਮ ਲਾਗੂ ਹੋਣ ਤੋਂ ਬਾਅਦ ਵੀ ਬੈਂਕਿੰਗ ਸਿਸਟਮ ਵਿਚ ਕਿੰਨਾ ਵੱਡਾ ਬਦਲਾਅ ਆਉਂਦਾ ਹੈ।

# ਕੈਲੀਫੋਰਨੀਆ ਦੀਆਂ 30 ਕਾਊਂਟੀਆਂ 'ਚ ਵੋਟਰਾਂ ਲਈ ਵੋਟ ਕੇਂਦਰ ਸ਼ੁਰੂ

**ਸੈਕਰਾਮੈਂਟੋ, (ਪੰਜਾਬ ਮੇਲ)-** ਸ਼ਿਰਲੀ ਐੱਨ. ਵੇਬਰ ਨੇ ਐਲਾਨ ਕੀਤਾ ਹੈ ਕਿ ਕੈਲੀਫੋਰਨੀਆ ਦੀਆਂ 30 ਕਾਊਂਟੀਆਂ ਵਿਚ ਵੋਟ ਕੇਂਦਰ ਹੁਣ ਵੋਟਰਾਂ ਲਈ ਖੋਲ੍ਹ ਦਿੱਤੇ ਗਏ ਹਨ। ਇਹ ਕੇਂਦਰ ਆਉਣ ਵਾਲੀਆਂ ਚੋਣਾਂ ਲਈ ਵੋਟਿੰਗ ਪ੍ਰਕਿਰਿਆ ਨੂੰ ਆਸਾਨ ਅਤੇ ਸੁਵਿਧਾਜਨਕ ਬਣਾਉਣ ਲਈ ਸ਼ੁਰੂ ਕੀਤੇ ਗਏ ਹਨ।

ਸੈਕਟਰੀ ਆਫ ਸਟੇਟ ਸ਼ਿਰਲੀ ਵੇਬਰ ਨੇ ਕਿਹਾ ਕਿ ਵੋਟਰ ਹੁਣ ਆਪਣੇ ਨਿਰਧਾਰਤ ਪੋਲਿੰਗ ਸਟੇਸ਼ਨ ਦੀ ਬਜਾਏ ਕਿਸੇ ਵੀ ਖੁੱਲ੍ਹੇ ਵੋਟ ਕੇਂਦਰ 'ਤੇ ਜਾ ਕੇ ਵੋਟ ਪਾ ਸਕਦੇ ਹਨ। ਇਨ੍ਹਾਂ ਕੇਂਦਰਾਂ 'ਤੇ ਲੋਕ ਵੋਟ ਪਾਉਣ ਦੇ ਨਾਲ-ਨਾਲ ਵੋਟਰ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ, ਬੈਲਟ ਡਰਾਪ ਕਰ ਸਕਦੇ ਹਨ ਅਤੇ ਜੇਕਰ ਕਿਸੇ ਨੂੰ ਆਪਣੀ ਬੈਲਟ ਨਾਲ ਸੰਬੰਧਿਤ ਸਮੱਸਿਆ ਹੋਵੇ, ਤਾਂ ਉਹ ਮਦਦ ਵੀ ਲੈ ਸਕਦੇ ਹਨ।

ਕੈਲੀਫੋਰਨੀਆ ਵਿਚ ਵੋਟ ਕੇਂਦਰ ਮਾਡਲ ਨੂੰ ਇਸ ਲਈ ਵਧਾਇਆ ਜਾ ਰਿਹਾ ਹੈ, ਤਾਂ ਜੋ ਲੋਕਾਂ ਨੂੰ ਲੰਬੀਆਂ ਲਾਈਨਾਂ ਅਤੇ ਦੂਰ-ਦੁਰਾਡੇ ਦੇ ਪੋਲਿੰਗ ਸਥਾਨਾਂ ਤੋਂ ਰਾਹਤ ਮਿਲ ਸਕੇ। ਖਾਸ ਕਰਕੇ ਕੰਮਕਾਜੀ ਲੋਕਾਂ, ਬਜ਼ੁਰਗਾਂ ਅਤੇ ਅਪਾਹਜ ਵੋਟਰਾਂ ਲਈ ਇਹ ਪ੍ਰਣਾਲੀ ਵਧੇਰੇ ਸੁਵਿਧਾਜਨਕ ਮੰਨੀ ਜਾ ਰਹੀ ਹੈ। ਚੋਣ ਅਧਿਕਾਰੀਆਂ ਨੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਹਿਲਾਂ ਹੀ ਆਪਣੀ ਕਾਊਂਟੀ ਦੇ ਵੋਟ ਕੇਂਦਰ ਦੀ ਜਾਣਕਾਰੀ ਚੈੱਕ ਕਰ ਲੈਣ। ਕਈ ਕੇਂਦਰ ਚੋਣ ਦਿਵਸ ਤੋਂ ਪਹਿਲਾਂ ਹੀ ਖੁੱਲ੍ਹ ਚੁੱਕੇ ਹਨ ਅਤੇ ਕੁਝ ਚੋਣ ਦਿਨ ਤੱਕ ਚਲਦੇ ਰਹਿਣਗੇ। ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਕੇਂਦਰਾਂ ਵਿਚ ਬਹੁਭਾਸ਼ਾਈ ਸਹਾਇਤਾ, ਅਪਾਹਜ ਲੋਕਾਂ ਲਈ ਸਹੂਲਤਾਂ ਅਤੇ ਸੁਰੱਖਿਅਤ ਵੋਟਿੰਗ ਪ੍ਰਬੰਧ ਉਪਲਬਧ ਹਨ, ਤਾਂ ਜੋ ਹਰ ਯੋਗ ਵੋਟਰ ਆਸਾਨੀ ਨਾਲ ਆਪਣਾ ਲੋਕਤੰਤਰਕ ਹੱਕ ਵਰਤ ਸਕੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਅਮਰੀਕਾ 'ਚ ਦਾਖਲੇ ਨੂੰ ਲੈ ਕੇ ਕਈ ਦੇਸ਼ਾਂ ਦੇ ਨਾਗਰਿਕਾਂ ਲਈ ਨਿਯਮਾਂ 'ਚ ਹੋਰ ਸਖਤੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੱਡਾ ਦਾਅਵਾ ਕਰਦਿਆਂ ਕਿਹਾ ਹੈ ਕਿ ਇਰਾਨ ਨਾਲ ਇੱਕ ਅਮਨ ਸਮਝੌਤਾ "ਲਗਭਗ ਤੈਅ" ਹੋ ਚੁੱਕਾ ਹੈ ਅਤੇ ਇਸ ਦੇ ਅਖੀਰਲੇ ਵੇਰਵਿਆਂ 'ਤੇ ਗੱਲਬਾਤ ਜਾਰੀ ਹੈ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਲਿਖਿਆ ਕਿ "ਫਾਈਨਲ ਐਸਪੈਕਟਸ ਐਂਡ ਡੀਟੇਲਜ਼" 'ਤੇ ਕੰਮ ਚੱਲ ਰਿਹਾ ਹੈ ਅਤੇ ਜਲਦ ਹੀ ਇਸ ਦਾ ਐਲਾਨ ਕੀਤਾ ਜਾ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਮਝੌਤੇ ਦੇ ਤਹਿਤ ਦੁਨੀਆਂ ਲਈ ਬਹੁਤ ਮਹੱਤਵਪੂਰਨ ਸਟਰੇਟ ਆਫ ਹੋਰਮੁਜ਼ ਨੂੰ ਦੁਬਾਰਾ ਖੋਲ੍ਹਿਆ ਜਾਵੇਗਾ।

ਇਹ ਬਿਆਨ ਉਸ ਵੇਲੇ ਆਇਆ ਹੈ, ਜਦੋਂ ਪਿਛਲੇ ਕਈ ਹਫ਼ਤਿਆਂ ਤੋਂ ਅਮਰੀਕਾ, ਇਰਾਨ, ਪਾਕਿਸਤਾਨ, ਕਤਰ, ਸਾਊਦੀ ਅਰਬ ਅਤੇ ਹੋਰ ਮੱਧ-ਪੂਰਬੀ ਦੇਸ਼ਾਂ ਵਿਚਕਾਰ ਗੁਪਤ ਅਤੇ ਖੁੱਲ੍ਹੀਆਂ ਗੱਲਬਾਤਾਂ ਚੱਲ ਰਹੀਆਂ ਹਨ। ਰਿਪੋਰਟਾਂ ਮੁਤਾਬਕ ਪਾਕਿਸਤਾਨ ਦੇ ਫੌਜੀ ਮੁਖੀ ਅਸੀਮ ਮੁਨੀਰ ਨੇ ਵੀ ਵਿਚੋਲਗੀ ਵਿਚ ਵੱਡੀ ਭੂਮਿਕਾ

**■ ਟਰੰਪ ਵੱਲੋਂ ਇਰਾਨ ਨਾਲ ਅਮਨ ਸਮਝੌਤਾ ਨੇੜੇ ਹੋਣ ਦਾ ਦਾਅਵਾ**

ਨਿਭਾਈ ਹੈ।

ਹਾਲਾਂਕਿ ਇਰਾਨੀ ਮੀਡੀਆ ਨੇ ਟਰੰਪ ਦੇ ਕੁਝ ਦਾਅਵਿਆਂ ਨਾਲ ਅਸਹਿਮਤੀ ਜਤਾਈ ਹੈ। ਇਰਾਨ ਦੇ ਨਜ਼ਦੀਕੀ ਫਾਰਜ਼ ਨਿਊਜ਼ ਏਜੰਸੀ ਨੇ ਕਿਹਾ ਕਿ ਸਟਰੇਟ ਆਫ ਹੋਰਮੁਜ਼ 'ਤੇ ਕੰਟਰੋਲ ਇਰਾਨ ਦੇ ਹੱਥ ਵਿਚ ਹੀ ਰਹੇਗਾ ਅਤੇ ਅਮਰੀਕਾ ਦੇ ਕੁਝ ਬਿਆਨ "ਹਕੀਕਤ ਨਾਲ ਮੇਲ ਨਹੀਂ ਖਾਂਦੇ।" ਰਿਪੋਰਟਾਂ ਅਨੁਸਾਰ, ਇਸ ਸੰਭਾਵਿਤ ਸਮਝੌਤੇ ਵਿਚ ਜੰਗ ਖਤਮ ਕਰਨਾ, ਸਮੁੰਦਰੀ ਵਪਾਰ ਮੁੜ ਚਾਲੂ ਕਰਨਾ, ਕੁਝ ਪਾਬੰਦੀਆਂ ਹਟਾਉਣਾ ਅਤੇ ਇਰਾਨ ਦੇ ਨਿਊਕਲੀਅਰ ਪ੍ਰੋਗਰਾਮ 'ਤੇ ਅੱਗੇ ਦੀ ਗੱਲਬਾਤ ਸ਼ਾਮਲ ਹੋ ਸਕਦੀ ਹੈ। ਦੂਜੇ ਪਾਸੇ, ਟਰੰਪ ਨੇ ਇਹ ਚੇਤਾਵਨੀ ਵੀ ਦਿੱਤੀ ਹੈ ਕਿ ਜੇ ਗੱਲਬਾਤ ਨਾਕਾਮ ਰਹੀ, ਤਾਂ ਅਮਰੀਕਾ ਫਿਰ ਸਖ਼ਤ ਫੌਜੀ ਕਾਰਵਾਈ ਕਰ ਸਕਦਾ ਹੈ। ਕੁਝ ਦਿਨ ਪਹਿਲਾਂ ਉਨ੍ਹਾਂ ਕਿਹਾ ਸੀ ਕਿ ਉਹ ਇਰਾਨ ਖ਼ਿਲਾਫ਼ ਹਮਲਾ ਕਰਨ ਲਈ "50/50" ਸਥਿਤੀ ਵਿਚ ਹਨ।

# ਕੈਲੀਫੋਰਨੀਆ 'ਚ ਕੈਮਿਕਲ ਟੈਂਕ ਦੇ ਧਮਾਕੇ ਦਾ ਖਤਰਾ

**ਸੈਕਰਾਮੈਂਟੋ, (ਪੰਜਾਬ ਮੇਲ)-** ਦੱਖਣੀ ਕੈਲੀਫੋਰਨੀਆ ਦੇ ਔਰੇਂਜ ਕਾਊਂਟੀ ਇਲਾਕੇ ਵਿਚ ਇਕ ਵੱਡੇ ਕੈਮਿਕਲ ਟੈਂਕ ਦੇ ਓਵਰਹੀਟ ਹੋਣ ਕਾਰਨ ਐਮਰਜੈਂਸੀ ਜਿਹੇ ਹਾਲਾਤ ਬਣ ਗਏ ਹਨ। ਅਧਿਕਾਰੀਆਂ ਨੇ ਖਤਰੇ ਨੂੰ ਦੇਖਦੇ ਹੋਏ ਕਰੀਬ 40 ਤੋਂ 50 ਹਜ਼ਾਰ ਲੋਕਾਂ ਨੂੰ ਤੁਰੰਤ ਇਲਾਕਾ ਖਾਲੀ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਇਹ ਘਟਨਾ ਕੈਲੀਫੋਰਨੀਆ ਦੇ ਗਾਰਡਨ ਗ੍ਰੋਵ ਸ਼ਹਿਰ ਵਿਚ ਸਥਿਤ ਜੀ.ਕੇ.ਐੱਨ. ਏਅਰੋਸਪੇਸ ਫੈਸਿਲਟੀ ਵਿਚ ਵਾਪਰੀ, ਜਿੱਥੇ ਮੈਥਿਲ ਮੈਥਾਕ੍ਰਾਇਲੇਟ ਨਾਮਕ ਬਹੁਤ ਜ਼ਿਆਦਾ ਜਲਣਸ਼ੀਲ ਅਤੇ ਖਤਰਨਾਕ ਕੈਮਿਕਲ ਨਾਲ ਭਰਿਆ ਟੈਂਕ ਬੇਕਾਬੂ ਤਰੀਕੇ ਨਾਲ ਗਰਮ ਹੋਣਾ ਸ਼ੁਰੂ ਹੋ ਗਿਆ। ਇਹ ਕੈਮਿਕਲ ਪਲਾਸਟਿਕ, ਰੇਜ਼ਿਨ ਅਤੇ ਹਵਾਈ ਜਹਾਜ਼ਾਂ ਦੇ ਪੁਰਜ਼ੇ ਬਣਾਉਣ ਵਿਚ ਵਰਤਿਆ ਜਾਂਦਾ ਹੈ।

ਔਰੇਂਜ ਕਾਊਂਟੀ ਫਾਇਰ ਅਥਾਰਟੀ ਦੇ ਅਧਿਕਾਰੀਆਂ ਮੁਤਾਬਕ ਟੈਂਕ ਵਿਚ 6 ਤੋਂ 7 ਹਜ਼ਾਰ ਗੈਲਨ ਤੱਕ ਖਤਰਨਾਕ ਕੈਮਿਕਲ ਮੌਜੂਦ ਹੈ ਅਤੇ ਹੁਣ ਸਿਰਫ਼ ਦੋ ਸੰਭਾਵਨਾਵਾਂ ਬਚੀਆਂ ਹਨ, ਜਾਂ ਤਾਂ ਟੈਂਕ ਫਟੇਗਾ ਜਾਂ ਫਿਰ ਲੀਕ ਹੋ ਕੇ



ਜ਼ਹਿਰੀਲਾ ਕੈਮਿਕਲ ਬਾਹਰ ਨਿਕਲੇਗਾ। ਅਧਿਕਾਰੀਆਂ ਨੇ ਕਿਹਾ ਕਿ ਜੇ ਧਮਾਕਾ ਹੋਇਆ, ਤਾਂ ਨੇੜਲੇ ਹੋਰ ਟੈਂਕ ਵੀ ਚਪੇਟ ਵਿਚ ਆ ਸਕਦੇ ਹਨ, ਜਿਸ ਨਾਲ ਵੱਡੀ ਤਬਾਹੀ ਹੋ ਸਕਦੀ ਹੈ।

ਫਾਇਰ ਫਾਈਟਰਾਂ ਵੱਲੋਂ ਟੈਂਕ ਨੂੰ ਲਗਾਤਾਰ ਪਾਣੀ ਨਾਲ ਠੰਢਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਰਿਪੋਰਟਾਂ ਅਨੁਸਾਰ ਟੈਂਕ ਦਾ ਅੰਦਰੂਨੀ ਤਾਪਮਾਨ ਲਗਾਤਾਰ ਵੱਧ ਰਿਹਾ ਹੈ। ਡਰੋਨ ਰਾਹੀਂ ਕੀਤੀ ਗਈ ਜਾਂਚ ਵਿਚ ਪਤਾ ਲੱਗਾ ਕਿ ਟੈਂਕ ਦਾ ਤਾਪਮਾਨ 90 ਡਿਗਰੀ ਫਾਰਨਹਾਈਟ ਤੱਕ ਪਹੁੰਚ ਗਿਆ ਸੀ ਅਤੇ ਹਰ ਘੰਟੇ ਕਰੀਬ ਇਕ ਡਿਗਰੀ ਵੱਧ ਰਿਹਾ ਹੈ।

ਕੈਲੀਫੋਰਨੀਆ ਦੇ ਗਵਰਨਰ

**■ 40 ਹਜ਼ਾਰ ਤੋਂ ਵੱਧ ਲੋਕਾਂ ਨੂੰ ਘਰ ਖਾਲੀ ਕਰਨ ਦੇ ਹੁਕਮ**

ਗੈਵਿਨ ਨਿਊਸਮ ਨੇ ਹਾਲਾਤਾਂ ਨੂੰ ਦੇਖਦੇ ਹੋਏ ਔਰੇਂਜ ਕਾਊਂਟੀ ਵਿਚ ਸਟੇਟ ਆਫ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਸਰਕਾਰ ਵੱਲੋਂ ਰਾਹਤ ਕੈਂਪ ਅਤੇ ਅਸਥਾਈ ਸ਼ੈਲਟਰ ਖੋਲ੍ਹੇ ਗਏ ਹਨ, ਤਾਂ ਜੋ ਘਰ ਛੱਡਣ ਵਾਲੇ ਲੋਕਾਂ ਨੂੰ ਸੁਰੱਖਿਅਤ ਥਾਂ ਮਿਲ ਸਕੇ।

ਸਿਹਤ ਵਿਭਾਗ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਇਹ ਕੈਮਿਕਲ ਹਵਾ ਵਿਚ ਫੈਲਦਾ ਹੈ, ਤਾਂ ਇਸ ਨਾਲ ਸਾਹ ਲੈਣ 'ਚ ਦਿੱਕਤ, ਅੱਖਾਂ ਵਿਚ ਜਲਣ, ਸਿਰਦਰਦ, ਉਲਟੀਆਂ ਅਤੇ ਹੋਰ ਗੰਭੀਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ।

ਇਸ ਵੇਲੇ ਗਾਰਡਨ ਗ੍ਰੋਵ, ਐਨਾਹਾਈਮ, ਵੈਸਟਮਿੰਸਟਰ, ਸਟੈਂਟਨ, ਬੁਏਨਾ ਪਾਰਕ ਅਤੇ ਸਾਇਪਰਸ ਸਮੇਤ ਕਈ ਇਲਾਕਿਆਂ ਵਿਚ ਐਵੈਕੁਏਸ਼ਨ ਆਰਡਰ ਲਾਗੂ ਹਨ। ਅਧਿਕਾਰੀ ਲੋਕਾਂ ਨੂੰ ਅਪੀਲ ਕਰ ਰਹੇ ਹਨ ਕਿ ਉਹ ਹੁਕਮਾਂ ਦੀ ਪਾਲਣਾ ਕਰਨ ਅਤੇ ਖਤਰੇ ਵਾਲੇ ਇਲਾਕਿਆਂ ਤੋਂ ਦੂਰ ਰਹਿਣ।

# ਵਰਜੀਨੀਆ 'ਚ ਅਮਰੀਕੀ ਕਾਂਗਰਸ ਚੋਣਾਂ ਤੋਂ ਪਹਿਲਾਂ ਵੱਡਾ ਸਿਆਸੀ ਉਲਟਫੇਰ

**■ ਵਰਜੀਨੀਆ ਸੁਪਰੀਮ ਕੋਰਟ ਵੱਲੋਂ ਨਵਾਂ ਕਾਂਗਰਸੀ ਮੈਪ ਰੱਦ ਕਰਨ ਤੋਂ ਬਾਅਦ 4 ਡੈਮੋਕ੍ਰੇਟ ਉਮੀਦਵਾਰਾਂ ਵੱਲੋਂ ਚੋਣ ਮੁਹਿੰਮਾਂ ਮੁਅੱਤਲ**

ਵਰਜੀਨੀਆ, (ਪੰਜਾਬ ਮੇਲ)- ਵਰਜੀਨੀਆ 'ਚ ਅਮਰੀਕੀ ਕਾਂਗਰਸ ਚੋਣਾਂ ਤੋਂ ਪਹਿਲਾਂ ਵੱਡਾ ਸਿਆਸੀ ਉਲਟਫੇਰ ਸਾਹਮਣੇ ਆਇਆ ਹੈ। ਵਰਜੀਨੀਆ ਸੁਪਰੀਮ ਕੋਰਟ ਵੱਲੋਂ ਨਵਾਂ ਕਾਂਗਰਸੀ ਮੈਪ ਰੱਦ ਕਰਨ ਤੋਂ ਬਾਅਦ ਘੱਟੋ-ਘੱਟ ਚਾਰ ਵੱਡੇ ਡੈਮੋਕ੍ਰੇਟ ਉਮੀਦਵਾਰਾਂ ਨੇ ਆਪਣੀਆਂ ਚੋਣ ਮੁਹਿੰਮਾਂ ਮੁਅੱਤਲ ਕਰ ਦਿੱਤੀਆਂ ਹਨ। ਇਸ ਫੈਸਲੇ ਨੇ ਡੈਮੋਕ੍ਰੇਟਿਕ ਪਾਰਟੀ ਦੀ ਰਣਨੀਤੀ ਨੂੰ ਵੱਡਾ ਝਟਕਾ ਦਿੱਤਾ ਹੈ ਅਤੇ ਹੁਣ ਕਈ ਉਮੀਦਵਾਰਾਂ ਨੂੰ ਜਾਂ ਤਾਂ ਰਿਪਬਲਿਕਨ ਹਾਵੀ ਹਲਕਿਆਂ ਵਿਚ ਚੋਣ ਲੜਨੀ ਪਵੇਗੀ ਜਾਂ ਫਿਰ ਆਪਣੇ ਹੀ ਪਾਰਟੀ ਦੇ ਮੌਜੂਦਾ ਮੈਂਬਰਾਂ ਨੂੰ ਚੁਣੌਤੀ ਦੇਣੀ ਪਵੇਗੀ।

ਵਰਜੀਨੀਆ ਵਿਚ ਪਹਿਲਾਂ ਬਣਾਏ ਗਏ ਨਵੇਂ ਕਾਂਗਰਸੀ ਮੈਪ ਨਾਲ ਡੈਮੋਕ੍ਰੇਟਸ ਨੂੰ ਫਾਇਦਾ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਸੀ, ਪਰ ਕੋਰਟ ਨੇ ਇਸ ਮੈਪ ਨੂੰ ਰੱਦ ਕਰਦੇ ਹੋਏ ਪੁਰਾਣੇ ਮੈਪ ਨੂੰ ਹੀ ਬਰਕਰਾਰ ਰੱਖਿਆ। ਮੌਜੂਦਾ ਹਾਲਾਤਾਂ ਵਿਚ ਵਰਜੀਨੀਆ ਦੇ 11 ਕਾਂਗਰਸੀ ਹਲਕਿਆਂ ਵਿਚੋਂ 6 ਡੈਮੋਕ੍ਰੇਟ ਅਤੇ 5 ਰਿਪਬਲਿਕਨ ਮੈਂਬਰ ਹਨ। ਪ੍ਰਾਇਮਰੀ ਚੋਣਾਂ ਦੀ ਮਿਤੀ ਵੀ ਬਦਲ ਕੇ ਹੁਣ 4 ਅਗਸਤ ਕਰ ਦਿੱਤੀ ਗਈ ਹੈ।

ਇਸ ਫੈਸਲੇ ਤੋਂ ਬਾਅਦ ਸਭ ਤੋਂ ਪਹਿਲਾਂ ਆਪਣੀ ਮੁਹਿੰਮ ਰੋਕਣ ਵਾਲਿਆਂ ਵਿਚ ਬ੍ਰੀ ਫ੍ਰਾਮ ਦਾ ਨਾਮ ਸਾਹਮਣੇ ਆਇਆ। ਬ੍ਰੀ ਫ੍ਰਾਮ ਅਮਰੀਕੀ ਏਅਰ ਫੋਰਸ ਵਿਚ ਸੇਵਾ ਕਰ ਚੁੱਕੀ ਟ੍ਰਾਂਸਜੈਂਡਰ ਅਧਿਕਾਰੀ ਹੈ, ਜਿਸ ਨੇ ਟਰੰਪ ਪ੍ਰਸ਼ਾਸਨ ਵੱਲੋਂ ਫੌਜ ਵਿਚ ਟ੍ਰਾਂਸਜੈਂਡਰ ਲੋਕਾਂ 'ਤੇ ਲਗਾਈ ਪਾਬੰਦੀ ਖਿਲਾਫ ਕੇਸ ਵੀ ਕੀਤਾ ਸੀ। ਉਸ ਨੇ ਕਿਹਾ ਕਿ ਕੋਰਟ ਦੇ ਫੈਸਲੇ ਤੋਂ ਬਾਅਦ ਨਵੇਂ ਹਾਲਾਤਾਂ ਵਿਚ ਚੋਣ ਮੁਹਿੰਮ ਨੂੰ ਦੁਬਾਰਾ ਖੜ੍ਹਾ ਕਰਨ ਲਈ ਸਮਾਂ ਅਤੇ ਸਰੋਤ ਦੋਵੇਂ ਘੱਟ ਰਹਿ ਗਏ ਸਨ।

ਇਸ ਤੋਂ ਇਲਾਵਾ ਵਰਜੀਨੀਆ ਦੀ ਸਾਬਕਾ ਫਸਟ ਲੇਡੀ ਡੋਰੋਥੀ ਮੈਕਆਲਿਫ ਨੇ ਵੀ ਆਪਣੀ ਚੋਣ ਮੁਹਿੰਮ ਰੋਕਣ ਦਾ ਐਲਾਨ ਕੀਤਾ। ਉਹ ਨਵੇਂ ਬਣਾਏ ਗਏ 7ਵੇਂ ਕਾਂਗਰਸੀ ਹਲਕੇ ਤੋਂ ਚੋਣ ਲੜ ਰਹੀ ਸੀ। ਉਸ ਨੇ ਕਿਹਾ ਕਿ ਉਹ ਲੋਕਾਂ ਦੀ ਸੇਵਾ ਅਤੇ ਲੋਕਤੰਤਰ ਦੀ ਰੱਖਿਆ ਲਈ ਮੈਦਾਨ ਵਿਚ ਆਈ ਸੀ, ਪਰ ਮੌਜੂਦਾ ਹਾਲਾਤਾਂ ਵਿਚ ਮੁਹਿੰਮ ਜਾਰੀ ਰੱਖਣਾ ਮੁਸ਼ਕਿਲ ਬਣ ਗਿਆ ਹੈ।

ਸਾਬਕਾ ਸਪੈਸ਼ਲ ਕਾਊਂਸਲ ਜੈਕ ਸਮਿਥ ਦੇ ਡਿਪਟੀ ਰਹਿ ਚੁੱਕੇ ਜੇ.ਪੀ. ਕੂਨੀ ਨੇ ਵੀ ਆਪਣੀ ਮੁਹਿੰਮ ਖਤਮ ਕਰਨ ਦਾ ਐਲਾਨ ਕਰ ਦਿੱਤਾ। ਕੂਨੀ ਨੇ ਕਿਹਾ ਕਿ ਕੋਰਟ ਦੇ ਫੈਸਲੇ ਨਾਲ ਵਰਜੀਨੀਆ ਦੇ ਵੋਟਰਾਂ ਨੂੰ ਨੁਕਸਾਨ ਹੋਇਆ ਹੈ, ਪਰ ਉਹ ਭ੍ਰਿਸ਼ਟਾਚਾਰ ਅਤੇ ਕਾਨੂੰਨੀ ਗੜਬੜਾਂ ਖਿਲਾਫ ਆਪਣੀ ਲੜਾਈ ਜਾਰੀ ਰੱਖਣਗੇ।

ਇਸੇ ਤਰ੍ਹਾਂ ਵਰਜੀਨੀਆ ਦੇ ਸਟੇਟ ਡੈਲੀਗੇਟ ਡੈਨ ਹੇਲਮਰ ਨੇ ਵੀ ਆਪਣੀ ਚੋਣ ਮੁਹਿੰਮ ਸਮਾਪਤ ਕਰਨ ਦਾ ਐਲਾਨ ਕੀਤਾ। ਉਸ ਨੇ ਰਿਪਬਲਿਕਨਾਂ 'ਤੇ ਦੋਸ਼ ਲਗਾਇਆ ਕਿ ਜਦੋਂ ਉਹ ਚੋਣਾਂ ਰਾਹੀਂ ਜਿੱਤ ਨਹੀਂ ਸਕਦੇ, ਤਾਂ ਉਹ ਕੋਰਟਾਂ ਦਾ ਸਹਾਰਾ ਲੈਂਦੇ ਹਨ। ਉਸ ਨੇ ਨਿਆਂ ਪ੍ਰਣਾਲੀ ਵਿਚ ਸੁਧਾਰਾਂ ਦੀ ਵੀ ਮੰਗ ਕੀਤੀ।

ਦੂਜੇ ਪਾਸੇ ਟਰੰਪ ਪ੍ਰਸ਼ਾਸਨ ਦੀ ਸਾਬਕਾ ਅਧਿਕਾਰੀ ਅਤੇ ਹੁਣ ਡੈਮੋਕ੍ਰੇਟਿਕ ਉਮੀਦਵਾਰ ਓਲਿਵੀਆ ਟਰੋਏ ਨੇ ਅਜੇ ਤੱਕ ਆਪਣੀ ਮੁਹਿੰਮ ਬਾਰੇ ਅੰਤਿਮ ਫੈਸਲਾ ਨਹੀਂ ਕੀਤਾ। ਉਸ ਨੇ ਇੱਕ ਬਲੌਗ ਵਿਚ ਲਿਖਿਆ ਕਿ ICE ਡਿਟੇਨਸ਼ਨ ਸੈਂਟਰ ਦੇ ਦੌਰੇ ਅਤੇ ਕੋਰਟ ਦੇ ਫੈਸਲੇ ਤੋਂ ਬਾਅਦ ਉਹ ਹੋਰ ਵੀ ਦ੍ਰਿੜ੍ਹ ਹੋ ਗਈ ਹੈ ਕਿ ਇਹ ਲੜਾਈ ਜਾਰੀ ਰਹਿਣੀ ਚਾਹੀਦੀ ਹੈ।

ਇਸ ਸਾਰੇ ਸਿਆਸੀ ਹਲਚਲ ਵਿਚ ਇੱਕ ਡੈਮੋਕ੍ਰੇਟ ਉਮੀਦਵਾਰ ਟੌਮ ਪੈਰੀਏਲੋ ਨੇ ਚੋਣ ਮੈਦਾਨ ਨਾ ਛੱਡਣ ਦਾ ਐਲਾਨ ਕੀਤਾ ਹੈ। ਉਹ ਹੁਣ ਮੌਜੂਦਾ 5ਵੇਂ ਕਾਂਗਰਸੀ ਹਲਕੇ ਤੋਂ ਰਿਪਬਲਿਕਨ ਮੈਂਬਰ ਜੌਨ ਮੈਕਗੁਆਇਰ ਨੂੰ ਚੁਣੌਤੀ ਦੇਣਗੇ। ਪੈਰੀਏਲੋ ਪਹਿਲਾਂ ਵੀ 2009 ਤੋਂ 2011 ਤੱਕ ਇਸ ਹਲਕੇ ਦੀ ਨੁਮਾਇੰਦਗੀ ਕਰ ਚੁੱਕੇ ਹਨ। ਉਸ ਨੇ ਕਿਹਾ ਕਿ ਲੋਕਾਂ ਨਾਲ ਸੈਂਕੜੇ ਮੀਟਿੰਗਾਂ ਦੌਰਾਨ ਇੱਕ ਗੱਲ ਸਾਫ ਹੋ ਗਈ ਹੈ ਕਿ ਮੌਜੂਦਾ ਨੁਮਾਇੰਦਗੀ ਨਾਲ ਲੋਕ ਖੁਸ਼ ਨਹੀਂ ਹਨ ਅਤੇ ਉਹ ਬਦਲਾਅ ਚਾਹੁੰਦੇ ਹਨ।

## ਡੋਨਾਲਡ ਟਰੰਪ ਜੂਨੀਅਰ ਨੇ ਆਪਣੀ ਮੰਗੇਤਰ ਬੈਟੀਨਾ ਐਂਡਰਸਨ ਨਾਲ ਕਰਵਾਇਆ ਵਿਆਹ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਡੋਨਾਲਡ ਟਰੰਪ ਜੂਨੀਅਰ ਨੇ ਆਪਣੀ ਮੰਗੇਤਰ ਬੈਟੀਨਾ ਐਂਡਰਸਨ ਨਾਲ ਅਧਿਕਾਰਿਕ ਤੌਰ 'ਤੇ ਵਿਆਹ ਕਰਵਾ ਲਿਆ ਹੈ। ਰਿਪੋਰਟਾਂ ਮੁਤਾਬਕ ਦੋਵਾਂ ਨੇ ਫਲੋਰਿਡਾ ਦੇ ਪਾਮ ਬੀਚ ਵਿਚ ਕਾਨੂੰਨੀ ਕਾਰਵਾਈ ਪੂਰੀ ਕਰਦੇ ਹੋਏ ਵਿਆਹ ਰਜਿਸਟਰ ਕਰਵਾਇਆ, ਜਦਕਿ ਬਹਾਮਾਸ ਦੇ ਇੱਕ ਪ੍ਰਾਈਵੇਟ ਟਾਪੂ 'ਤੇ ਵੱਡਾ ਵਿਆਹ ਸਮਾਗਮ ਹੋਣ ਜਾ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਵਿਆਹ ਦੀ ਕਾਨੂੰਨੀ ਰਸਮ ਟਰੰਪ ਪਰਿਵਾਰ ਦੇ ਲੰਬੇ ਸਮੇਂ ਤੋਂ ਜੁੜੇ ਰੀਅਲ ਐਸਟੇਟ ਵਕੀਲ ਬ੍ਰੈਡ ਮੈਕਫਰਸਨ ਨੇ ਕਰਵਾਈ।

ਬੈਟੀਨਾ ਐਂਡਰਸਨ ਇੱਕ ਮਾਡਲ, ਸੋਸ਼ਲਾਈਟ ਅਤੇ ਸਮਾਜਿਕ ਸੇਵਾਵਾਂ ਨਾਲ ਜੁੜੀ ਹੋਈ ਹਸਤੀ ਮੰਨੀ ਜਾਂਦੀ ਹੈ। ਉਹ ਕੋਲੰਬੀਆ ਯੂਨੀਵਰਸਿਟੀ ਤੋਂ ਆਰਟ ਹਿਸਟਰੀ ਵਿਚ ਪੜ੍ਹਾਈ ਕਰ ਚੁੱਕੀ ਹੈ ਅਤੇ ਫਲੋਰਿਡਾ ਦੇ ਪਾਮ ਬੀਚ ਇਲਾਕੇ ਵਿਚ ਕਾਫੀ ਮਸ਼ਹੂਰ ਹੈ। ਉਹ ਵਾਤਾਵਰਣ ਅਤੇ ਡਿਜਾਸਟਰ ਰਿਲੀਫ ਨਾਲ ਜੁੜੀ ਇੱਕ ਨਾਨ-ਪ੍ਰੋਫਿਟ ਸੰਸਥਾ ਨਾਲ ਵੀ ਕੰਮ ਕਰਦੀ ਰਹੀ ਹੈ।

ਡੋਨਾਲਡ ਟਰੰਪ ਜੂਨੀਅਰ ਅਤੇ ਬੇਟੀਨਾ ਐਂਡਰਸਨ ਦੀ ਨਜ਼ਦੀਕੀ 2024 ਦੌਰਾਨ ਚਰਚਾ ਵਿਚ ਆਈ ਸੀ। ਬਾਅਦ ਵਿਚ ਦੋਵਾਂ ਦੀ ਮੰਗਣੀ ਦਾ ਐਲਾਨ 2025 ਵਿਚ ਕੀਤਾ ਗਿਆ। ਇਸ ਤੋਂ ਪਹਿਲਾਂ ਟਰੰਪ ਜੂਨੀਅਰ ਦੀ ਮੰਗਣੀ ਕਿੰਬਰਲੀ ਗਿਲਫੋਇਲ ਨਾਲ ਹੋਈ ਸੀ, ਜੋ ਬਾਅਦ ਵਿਚ ਖਤਮ ਹੋ ਗਈ ਸੀ।

# ਅਮਰੀਕਾ ਤੋਂ ਬਾਹਰ ਜਨਮੇ ਵਿਅਕਤੀਆਂ ਨੂੰ ਚੋਣ ਲੜਨ ਤੋ ਰੋਕਣ ਲਈ ਪ੍ਰਸਤਾਵਿਤ ਸੋਧ ਦਾ ਜ਼ਬਰਦਸਤ ਵਿਰੋਧ



ਡੈਮੋਕ੍ਰੈਟਿਕ ਪ੍ਰਤੀਨਿੱਧ ਰਾਜਾ ਕ੍ਰਿਸ਼ਨਾਮੂਰਤੀ, ਪ੍ਰਾਮਿਲਾ ਜਯਾਪਾਲ ਤੇ ਸ਼੍ਰੀ ਥਾਨੇਦਾਰ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਭਾਰਤੀ ਮੂਲ ਦੇ 3 ਡੈਮੋਕ੍ਰੈਟਿਕ ਸੰਸਦ ਮੈਂਬਰਾਂ ਨੇ ਰਿਪਬਲੀਕਨ ਪ੍ਰਤੀਨਿੱਧ ਨੈਨਸੀ ਮੇਸ ਦੁਆਰਾ ਪੇਸ਼ ਕੀਤੀ ਉਸ ਪ੍ਰਸਤਾਵਿਤ ਸੰਵਿਧਾਨਕ ਸੋਧ ਦਾ ਜ਼ੋਰਦਾਰ ਵਿਰਧ ਕੀਤਾ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਤੋਂ ਬਾਹਰ ਪੈਦਾ ਹੋਏ ਵਿਅਕਤੀਆਂ 'ਤੇ ਕਾਂਗਰਸ, ਸੰਘੀ ਨਿਆਂਪਾਲਿਕਾ ਤੇ ਸੈਨੇਟ ਦੁਆਰਾ ਪੁਸ਼ਟੀ ਵਾਲੇ ਅਹੁਦਿਆਂ 'ਤੇ ਕੰਮ ਕਰਨ ਉਪਰ ਰੋਕ ਲਾਈ ਜਾਵੇ। ਡੈਮੋਕ੍ਰੈਟਿਕ ਪ੍ਰਤੀਨਿੱਧ ਭਾਰਤੀ ਮੂਲ ਦੇ ਪ੍ਰਾਮਿਲਾ ਜਯਾਪਾਲ, ਰਾਜਾ ਕਿਸ਼ਨਾਮੂਰਤੀ ਤੇ ਸ਼੍ਰੀ ਥਾਨੇਦਾਰ ਜੋ ਅਮਰੀਕਾ ਤੋਂ ਬਾਹਰ ਪੈਦਾ ਹੋਏ ਸਨ ਤੇ ਬਾਅਦ ਵਿਚ ਅਮਰੀਕੀ ਨਾਗਰਿਕ ਬਣੇ ਸਨ, ਨੇ ਇਸ ਪ੍ਰਸਤਾਵਿਤ ਸੋਧ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਅਮਰੀਕੀ ਲੋਕਤੰਤਰਿਕ ਕਦਰਾਂ-ਕੀਮਤਾਂ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਸਤਾਵਿਤ ਸੋਧ ਇਮੀਗ੍ਰੇਸ਼ਨ ਤੇ ਨਾਗਰਿਕਤਾ ਬਾਰੇ ਅਮਰੀਕੀ ਆਦਰਸ਼ਾਂ ਨਾਲ ਖਿਲਵਾੜ ਕਰਨ ਦੇ ਬਰਾਬਰ ਹੈ। ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਮੇਸ ਦੀ ਤਜਵੀਜ਼ ਅਮਰੀਕੀ ਸਿਧਾਂਤਾਂ ਨਾਲ ਗਦਾਰੀ ਹੈ, ਜਿਨ੍ਹਾਂ ਸਿਧਾਂਤਾਂ ਕਰਕੇ ਅਮਰੀਕੀ ਲੋਕਤੰਤਰ ਦੀ ਵਿਸ਼ਵ ਵਿਚ ਪਛਾਣ ਹੈ। ਕ੍ਰਿਸ਼ਨਾਮੂਰਤੀ ਨੇ ਸਾਬਕਾ ਰਾਸ਼ਟਰਪਤੀ ਰੋਨਾਲਡ ਰੀਗਨ ਦੇ ਬਿਆਨ ਦਾ ਹਵਾਲਾ ਦਿੱਤਾ, ਜਿਨ੍ਹਾਂ ਨੇ ਕਿਹਾ ਸੀ ਕਿ ਵਿਸ਼ਵ ਦੇ ਕਿਸੇ ਵੀ ਕੋਨੇ ਵਿਚੋਂ ਕੋਈ ਵੀ ਵਿਅਕਤੀ ਅਮਰੀਕਾ ਆ ਸਕਦਾ ਹੈ ਤੇ ਇਸ ਦਾ ਨਾਗਰਿਕ ਬਣ ਸਕਦਾ ਹੈ। ਡੈਮੋਕ੍ਰੈਟਿਕਸ ਸੰਸਦ ਮੈਂਬਰਾਂ ਨੇ ਕਿਹਾ ਕਿ ਦੇਸ਼ ਭਗਤੀ ਜਨਮ ਸਥਾਨ ਤੋਂ ਨਹੀਂ, ਬਲਕਿ ਕਰਮਾਂ ਤੋਂ ਨਾਪੀ ਜਾਂਦੀ ਹੈ। ਜਯਾਪਾਲ ਜੋ ਭਾਰਤ ਵਿਚ ਪੈਦਾ ਹੋਈ ਸੀ ਤੇ 2000 ਵਿਚ ਅਮਰੀਕੀ ਨਾਗਰਿਕ ਬਣੀ ਸੀ, ਨੇ ਪ੍ਰਸਤਾਵਿਤ ਸੋਧ ਨੂੰ ਨਸਲੀ ਕਰਾਰ ਦਿੰਦਿਆਂ ਕਿਹਾ ਕਿ ਇਸ ਦੁਆਰਾ ਦੇਸ਼ ਦੀ ਪ੍ਰਵਾਸ ਸਬੰਧੀ ਵਿਰਾਸਤ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਅਮਰੀਕਾ 'ਚ ਬਾਇਓਟੈਕ ਖੇਤਰ ਲਈ ਨਵਾਂ ਬਿੱਲ ਪੇਸ਼



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੇ ਦੋ ਸੰਸਦ ਮੈਂਬਰਾਂ (ਇੱਕ ਰਿਪਬਲਿਕਨ ਅਤੇ ਇੱਕ ਡੈਮੋਕ੍ਰੇਟ) ਨੇ ਇੱਕ ਨਵਾਂ ਮਤਾ ਪੇਸ਼ ਕੀਤਾ ਹੈ। ਇਸ ਮਤੇ ਦਾ ਮਕਸਦ ਇਹ ਪਤਾ ਲਗਾਉਣਾ ਹੈ ਕਿ ਅਮਰੀਕਾ ਕੋਲ ਬਾਇਓਟੈਕਨਾਲੋਜੀ (ਜੈਵ ਤਕਨਾਲੋਜੀ) ਦੇ ਖੇਤਰ ਵਿਚ ਕੰਮ ਕਰਨ ਲਈ ਲੋੜੀਂਦੇ ਹੁਨਰਮੰਦ ਲੋਕ ਹਨ ਜਾਂ ਨਹੀਂ। ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਕਿਉਂਕਿ ਅਮਰੀਕਾ ਹੁਣ ਭਵਿੱਖ ਦੀਆਂ ਜ਼ਰੂਰੀ ਤਕਨੀਕਾਂ ਦੇ ਮਾਮਲੇ ਵਿਚ ਚੀਨ ਨਾਲ ਆਪਣੀ ਮੁਕਾਬਲੇਬਾਜ਼ੀ ਨੂੰ ਹੋਰ ਮਜ਼ਬੂਤ ਕਰ ਰਿਹਾ ਹੈ।

ਭਾਰਤੀ-ਅਮਰੀਕੀ ਸੰਸਦ ਮੈਂਬਰ ਰੋ ਖੰਨਾ ਅਤੇ ਪ੍ਰਤੀਨਿਧੀ ਰਿਚ ਮੈਕਕੌਰਮਿਕ ਨੇ ਮਿਲ ਕੇ 'ਫੈਡਰਲ ਬਾਇਓਟੈਕਨਾਲੋਜੀ ਵਰਕਫੋਰਸ ਅਸੈਸਮੈਂਟ ਐਕਟ' ਨਾਮ ਦਾ ਬਿੱਲ ਪੇਸ਼ ਕੀਤਾ। ਇਸ ਦਾ ਉਦੇਸ਼ ਇਹ ਪਤਾ ਲਗਾਉਣਾ ਹੈ ਕਿ ਕੀ ਅਮਰੀਕੀ ਸਰਕਾਰ ਕੋਲ ਬਾਇਓਟੈਕਨਾਲੋਜੀ ਸੈਕਟਰ ਨੂੰ ਤੇਜ਼ੀ ਨਾਲ ਵਧਾਉਣ ਲਈ ਲੋੜੀਂਦੇ ਅਤੇ ਕੁਸ਼ਲ ਲੋਕ ਮੌਜੂਦ ਹਨ ਜਾਂ ਨਹੀਂ।

ਇਸ ਕਾਨੂੰਨ ਦੇ ਤਹਿਤ, ਆਫਿਸ ਆਫ ਪਰਸਨਲ ਮੈਨੇਜਮੈਂਟ ਐਂਡ ਬਜਟ ਵਿਭਾਗ ਨੂੰ ਹੋਰਨਾਂ ਸਰਕਾਰੀ ਏਜੰਸੀਆਂ ਨਾਲ ਮਿਲ ਕੇ ਇਹ ਤੈਅ ਕਰਨਾ ਹੋਵੇਗਾ ਕਿ 'ਬਾਇਓ-ਲਿਟਰੇਟ' ਯਾਨੀ ਬਾਇਓਲੋਜੀ ਅਤੇ ਬਾਇਓਟੈਕ ਸਮਝਣ ਵਾਲੇ ਕਰਮਚਾਰੀਆਂ ਦੀ ਪਰਿਭਾਸ਼ਾ ਕੀ ਹੈ ਅਤੇ ਹੁਣ ਤੇ ਭਵਿੱਖ ਵਿਚ ਕਿੰਨੇ ਲੋਕਾਂ ਦੀ ਲੋੜ ਪਵੇਗੀ।

ਇਨ੍ਹਾਂ ਸੰਸਦ ਮੈਂਬਰਾਂ ਅਨੁਸਾਰ, ਇਸ ਤੋਂ ਬਾਅਦ ਇੱਕ ਰਿਪੋਰਟ ਤਿਆਰ ਕੀਤੀ ਜਾਵੇਗੀ ਅਤੇ ਉਸ ਨੂੰ ਕਾਂਗਰਸ (ਸੰਸਦ) ਨੂੰ ਸੌਂਪਿਆ ਜਾਵੇਗਾ। ਇਸ ਰਿਪੋਰਟ ਦੀ ਮਦਦ ਨਾਲ ਅੱਗੇ ਚੱਲ ਕੇ ਭਰਤੀ ਅਤੇ ਸਿਖਲਾਈ (ਟ੍ਰੇਨਿੰਗ) ਦੀਆਂ ਨੀਤੀਆਂ ਬਣਾਈਆਂ ਜਾਣਗੀਆਂ, ਜੋ ਬਾਇਓਟੈਕਨਾਲੋਜੀ, ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਅਤੇ ਐਡਵਾਂਸਡ ਮੈਨੂਫੈਕਚਰਿੰਗ ਨਾਲ ਜੁੜੀਆਂ ਹੋਣਗੀਆਂ। ਇਹ ਕਦਮ ਅਜਿਹੇ ਸਮੇਂ ਆਇਆ ਹੈ, ਜਦੋਂ ਵਾਸ਼ਿੰਗਟਨ ਵਿਚ ਇਹ ਚਿੰਤਾ ਵਧ ਰਹੀ ਹੈ ਕਿ ਅਮਰੀਕਾ ਕਿਤੇ ਚੀਨ ਤੋਂ ਬਾਇਓਟੈਕ, ਏ.ਆਈ. ਅਤੇ ਕੁਆਂਟਮ ਤਕਨਾਲੋਜੀ ਵਰਗੇ ਅਹਿਮ ਖੇਤਰਾਂ ਵਿਚ ਪਿੱਛੇ ਨਾ ਰਹਿ ਜਾਵੇ।

# ਸੈਕਰਾਮੈਂਟੋ ਕਾਊਂਟੀ ਦੇ ਘਰ 'ਚੋਂ ਖਤਰਨਾਕ ਵਿਸਫੋਟਕ ਬਰਾਮਦ; ਵੱਡੇ ਹਾਦਸੇ ਤੋਂ ਬਚਾਅ

**ਸੈਕਰਾਮੈਂਟੋ, (ਪੰਜਾਬ ਮੇਲ)**- ਸੈਕਰਾਮੈਂਟੋ ਕਾਉਂਟੀ ਸ਼ੈਰਿਫ਼ ਦਾ ਦਫ਼ਤਰ ਨੇ ਦੱਸਿਆ ਹੈ ਕਿ ਔਰੇਂਜਵੇਲ ਦੇ ਇੱਕ ਘਰ ਵਿਚੋਂ ਕਈ ਖ਼ਤਰਨਾਕ ਵਿਸਫੋਟਕ ਸਮੱਗਰੀ ਬਰਾਮਦ ਕੀਤੀ ਗਈ ਹੈ। ਅਧਿਕਾਰੀਆਂ ਮੁਤਾਬਕ 6700 ਬਲਾਕ ਬੀਚ ਐਵੇਨਿਊ ਵਿਚ ਇੱਕ ਵਿਅਕਤੀ ਨੇ ਆਪਣੇ ਘਰ ਵਿਚ ਸੰਭਾਵਿਤ ਵਿਸਫੋਟਕ ਹੋਣ ਦੀ ਸੂਚਨਾ ਦਿੱਤੀ। ਜਾਂਚ ਦੌਰਾਨ ਪਤਾ ਲੱਗਿਆ ਕਿ ਇਹ ਘਰ ਪਹਿਲਾਂ ਉਸਦੇ ਪਿਤਾ ਦਾ ਸੀ, ਜੋ ਅਮਰੀਕੀ ਫੌਜ ਵਿਚ ਡੈਮੋਲੀਸ਼ਨ ਇੰਸਟਰੱਕਟਰ ਰਹਿ ਚੁੱਕੇ ਸਨ।

ਸ਼ੈਰਿਫ਼ ਦਫ਼ਤਰ ਦੀ ਵਿਸਫੋਟਕ ਆਰਡੀਨੈਂਸ ਡਿਸਪੋਜ਼ਲ ਯੂਨਿਟ ਨੇ ਘਰ ਵਿਚੋਂ ਸੀ4 ਵਿਸਫੋਟਕ ਸਮੱਗਰੀ ਦੇ ਦੋ ਹਾਲਫ-ਬਲੋਕ, ਦੋ ਅੱਗ ਲਾਉਣ ਵਾਲੇ ਗ੍ਰਨੇਡ ਅਤੇ ਇੱਕ ਸਮੋਕ ਗ੍ਰਨੇਡ ਬਰਾਮਦ ਕੀਤੇ। ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਜੇ ਸੀ4 ਵਿਚ ਅਚਾਨਕ ਧਮਾਕਾ ਹੋ ਜਾਂਦਾ, ਤਾਂ 150 ਫੁੱਟ ਤੱਕ ਭਿਆਨਕ ਤਬਾਹੀ ਹੋ ਸਕਦੀ ਸੀ, ਜਦਕਿ ਧਮਾਕੇ ਦੇ ਟੁਕੜੇ ਅਤੇ ਮਲਬਾ 600 ਫੁੱਟ ਤੱਕ ਜਾ ਸਕਦਾ ਸੀ। ਸ਼ੈਰਿਫ਼ ਦਫ਼ਤਰ ਨੇ ਕਿਹਾ ਕਿ ਸਾਰੇ ਵਿਸਫੋਟਕ ਸੁਰੱਖਿਅਤ ਤਰੀਕੇ ਨਾਲ ਇਕੱਠੇ ਕਰਕੇ ਨਸ਼ਟ ਕਰਨ ਲਈ ਭੇਜੇ ਗਏ ਹਨ। ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਨੂੰ ਕਿਸੇ ਥਾਂ 'ਤੇ ਸ਼ੱਕੀ ਵਿਸਫੋਟਕ ਸਮੱਗਰੀ, ਫੌਜੀ ਹਥਿਆਰ ਜਾਂ ਕੋਈ ਖ਼ਤਰਨਾਕ ਡਿਵਾਈਸ ਮਿਲੇ, ਤਾਂ ਉਸਨੂੰ ਹੱਥ ਨਾ ਲਾਇਆ ਜਾਵੇ ਅਤੇ ਤੁਰੰਤ ਇਲਾਕਾ ਖਾਲੀ ਕਰਕੇ 911 'ਤੇ ਕਾਲ ਕੀਤੀ ਜਾਵੇ।

# ਅਮਰੀਕੀ ਅਧਿਕਾਰੀਆਂ ਨੇ ਭਾਰਤ ਤੋਂ ਚੱਲ ਰਹੇ ਕਾਲ ਸੈਂਟਰ ਨੂੰ ਕਰਾਇਆ ਬੰਦ

**ਨਿਊਯਾਰਕ, (ਪੰਜਾਬ ਮੇਲ)**- ਅਮਰੀਕੀ ਅਧਿਕਾਰੀਆਂ ਨੇ ਭਾਰਤ ਤੋਂ ਸੰਚਾਲਿਤ ਹੋਣ ਵਾਲੇ ਇਕ ਕਾਲ ਸੈਂਟਰ ਨੂੰ ਬੰਦ ਕਰਾ ਦਿੱਤਾ ਹੈ, ਜਿਸਨੇ ਤਕਨੀਕੀ ਸਹਾਇਤਾ ਦੀ ਆੜ ਵਿਚ ਅਮਰੀਕੀਆਂ ਨਾਲ ਲੱਖਾਂ ਡਾਲਰ ਦੀ ਧੋਖਾਧੜੀ ਕੀਤੀ ਸੀ। ਇਹ ਕਾਰਵਾਈ ਸਾਲਾਂ ਦੀ ਜਾਂਚ ਤੋਂ ਬਾਅਦ ਹੋਈ, ਜਿਸ ਦੇ ਨਤੀਜੇ ਵਜੋਂ ਪੰਜ ਧੋਖਾਧੜੀ ਕਰਨ ਵਾਲਿਆਂ ਨੂੰ ਦੋਸ਼ੀ ਠਹਿਰਾਇਆ ਗਿਆ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਦੇ ਬੋਸਟਨ ਦਫ਼ਤਰ ਨੇ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ ਕਿ ਕਾਲ ਸੈਂਟਰ ਦੇ ਇੱਕ ਸਾਬਕਾ ਕਰਮਚਾਰੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਬਾਅਦ ਵਿਚ ਜਾਂਚ ਦੌਰਾਨ ਦੋਸ਼ੀ ਠਹਿਰਾਇਆ ਗਿਆ ਸੀ। ਐੱਫ.ਬੀ.ਆਈ. ਦੇ ਅਨੁਸਾਰ ਕਾਲ ਸੈਂਟਰ ਨੇ ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਸੈਂਕੜੇ ਬਜ਼ੁਰਗ ਲੋਕਾਂ ਨੂੰ ਨਿਸ਼ਾਨਾ ਬਣਾਇਆ, ਉਨ੍ਹਾਂ ਨਾਲ ਲੱਖਾਂ ਡਾਲਰ ਦੀ ਧੋਖਾਧੜੀ ਕੀਤੀ। ਏਜੰਸੀ ਦੇ ਅਨੁਸਾਰ ਨੈੱਟਵਰਕ ਨੂੰ ਚਲਾਉਣ ਵਿਚ ਮਦਦ ਕਰਨ ਵਾਲੇ ਇੱਕ ਕਾਰੋਬਾਰੀ ਸਮੂਹ ਦੇ ਦੋ ਸੀਨੀਅਰ ਅਧਿਕਾਰੀਆਂ ਨੇ ਹੁਣ ਵੱਡੀ ਧੋਖਾਧੜੀ ਨੂੰ ਨਜ਼ਰਅੰਦਾਜ਼ ਕਰਨ ਦੀ ਗੱਲ ਸਵੀਕਾਰ ਕੀਤੀ ਹੈ। ਰ੍ਹੋਡ ਆਈਲੈਂਡ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਦਫ਼ਤਰ ਵੱਲੋਂ ਜਾਰੀ ਬਿਆਨ ਅਨੁਸਾਰ, ਮਿਆਮੀ ਦੇ 42 ਸਾਲਾ ਐਡਮ ਯੰਗ ਅਤੇ ਲਾਸ ਵੇਗਾਸ ਦੇ 33 ਸਾਲਾ ਹੈਰੀਸਨ ਗੇਵਰਟਜ਼ ਨੇ ਇੱਕ ਕਾਰੋਬਾਰ ਚਲਾਉਣ ਦੀ ਗੱਲ ਕਬੂਲ ਕੀਤੀ, ਜੋ ਦੂਰਸੰਚਾਰ ਸੇਵਾਵਾਂ ਪ੍ਰਦਾਨ ਕਰਦਾ ਸੀ, ਜਿਸ ਵਿਚ ਫੋਨ ਨੰਬਰ ਪਲੇਸਮੈਂਟ, ਕਾਲ ਰੂਟਿੰਗ, ਕਾਲ ਟ੍ਰੈਕਿੰਗ ਅਤੇ ਕਾਲ ਫਾਰਵਰਡਿੰਗ ਸ਼ਾਮਲ ਸਨ।

# ਇਮੀਗ੍ਰੇਸ਼ਨ ਰੀਕੰਸਿਲੀਏਸ਼ਨ ਪੈਕੇਜ 'ਚ ਦੇਰੀ ਲਈ ਹਾਊਸ ਰਿਪਬਲਿਕਨਾਂ ਵੱਲੋਂ ਸੈਨੇਟ 'ਚ ਹੰਗਾਮਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਕਾਂਗਰਸ ਵਿਚ ਇਮੀਗ੍ਰੇਸ਼ਨ ਅਤੇ ਬਾਰਡਰ ਸੁਰੱਖਿਆ ਲਈ ਲਿਆਂਦੇ ਜਾ ਰਹੇ ਵੱਡੇ ਰੀਕੰਸਿਲੀਏਸ਼ਨ ਪੈਕੇਜ ਨੂੰ ਲੈ ਕੇ ਰਿਪਬਲਿਕਨ ਪਾਰਟੀ ਦੇ ਅੰਦਰ ਹੀ ਤਿੱਖਾ ਟਕਰਾਅ ਸਾਹਮਣੇ ਆ ਗਿਆ ਹੈ। ਹਾਊਸ ਰਿਪਬਲਿਕਨ ਮੈਂਬਰਾਂ ਨੇ ਸੈਨੇਟ ਰਿਪਬਲਿਕਨਾਂ 'ਤੇ ਗੁੱਸਾ ਜ਼ਾਹਿਰ ਕਰਦਿਆਂ ਦੋਸ਼ ਲਗਾਇਆ ਹੈ ਕਿ ਉਹ ਇਮੀਗ੍ਰੇਸ਼ਨ ਬਿੱਲ ਨੂੰ ਲਟਕਾ ਰਹੇ ਹਨ ਅਤੇ ਟਰੰਪ ਦੇ ਏਜੰਡੇ ਨੂੰ ਅੱਗੇ ਵਧਾਉਣ ਵਿਚ ਦੇਰੀ ਕਰ ਰਹੇ ਹਨ।

ਰਿਪੋਰਟਾਂ ਮੁਤਾਬਕ ਰਿਪਬਲਿਕਨ ਪਾਰਟੀ 72 ਬਿਲੀਅਨ ਡਾਲਰ ਦੇ ਇੱਕ ਵੱਡੇ ਪੈਕੇਜ 'ਤੇ ਕੰਮ ਕਰ ਰਹੀ ਹੈ, ਜਿਸ ਵਿਚ ICE, ਬਾਰਡਰ ਪੈਟਰੋਲ ਅਤੇ ਹੋਰ ਇਮੀਗ੍ਰੇਸ਼ਨ ਏਜੰਸੀਆਂ ਲਈ ਵੱਡੀ ਫੰਡਿੰਗ ਦਾ ਪ੍ਰਬੰਧ ਕੀਤਾ ਜਾਣਾ ਹੈ। ਇਸ ਪੈਕੇਜ ਨੂੰ "ਬਜਟ ਰੀਕੰਸਿਲੀਏਸ਼ਨ" ਪ੍ਰਕਿਰਿਆ ਰਾਹੀਂ ਪਾਸ ਕਰਨ ਦੀ ਯੋਜਨਾ ਸੀ, ਤਾਂ ਜੋ ਡੈਮੋਕ੍ਰੈਟਸ ਦੀ 60 ਵੋਟਾਂ ਵਾਲੀ ਰੁਕਾਵਟ ਤੋਂ ਬਚਿਆ ਜਾ ਸਕੇ ਅਤੇ ਸਾਧਾਰਨ ਬਹੁਮਤ ਨਾਲ ਬਿੱਲ ਪਾਸ ਹੋ ਸਕੇ।

ਪਰ ਸੈਨੇਟ ਵਿਚ ਇਹ ਬਿੱਲ ਰੁਕ ਗਿਆ ਹੈ। ਕਈ ਰਿਪਬਲਿਕਨ ਸੈਨੇਟਰਾਂ ਨੇ ਬਿੱਲ ਵਿਚ ਸ਼ਾਮਲ ਕੁਝ ਵਿਵਾਦਿਤ ਫੰਡਾਂ 'ਤੇ ਇਤਰਾਜ਼ ਜਤਾਇਆ। ਖਾਸ ਤੌਰ 'ਤੇ "Anti-Weaponization Fund" ਨਾਂ ਦੇ ਲਗਭਗ 1.8 ਬਿਲੀਅਨ ਡਾਲਰ ਫੰਡ ਅਤੇ ਵ੍ਹਾਈਟ ਹਾਊਸ ਬਾਲਰੂਮ ਪ੍ਰਾਜੈਕਟ ਲਈ ਮੰਗੀ ਗਈ ਫੰਡਿੰਗ ਨੇ ਵਿਵਾਦ ਖੜ੍ਹਾ ਕਰ ਦਿੱਤਾ। ਕੁਝ ਸੈਨੇਟਰਾਂ ਨੂੰ ਡਰ ਹੈ ਕਿ ਇਹ ਰਕਮ ਗਲਤ ਢੰਗ ਨਾਲ ਵਰਤੀ ਜਾ ਸਕਦੀ ਹੈ।

ਇਸ ਦੇਰੀ ਕਾਰਨ ਹਾਊਸ ਰਿਪਬਲਿਕਨਾਂ ਵਿਚ ਨਾਰਾਜ਼ਗੀ ਵਧ ਗਈ ਹੈ। ਕਈ ਮੈਂਬਰਾਂ ਨੇ ਖੁੱਲ੍ਹ ਕੇ ਕਿਹਾ ਕਿ ਉਹ "ਬਹੁਤ ਨਿਰਾਸ਼" ਹਨ ਕਿਉਂਕਿ ਉਹ ਚਾਹੁੰਦੇ ਸਨ ਕਿ ਮੈਮੋਰਿਅਲ ਡੇ ਤੋਂ ਪਹਿਲਾਂ ਹੀ ਇਮੀਗ੍ਰੇਸ਼ਨ ਫੰਡਿੰਗ ਪਾਸ ਹੋ ਜਾਵੇ। ਕੁਝ ਹਾਊਸ ਮੈਂਬਰਾਂ ਦਾ ਕਹਿਣਾ ਹੈ ਕਿ ਸੈਨੇਟ ਨੇ ਬਹੁਤ "ਸਕਿੰਨੀ ਬਿੱਲ" ਤਿਆਰ ਕੀਤਾ ਹੈ, ਜਿਸ ਵਿਚ ਹੋਰ ਰਿਪਬਲਿਕਨ ਤਰਜੀਹਾਂ ਸ਼ਾਮਲ ਨਹੀਂ ਕੀਤੀਆਂ ਗਈਆਂ।

ਟਰੰਪ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਚਾਹੁੰਦੇ ਹਨ ਕਿ ਇਹ ਬਿੱਲ ਜਲਦੀ ਪਾਸ ਹੋਵੇ, ਤਾਂ ਜੋ ICE ਅਤੇ ਬਾਰਡਰ ਪੈਟਰੋਲ ਨੂੰ ਵਧੇਰੇ ਪੈਸਾ ਦਿੱਤਾ ਜਾ ਸਕੇ ਅਤੇ ਡੈਮੋਕ੍ਰੈਟਸ ਇਮੀਗ੍ਰੇਸ਼ਨ ਨੀਤੀਆਂ ਵਿਚ ਰੁਕਾਵਟ ਨਾ ਪਾ ਸਕਣ। ਜੀ.ਓ.ਪੀ. ਨੇ ਇਹ ਵੀ ਦਲੀਲ ਦਿੱਤੀ ਹੈ ਕਿ ਰੀਕੰਸਿਲੀਏਸ਼ਨ ਰਾਹੀਂ ਪਾਸ ਹੋਇਆ ਬਿੱਲ ਆਉਣ ਵਾਲੇ ਸਾਲਾਂ ਲਈ ਇਮੀਗ੍ਰੇਸ਼ਨ ਐਨਫੋਰਸਮੈਂਟ ਨੂੰ ਮਜ਼ਬੂਤ ਕਰੇਗਾ।

ਹੁਣ ਸੈਨੇਟ ਅਤੇ ਹਾਊਸ ਦੋਵੇਂ ਮੈਮੋਰੀਅਲ ਡੇ ਛੁੱਟੀਆਂ ਲਈ ਵਾਸ਼ਿੰਗਟਨ ਛੱਡ ਚੁੱਕੇ ਹਨ, ਜਿਸ ਨਾਲ ਟਰੰਪ ਦੀ 1 ਜੂਨ ਤੱਕ ਬਿੱਲ ਪਾਸ ਕਰਨ ਦੀ ਡੈਡਲਾਈਨ ਵੀ ਖਤਰੇ ਵਿਚ ਪੈ ਗਈ ਹੈ।




# ਟਰੰਪ ਪ੍ਰਸ਼ਾਸਨ ਵੱਲੋਂ ਬੈਂਕਿੰਗ ਨਿਯਮਾਂ 'ਚ ਵੱਡੇ ਬਦਲਾਅ ਦੀ ਤਿਆਰੀ!

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਅਮਰੀਕੀ ਬੈਂਕਿੰਗ ਸਿਸਟਮ ਵਿਚ ਨਵੇਂ ਨਿਯਮ ਲਿਆਂਦੇ ਜਾਣ ਦੀ ਦਿਸ਼ਾ ਵਿਚ ਕਦਮ ਚੁੱਕਿਆ ਹੈ, ਜਿਸਦਾ ਅਸਰ ਖਾਸ ਕਰਕੇ ਇਮੀਗ੍ਰੈਂਟ ਭਾਈਚਾਰੇ 'ਤੇ ਪੈ ਸਕਦਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਜਾਰੀ ਕੀਤੇ ਨਵੇਂ ਕਾਰਜਕਾਰੀ ਹੁਕਮ "ਅਮਰੀਕਾ ਦੇ ਵਿੱਤੀ ਸਿਸਟਮ ਵਿਚ ਇਕਸਾਰਤਾ ਬਹਾਲ ਕਰਨਾ" ਵਿਚ ਬੈਂਕਾਂ ਨੂੰ ਆਪਣੇ "Know Your Customer' ਯਾਨੀ ਕੇ.ਵਾਈ.ਸੀ. ਨਿਯਮ ਹੋਰ ਸਖ਼ਤ ਕਰਨ ਲਈ ਕਿਹਾ ਗਿਆ ਹੈ।

ਇਸ ਕਾਰਜਕਾਰੀ ਹੁਕਮ ਅਨੁਸਾਰ ਬੈਂਕਾਂ ਨੂੰ ਆਪਣੇ ਗਾਹਕਾਂ ਦੀ ਪਿਛੋਕੜ, ਖਾਸ ਕਰਕੇ ਇਮੀਗ੍ਰੇਸ਼ਨ ਸਟੇਟਸ, ਬਾਰੇ ਹੋਰ ਵਧੇਰੇ ਜਾਂਚ ਕਰਨ ਲਈ ਨਵੀਂ ਗਾਈਡਲਾਈਨ ਦਿੱਤੀ ਜਾਵੇਗੀ। ਵ੍ਹਾਈਟ ਹਾਊਸ ਨੇ ਕਿਹਾ ਕਿ ਇਹ ਕਦਮ "ਰਾਸ਼ਟਰੀ ਸੁਰੱਖਿਆ" ਅਤੇ "ਗੈਰਕਾਨੂੰਨੀ ਆਰਥਿਕ ਗਤੀਵਿਧੀਆਂ" ਨੂੰ ਰੋਕਣ ਲਈ ਲਿਆ ਜਾ ਰਿਹਾ ਹੈ।

ਹਾਲਾਂਕਿ ਪ੍ਰਸ਼ਾਸਨ ਨੇ ਫਿਲਹਾਲ ਉਹ ਯੋਜਨਾ ਲਾਗੂ ਨਹੀਂ ਕੀਤੀ, ਜਿਸ ਅਧੀਨ ਹਰ ਬੈਂਕ ਗਾਹਕ ਦੀ ਨਾਗਰਿਕਤਾ ਜਾਂ ਸਿਟੀਜ਼ਨਸ਼ਿਪ ਦੀ ਜਾਂਚ ਲਾਜ਼ਮੀ ਬਣ ਸਕਦੀ ਸੀ, ਪਰ ਨਵੇਂ ਹੁਕਮ ਨਾਲ ਬੈਂਕਾਂ 'ਤੇ ਦਬਾਅ ਵਧੇਗਾ ਕਿ ਉਹ ਗੈਰ-ਨਾਗਰਿਕ ਅਤੇ ਗੈਰ-ਦਸਤਾਵੇਜ਼ੀ ਇਮੀਗ੍ਰਾਂਟਸ ਨਾਲ ਜੁੜੀਆਂ

## ਇਮੀਗ੍ਰੈਂਟਾਂ ਦੀ ਵਧ ਸਕਦੀ ਹੈ ਜਾਂਚ



ਫਾਇਨੈਂਸ਼ਲ ਐਕਟਿਵਿਟੀਜ਼ 'ਤੇ ਹੋਰ ਨਿਗਰਾਨੀ ਰੱਖਣ।

ਕਾਰਜਕਾਰੀ ਆਦੇਸ਼ 'ਚ ਖਜ਼ਾਨਾ ਵਿਭਾਗ ਨੂੰ 60 ਦਿਨਾਂ ਦੇ ਅੰਦਰ ਨਵੀਆਂ ਗਾਈਡਲਾਈਨ ਜਾਰੀ ਕਰਨ ਲਈ ਕਿਹਾ ਗਿਆ ਹੈ। ਇਨ੍ਹਾਂ ਵਿਚ ਕੁਝ "ਰੈੱਡ ਫਲੈਗਸ" ਦੀ ਪਛਾਣ ਕਰਨ ਲਈ ਕਿਹਾ ਜਾਵੇਗਾ, ਜਿਵੇਂ ਕਿ:

ITIN (ਵਿਅਕਤੀਗਤ ਟੈਕਸਦਾਤਾ ਪਛਾਣ ਨੰਬਰ) ਦੀ ਵਰਤੋਂ ਕਰਕੇ ਕ੍ਰੈਡਿਟ ਲਈ ਅਪਲਾਈ ਕਰਨਾ, ਗੈਰ-ਅਮਰੀਕੀ ਦਸਤਾਵੇਜ਼ਾਂ ਦੀ ਵਰਤੋਂ, ਤਨਖਾਹ ਟੈਕਸ ਚੋਰੀ ਨਾਲ ਜੁੜੇ ਸੰਕੇਤ ਅਤੇ ਅਣਅਧਿਕਾਰਤ ਰੁਜ਼ਗਾਰ ਨਾਲ ਸੰਬੰਧਤ ਲੈਣ-ਦੇਣ।

ਵ੍ਹਾਈਟ ਹਾਊਸ ਦਾ ਦਾਅਵਾ ਹੈ ਕਿ ITIN ਦੀ ਵਰਤੋਂ ਕਈ ਵਾਰ "unauthorized aliens' ਦੀ ਗੈਰਕਾਨੂੰਨੀ ਨੌਕਰੀ ਨੂੰ ਆਸਾਨ ਬਣਾਉਣ ਲਈ ਕੀਤੀ ਜਾਂਦੀ ਹੈ।

ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਪਹਿਲਾਂ ਇੱਕ ਇੰਟਰਵਿਊ 'ਚ ਕਿਹਾ ਸੀ ਕਿ ਸਰਕਾਰ ਜਾਣਨਾ ਚਾਹੁੰਦੀ ਹੈ ਕਿ "ਅਮਰੀਕੀ ਬੈਂਕਿੰਗ ਸਿਸਟਮ 'ਚ ਕੌਣ ਮੌਜੂਦ ਹੈ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਸੁਰੱਖਿਆ ਕਾਰਨਾਂ ਕਰਕੇ ਇਹ ਜਾਣਕਾਰੀ ਜ਼ਰੂਰੀ ਹੈ।

ਦੂਜੇ ਪਾਸੇ ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਆਰਥਿਕ ਵਿਸ਼ਲੇਸ਼ਕਾਂ ਨੇ ਇਸ ਫੈਸਲੇ 'ਤੇ ਚਿੰਤਾ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਇਮੀਗ੍ਰੈਂਟ ਭਾਈਚਾਰਾ ਬੈਂਕਿੰਗ ਸਿਸਟਮ ਤੋਂ ਡਰ ਕੇ ਦੂਰ ਹੋਇਆ, ਤਾਂ ਕਈ ਲੋਕ ਟੈਕਸ ਫਾਈਲ ਕਰਨਾ ਵੀ ਛੱਡ ਸਕਦੇ ਹਨ। ਯੇਲ ਬਜਟ ਲੈਬ ਦੇ ਅਨੁਸਾਰ ਇਸ ਕਾਰਨ ਅਗਲੇ 10 ਸਾਲਾਂ ਵਿਚ ਅਮਰੀਕਾ ਨੂੰ ਲਗਭਗ 479 ਬਿਲੀਅਨ ਡਾਲਰ ਟੈਕਸ ਰੇਵਨਿਊ ਦਾ ਨੁਕਸਾਨ ਹੋ ਸਕਦਾ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਬੈਂਕਾਂ ਵੱਲੋਂ ਇਮੀਗ੍ਰੇਸ਼ਨ ਸਥਿਤੀ ਦੀ ਜਾਂਚ ਹੋਰ ਸਖ਼ਤ ਕੀਤੀ ਗਈ, ਤਾਂ ਗੈਰ-ਦਸਤਾਵੇਜ਼ੀ ਪ੍ਰਵਾਸੀ, ਸ਼ਰਣ ਮੰਗਣ ਵਾਲੇ ਅਤੇ ITIN ਧਾਰਕਾਂ ਲਈ ਬੈਂਕ ਖਾਤੇ ਖੋਲ੍ਹਣਾ, ਕਰਜ਼ੇ ਲੈਣਾ ਜਾਂ ਕ੍ਰੈਡਿਟ ਹਿਸਟਰੀ ਬਣਾਉਣਾ ਮੁਸ਼ਕਲ ਹੋ ਸਕਦਾ ਹੈ।

ਫਿਲਹਾਲ ਇਹ ਕਾਰਜਕਾਰੀ ਆਦੇਸ਼ ਸਿੱਧੇ ਤੌਰ 'ਤੇ ਨਾਗਰਿਕਤਾ ਜਾਂਚ ਲਾਜ਼ਮੀ ਨਹੀਂ ਕਰਦਾ, ਪਰ ਆਉਣ ਵਾਲੀਆਂ ਟਰੇਜ਼ਰੀ ਦਿਸ਼ਾ-ਨਿਰਦੇਸ਼ ਤੋਂ ਬਾਅਦ ਅਮਰੀਕੀ ਬੈਂਕਿੰਗ ਸਿਸਟਮ ਵਿਚ ਇਮੀਗ੍ਰੈਂਟਾਂ ਲਈ ਨਵੇਂ ਨਿਯਮ ਅਤੇ ਵਧੀਕ ਜਾਂਚ ਦੇ ਦਰਵਾਜ਼ੇ ਖੁੱਲ ਸਕਦੇ ਹਨ।

# ਜੇ.ਡੀ. ਵੈਂਸ ਵੱਲੋਂ ਬਾਇਡਨ ਸਰਕਾਰ 'ਤੇ ਅਮਰੀਕੀ ਸ਼ਰਨਾਰਥੀ ਧੋਖਾਧੜੀ ਦਾ ਦੋਸ਼

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਨੇ ਪਿਛਲੀ ਬਾਇਡਨ ਸਰਕਾਰ 'ਤੇ ਅਮਰੀਕੀ ਸ਼ਰਨਾਰਥੀ ਪ੍ਰਣਾਲੀ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋਣ ਦੇਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਸਰਹੱਦੀ ਨਿਯਮਾਂ ਨੂੰ ਸਖ਼ਤ ਕਰਨ ਦੇ ਨਾਲ-ਨਾਲ ਇਮੀਗ੍ਰੇਸ਼ਨ (ਪ੍ਰਵਾਸ) ਨਾਲ ਜੁੜੀ ਧੋਖਾਧੜੀ ਖਿਲਾਫ ਕਾਰਵਾਈ ਕਰ ਰਿਹਾ ਹੈ। ਵ੍ਹਾਈਟ ਹਾਊਸ ਦੀ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵੈਂਸ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ ਦੌਰਾਨ ਦੱਖਣੀ ਸਰਹੱਦ 'ਤੇ ਸ਼ਰਨ ਦੇ ਦਾਅਵਿਆਂ ਨੂੰ ਜਿਸ ਤਰ੍ਹਾਂ ਸੰਭਾਲਿਆ ਗਿਆ, ਉਹ "ਸਭ ਤੋਂ ਵੱਡੀਆਂ ਇਮੀਗ੍ਰੇਸ਼ਨ ਧੋਖਾਧੜੀਆਂ" ਵਿਚੋਂ ਇੱਕ ਸੀ।

ਵੈਂਸ ਨੇ ਕਿਹਾ, "ਬਾਇਡਨ ਪ੍ਰਸ਼ਾਸਨ ਦੇ ਤਹਿਤ ਜੋ ਸਭ ਤੋਂ ਵੱਡੀ ਜਾਂਚ ਧੋਖਾਧੜੀ ਮੌਜੂਦ ਸੀ, ਉਹ ਸਿਰਫ਼ ਇਹ ਨਹੀਂ ਸੀ ਕਿ ਉਨ੍ਹਾਂ ਨੇ ਦੱਖਣੀ ਸਰਹੱਦ ਤੋਂ ਲੋਕਾਂ ਦੇ ਹੜ੍ਹ ਨੂੰ ਅੰਦਰ ਆਉਣ ਦਿੱਤਾ। ਬਲਕਿ ਇਹ ਵੀ ਸੀ ਕਿ ਉਨ੍ਹਾਂ ਨੇ ਸ਼ਰਨਾਰਥੀ ਅਤੇ ਰਫਿਊਜੀ ਦਾਅਵਾ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਨਾਲ ਫਰਜ਼ੀ ਬਣਨ ਦਿੱਤਾ।"

ਵੈਂਸ ਨੇ ਦਾਅਵਾ ਕੀਤਾ ਕਿ



ਅਮਰੀਕਾ ਵਿਚ ਦਾਖਲ ਹੋਣ ਵਾਲੇ ਬਹੁਤ ਸਾਰੇ ਪ੍ਰਵਾਸੀਆਂ ਨੇ ਦੇਸ਼ ਵਿਚ ਪ੍ਰਵੇਸ਼ ਕਰਨ ਅਤੇ ਵਰਕ ਪਰਮਿਟ ਹਾਸਲ ਕਰਨ ਲਈ ਖੁਦ ਨੂੰ ਝੂਠੇ ਤੌਰ 'ਤੇ ਸ਼ਰਨਾਰਥੀ ਵਜੋਂ ਪੇਸ਼ ਕੀਤਾ। ਵੈਂਸ ਦੇ ਅਨੁਸਾਰ, ਪਿਛਲੇ ਪ੍ਰਸ਼ਾਸਨ ਨੇ ਫਿਰ ਅਜਿਹੇ ਬਹੁਤ ਸਾਰੇ ਪ੍ਰਵਾਸੀਆਂ ਨੂੰ ਦੇਸ਼ ਦੇ ਅੰਦਰੂਨੀ ਹਿੱਸਿਆਂ ਵਿਚ ਜਾਣ ਦੀ ਇਜਾਜ਼ਤ ਦੇ ਦਿੱਤੀ, ਜਦੋਂ ਕਿ ਉਹ ਆਪਣੀ ਇਮੀਗ੍ਰੇਸ਼ਨ ਸੁਣਵਾਈ ਦੀ ਉਡੀਕ ਕਰ ਰਹੇ ਸਨ, ਜਿਸ ਵਿਚ ਕਈ ਸਾਲ ਲੱਗ ਸਕਦੇ ਹਨ। ਉਨ੍ਹਾਂ ਕਿਹਾ, "ਉਨ੍ਹਾਂ ਨੂੰ ਕਹਿ ਦਿੱਤਾ ਜਾਂਦਾ ਸੀ ਕਿ 'ਇਹ ਲਓ ਵਰਕ ਪਰਮਿਟ। ਸ਼ਾਇਦ 10 ਜਾਂ 12 ਸਾਲਾਂ ਬਾਅਦ ਆਪਣੀ ਸੁਣਵਾਈ ਲਈ ਵਾਪਸ ਆਉਣਾ, ਜਿੱਥੇ ਇਹ ਤੈਅ ਹੋਵੇਗਾ ਕਿ ਤੁਹਾਡਾ ਸ਼ਰਨਾਰਥੀ ਦਾਅਵਾ ਅਸਲ ਵਿਚ ਜਾਇਜ਼ ਹੈ ਜਾਂ ਨਹੀਂ।"

ਉਨ੍ਹਾਂ ਸਵਾਲ ਉਠਾਇਆ, "ਕੀ ਹੋਵੇਗਾ ਜੇਕਰ ਉਹ ਵਿਅਕਤੀ ਕੋਈ ਅਪਰਾਧੀ ਨਿਕਲਿਆ? ਕੀ ਹੋਵੇਗਾ ਜੇਕਰ ਉਸ ਵਿਅਕਤੀ ਦਾ ਪਿਛੋਕੜ ਹਿੰਸਕ ਰਿਹਾ ਹੋਵੇ? ਅਸੀਂ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਜਾਂਚ ਨਹੀਂ ਕੀਤੀ ਕਿ ਸ਼ਰਨਾਰਥੀ ਹੋਣ ਦਾ ਦਾਅਵਾ ਕਰਕੇ ਸਾਡੇ ਦੇਸ਼ ਵਿਚ ਆਉਣ ਵਾਲੇ ਲੋਕਾਂ ਦਾ ਪਿਛੋਕੜ ਅਸਲ ਵਿਚ ਜਾਇਜ਼ ਜਾਂ ਚੰਗਾ ਹੈ।"

ਵੈਂਸ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਹੁਣ ਇਸ ਖਾਮੀ ਨੂੰ "ਸੁਧਾਰ" ਦਿੱਤਾ ਹੈ ਅਤੇ ਉਨ੍ਹਾਂ ਲੋਕਾਂ ਦੀ ਜਾਂਚ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਕਥਿਤ ਤੌਰ 'ਤੇ ਸ਼ਰਨਾਰਥੀ ਪ੍ਰਕਿਰਿਆ ਦਾ ਨਾਜਾਇਜ਼ ਫਾਇਦਾ ਉਠਾਇਆ।

ਉਨ੍ਹਾਂ ਕਿਹਾ, "ਇਹ ਇੱਕ ਅਜਿਹੀ ਚੀਜ਼ ਹੈ, ਜਿਸਨੂੰ ਅਸੀਂ ਟਰੰਪ ਪ੍ਰਸ਼ਾਸਨ ਵਿਚ ਠੀਕ ਕਰ ਦਿੱਤਾ ਹੈ। ਸਾਡੀ ਫਰਾਡ ਟਾਸਕ ਫੋਰਸ (ਧੋਖਾਧੜੀ ਰੋਕੂ ਦਸਤਾ) ਦਾ ਪੂਰਾ ਧਿਆਨ ਇਹ ਯਕੀਨੀ ਬਣਾਉਣ 'ਤੇ ਹੈ ਕਿ ਜਿਨ੍ਹਾਂ ਲੋਕਾਂ ਨੇ ਇਸ ਖਾਮੀ ਦਾ ਨਾਜਾਇਜ਼ ਫਾਇਦਾ ਉਠਾਇਆ, ਉਨ੍ਹਾਂ ਖਿਲਾਫ ਮੁਕੱਦਮਾ ਚਲਾਇਆ ਜਾਵੇ।"

ਵੈਂਸ ਨੇ ਕਾਂਗਰਸ ਵਿਚ ਬਹਿਸ ਅਧੀਨ ਵਿਆਪਕ ਇਮੀਗ੍ਰੇਸ਼ਨ ਮੁਆਫ਼ੀ ਦੇ ਪ੍ਰਸਤਾਵਾਂ ਦਾ ਆਪਣਾ ਵਿਰੋਧ ਵੀ ਦੁਹਰਾਇਆ।

ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀਆਂ ਨੂੰ ਵਰਕ ਵੀਜ਼ਾ ਦੇਣ ਵਾਲੇ ਕਾਨੂੰਨ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ, "ਮੈਂ ਕਿਸੇ ਨੂੰ ਵੀ ਆਮ ਮੁਆਫ਼ੀ ਦੇਣਾ ਪਸੰਦ ਨਹੀਂ ਕਰਦਾ।"




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ 130 ਲੋੜਵੰਦ ਲੋਕਾਂ ਨੂੰ ਇੱਕ ਲੱਖ ਤੀਹ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋਕ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਅੰਗਹੀਣ ਹਨ ਅਤੇ ਵੱਖ-ਵੱਖ ਬੀਮਾਰੀਆਂ ਤੋਂ ਪੀੜ੍ਹਤ ਹਨ। ਸਹਾਇਤਾ ਰਾਸ਼ੀ ਦੇਣ ਸਮੇਂ ਮਹੰਤ ਕਸ਼ਮੀਰ ਸਿੰਘ, ਗੁਰਵਿੰਦਰ ਸਿੰਘ ਅਸਿਸਟੈਂਟ ਮੈਨੇਜਰ ਪੀ.ਐੱਨ.ਬੀ.,



ਡਾ. ਐੱਸ.ਪੀ. ਸਿੰਘ ਓਬਰਾਏ।

ਸਮੇਰ ਸਿੰਘ ਸਾਬਕਾ ਮੈਨੇਜਰ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਦੁਨੀਆਂ ਭਰ ਦੀਆਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਚਰਨਜੀਤ ਸਿੰਘ, ਗੁਰਜੀਤ ਸਿੰਘ ਜੀਤਾ, ਸੋਮ ਨਾਥ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ ਆਦਿ ਹਾਜ਼ਰ ਸਨ।

# ਸਤਿਕਾਰ ਐਕਟ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਨੇ 31 ਮਈ ਨੂੰ ਬੁਲਾਈ ਵਿਸ਼ਾਲ ਪੰਥਕ ਕਾਨਫਰੰਸ

**■ ਐਡਵੋਕੇਟ ਧਾਮੀ ਵੱਲੋਂ ਸਮੂਹ ਸਿੱਖ ਜਥੇਬੰਦੀਆਂ ਨੂੰ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ**



**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ (ਸੋਧ) ਐਕਟ 2026' ਵਿਚ ਸਿੱਖ ਭਾਵਨਾਵਾਂ ਵਿਰੁੱਧ ਦਰਜ ਮੱਦਾਂ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ਾਲ ਪੰਥਕ ਕਾਨਫਰੰਸ 31 ਮਈ 2026 ਨੂੰ ਬਾਬਾ ਬਕਾਲਾ ਸਾਹਿਬ ਵਿਖੇ ਸੱਦੀ ਗਈ ਹੈ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਦਿੱਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਵੱਖ-ਵੱਖ ਅਸਥਾਨਾਂ 'ਤੇ ਪੰਥਕ ਮੀਟਿੰਗਾਂ ਕੀਤੀਆਂ ਗਈਆਂ ਸਨ, ਜਿਸ ਵਿਚ ਸੰਗਤਾਂ ਦੀ ਭਾਵਨਾ ਸੀ ਕਿ ਇਸ ਗੰਭੀਰ ਮਸਲੇ ਸਬੰਧੀ ਸਮੁੱਚੀਆਂ ਸਿੱਖ ਜਥੇਬੰਦੀਆਂ ਦਾ ਵਿਸ਼ਾਲ ਪੰਥਕ ਇਕੱਠ ਬੁਲਾਇਆ ਜਾਵੇ। ਬਹੁਤ ਸਾਰੇ ਸਿੱਖ ਵਿਦਵਾਨਾਂ ਵੱਲੋਂ ਵੀ ਅਜਿਹੇ ਸੁਝਾਅ ਮਿਲੇ ਸਨ। ਇਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਨਾਲ ਵਿਚਾਰ ਕਰਕੇ ਇਹ ਪ੍ਰੋਗਰਾਮ ਉਲੀਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪੰਥਕ ਇਕੱਠ ਟਕਰਾਅ ਲਈ ਨਹੀਂ, ਬਲਕਿ ਸਿੱਖ ਸੰਗਤਾਂ ਦੇ ਇਤਰਾਜ਼ਾਂ ਦੀ ਤਰਜ਼ਮਾਨੀ ਲਈ ਹੈ। ਉਨ੍ਹਾਂ ਕਿਹਾ ਕਿ ਇਸ ਪੰਥਕ ਕਾਨਫਰੰਸ ਲਈ ਸਮੂਹ ਸਿੱਖ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਨਿਰਮਲੇ, ਉਦਾਸੀ ਸੰਪਰਦਾ, ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਤੇ ਸਮੂਹ ਸਿੱਖ ਫੈਡਰੇਸ਼ਨਾਂ ਨੂੰ ਅਪੀਲ ਹੈ ਕਿ ਉਹ ਇਸ ਵਿਚ ਭਰਵੀਂ ਸ਼ਮੂਲੀਅਤ ਕਰਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਕੌਮ ਨਾਲ ਸਬੰਧਤ ਕਾਨੂੰਨ ਵਿਚ ਜਦੋਂ ਵੀ ਸੋਧ ਹੋਈ ਹੈ, ਉਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਕਾਇਦਾ ਮਤਾ ਪਾਸ ਕਰਕੇ ਭੇਜਿਆ ਗਿਆ ਸੀ। ਸਿੱਖ ਗੁਰਦੁਆਰਾ ਐਕਟ 1925 'ਚ ਬੀਬੀਆਂ ਦੇ ਰਾਖਵੇਂਕਰਨ ਅਤੇ 2008 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਤੇ ਪ੍ਰਕਾਸ਼ਨ ਸਬੰਧੀ ਐਕਟ ਲਈ ਮਤੇ ਪਾਸ ਕਰਕੇ ਭੇਜੇ ਗਏ ਸਨ। ਸਹਿਜਧਾਰੀਆਂ ਸਬੰਧੀ ਸਰਕਾਰ ਦੀ ਸੋਧ ਵੀ ਇਸੇ ਕਾਰਨ ਰੱਦ ਹੋ ਗਈ ਸੀ ਕਿਉਂਕਿ ਸ਼੍ਰੋਮਣੀ ਕਮੇਟੀ ਦੁਆਰਾ ਇਸ ਸੋਧ ਸਬੰਧੀ ਕੋਈ ਮਤਾ ਨਹੀਂ ਸੀ ਕੀਤਾ। ਪਰ ਸਰਕਾਰ ਦੁਆਰਾ ਇਸ ਕਾਨੂੰਨ ਵਿਚ ਸੋਧ ਕਰਨ ਲਈ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਖਰੜਾ ਦੱਸਣਾ ਵੀ ਮੁਨਾਸਿਬ ਨਹੀਂ ਸਮਝਿਆ ਗਿਆ। ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਸਿੱਖ ਜਥੇਬੰਦੀਆਂ ਨਾਲ ਗੱਲਬਾਤ ਤੋਂ ਬਿਨਾਂ ਤਿਆਰ ਕੀਤੇ ਕਾਨੂੰਨ ਵਿਚ ਕਈ ਮੱਦਾਂ ਸਿੱਖ ਸਿਧਾਂਤਾਂ ਨਾਲ ਮੇਲ ਨਹੀਂ ਖਾਂਦੀਆਂ।

# ਕੈਲੀਫੋਰਨੀਆ 'ਚ ਨਵੇਂ ਕਾਨੂੰਨਾਂ ਤੋਂ ਬਾਅਦ ਹਜ਼ਾਰਾਂ ਪ੍ਰਵਾਸੀਆਂ ਦਾ ਮੈਡੀ-ਕੈਲ ਕਵਰੇਜ ਖਤਮ

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ 'ਚ ਨਵੇਂ ਕਾਨੂੰਨਾਂ ਅਤੇ ਇਮੀਗ੍ਰੇਸ਼ਨ ਸੰਬੰਧੀ ਸਖ਼ਤ ਨੀਤੀਆਂ ਤੋਂ ਬਾਅਦ ਹਜ਼ਾਰਾਂ ਪ੍ਰਵਾਸੀਆਂ ਨੇ ਆਪਣਾ ਮੈਡੀ-ਕੈਲ ਸਿਹਤ ਬੀਮਾ ਕਵਰੇਜ ਗੁਆ ਦਿੱਤਾ ਹੈ ਜਾਂ ਉਨ੍ਹਾਂ ਨੂੰ ਇਸ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਨਵੀਂ ਰਿਪੋਰਟ ਮੁਤਾਬਕ ਜਨਵਰੀ ਅਤੇ ਫਰਵਰੀ 2026 ਦੌਰਾਨ 86 ਹਜ਼ਾਰ ਤੋਂ ਵੱਧ ਗੈਰ-ਦਸਤਾਵੇਜ਼ੀ ਪ੍ਰਵਾਸੀ ਮੈਡੀ-ਕੈਲ ਪ੍ਰੋਗਰਾਮ ਤੋਂ ਬਾਹਰ ਹੋ ਗਏ ਜਾਂ ਉਨ੍ਹਾਂ ਦੀਆਂ ਅਰਜ਼ੀਆਂ ਰੱਦ ਹੋ ਗਈਆਂ। ਇਹ ਗਿਰਾਵਟ ਹੋਰ ਲੋਕਾਂ ਨਾਲੋਂ 6 ਗੁਣਾ ਵੱਧ ਦਰ ਨਾਲ ਹੋਈ।

ਇਹ ਉਹੀ "ਹੈਲਥ ਕੇਅਰ ਫਾਰ ਆਲ" ਯੋਜਨਾ ਸੀ, ਜਿਸਨੂੰ ਗੈਵਿਨ ਨਿਊਸਮ ਨੇ ਵੱਡੇ ਪੱਧਰ 'ਤੇ ਅੱਗੇ ਵਧਾਇਆ ਸੀ ਅਤੇ ਜਿਸ ਤਹਿਤ 2024 ਵਿਚ ਘੱਟ ਆਮਦਨ ਵਾਲੇ ਲੋਕਾਂ ਨੂੰ ਇਮੀਗ੍ਰੇਸ਼ਨ ਸਟੇਟਸ ਤੋਂ ਬਿਨਾਂ ਮੈਡੀ-ਕੈਲ ਕਵਰੇਜ ਦਿੱਤੀ ਗਈ ਸੀ। ਪਰ ਹੁਣ ਨਵੇਂ ਫੈਡਰਲ ਅਤੇ ਰਾਜੀ ਕਦਮਾਂ ਕਾਰਨ ਲੋਕ ਡਰ ਅਤੇ ਅਨਿਸ਼ਚਿਤਤਾ ਵਿਚ ਹਨ।

ਰਿਪੋਰਟ ਅਨੁਸਾਰ ਜਦੋਂ ਇਹ ਖੁਲਾਸਾ ਹੋਇਆ ਕਿ ਟਰੰਪ ਪ੍ਰਸ਼ਾਸਨ ਮੈਡੀ-ਕੈਲ ਮੈਂਬਰਾਂ ਦੀ ਜਾਣਕਾਰੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਨਾਲ ਸਾਂਝੀ ਕਰ ਰਿਹਾ ਹੈ, ਉਸ ਤੋਂ ਬਾਅਦ ਬਹੁਤ ਸਾਰੇ ਪ੍ਰਵਾਸੀਆਂ ਨੇ ਕਵਰੇਜ ਛੱਡਣੀ ਸ਼ੁਰੂ ਕਰ ਦਿੱਤੀ।

ਇਸਦੇ ਨਾਲ ਹੀ ਕੈਲੀਫੋਰਨੀਆ ਨੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਲਈ ਨਵੀਆਂ ਮੈਡੀ-ਕੈਲ ਰਜਿਸਟ੍ਰੇਸ਼ਨਾਂ 'ਤੇ ਰੋਕ ਵੀ ਲਗਾ ਦਿੱਤੀ। ਹੁਣ ਜਿਹੜੇ ਲੋਕ ਕਾਗਜ਼ੀ ਕਾਰਵਾਈ ਜਾਂ ਭੁਗਤਾਨ ਵਿਚ 90 ਦਿਨਾਂ ਤੋਂ ਵੱਧ ਦੇਰੀ ਕਰਦੇ ਹਨ, ਉਹ ਆਪਣੀ ਕਵਰੇਜ ਸਦਾ ਲਈ ਗੁਆ ਸਕਦੇ ਹਨ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਅਗਲੇ ਚਾਰ ਸਾਲਾਂ ਵਿਚ ਲਗਭਗ 13 ਲੱਖ ਪ੍ਰਵਾਸੀਆਂ ਦੀ ਫੁੱਲ-ਸਕੋਪ ਮੈਡੀ-ਕੈਲ ਕਵਰੇਜ ਖਤਮ ਹੋ ਸਕਦੀ ਹੈ। ਇਸ ਨਾਲ ਲੋਕ ਲੰਬੇ ਸਮੇਂ ਦੀਆਂ ਬਿਮਾਰੀਆਂ ਦਾ ਇਲਾਜ ਛੱਡਣ ਜਾਂ ਐਮਰਜੈਂਸੀ ਤੱਕ ਇੰਤਜ਼ਾਰ ਕਰਨ ਲਈ ਮਜਬੂਰ ਹੋ ਸਕਦੇ ਹਨ।

ਜੁਲਾਈ 2026 ਤੋਂ ਪ੍ਰਵਾਸੀਆਂ ਲਈ ਡੈਂਟਲ ਫਾਇਦੇ ਵੀ ਖਤਮ ਕੀਤੇ ਜਾ ਰਹੇ ਹਨ। ਇਹ ਕਟੌਤੀ ਨਾ ਸਿਰਫ ਗੈਰ-ਦਸਤਾਵੇਜ਼ੀ ਲੋਕਾਂ ਨੂੰ ਪ੍ਰਭਾਵਿਤ ਕਰੇਗੀ, ਸਗੋਂ ਕੁਝ ਗ੍ਰੀਨ ਕਾਰਡ ਹੋਲਡਰਾਂ ਅਤੇ ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲ (DACA) ਹੇਠ ਰਹਿੰਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰੇਗੀ।

ਇਸ ਤੋਂ ਇਲਾਵਾ 2027 ਤੋਂ 19 ਤੋਂ 59 ਸਾਲ ਦੇ ਬਹੁਤ ਸਾਰੇ ਪ੍ਰਵਾਸੀਆਂ ਲਈ ਹਰ ਮਹੀਨੇ 50 ਡਾਲਰ ਪ੍ਰੀਮੀਅਮ ਵੀ ਲਾਗੂ ਕੀਤਾ ਜਾਵੇਗਾ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਹੋਰ ਵੀ ਬਹੁਤ ਸਾਰੇ ਲੋਕ ਸਿਹਤ ਕਵਰੇਜ ਛੱਡ ਸਕਦੇ ਹਨ।

ਸਿਹਤ ਕਲੀਨਿਕਾਂ ਅਤੇ ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਕਦਮ ਕੈਲੀਫੋਰਨੀਆ ਦੇ ਸਿਹਤ ਪ੍ਰਣਾਲੀ 'ਤੇ ਵੱਡਾ ਬੋਝ ਪਾ ਸਕਦੇ ਹਨ ਅਤੇ ਕਈ ਕਮਿਊਨਿਟੀ ਕਲੀਨਿਕ ਬੰਦ ਹੋਣ ਦੇ ਖਤਰੇ ਵਿਚ ਪੈ ਸਕਦੇ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਹਾਈਕੋਰਟ ਵੱਲੋਂ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰਨ ਦੇ ਮਾਮਲੇ 'ਤੇ ਸੁਖਪਾਲ ਖਹਿਰਾ ਨੂੰ ਜ਼ੁਰਮਾਨਾ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸੁਖਪਾਲ ਖਹਿਰਾ ਦੀ ਮਾਣਹਾਨੀ ਦੀ ਪਟੀਸ਼ਨ ਖਾਰਜ ਕਰਦਿਆਂ ਜੁਰਮਾਨਾ ਲਾਇਆ ਹੈ। ਇਹ ਮਾਮਲਾ ਸੁਖਪਾਲ ਖਹਿਰਾ ਦੇ ਜੱਦੀ ਪਿੰਡ 'ਚ ਜ਼ਮੀਨਾਂ ਦੇ ਕਬਜ਼ੇ ਨੂੰ ਹਟਾਉਣ ਨਾਲ ਸਬੰਧਤ ਸੀ।

ਹਾਈ ਕੋਰਟ ਨੇ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰਨ ਦੇ ਮਾਮਲੇ 'ਚ ਸੁਖਪਾਲ ਖਹਿਰਾ ਦੀ ਪਟੀਸ਼ਨ 'ਤੇ ਨਾਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਵਿਵਾਦਿਤ ਜ਼ਮੀਨ ਪੰਚਾਇਤੀ ਸੜਕ ਦਾ ਹਿੱਸਾ ਹੈ।

ਅਦਾਲਤ ਨੇ ਕਿਹਾ ਕਿ ਸੁਖਪਾਲ ਖਹਿਰਾ ਨੇ ਕਬਜ਼ਾ ਛੁਡਵਾਉਣ ਦੀ ਕਾਰਵਾਈ ਨੂੰ ਮਾਣਹਾਨੀ ਦੀ ਰੰਗਤ ਦੇਣ ਦੀ ਕੋਸ਼ਿਸ਼ ਕੀਤੀ। ਅਦਾਲਤ ਨੇ ਇਸ ਪਟੀਸ਼ਨ ਨੂੰ ਨਿਆਂਇਕ ਪ੍ਰਕਿਰਿਆ ਦੀ ਦੁਰਵਰਤੋਂ ਦਾ ਮਾਮਲਾ ਕਰਾਰ ਦਿੰਦਿਆਂ ਸੁਖਪਾਲ ਸਿੰਘ ਖਹਿਰਾ 'ਤੇ 6 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਹ ਸਾਰਾ ਮਾਮਲਾ ਸੁਖਪਾਲ ਖਹਿਰਾ ਦੇ ਜੱਦੀ ਪਿੰਡ ਵਿਚ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਹਟਾਉਣ ਲਈ ਕੀਤੀ ਗਈ ਪ੍ਰਸ਼ਾਸਨਿਕ ਕਾਰਵਾਈ ਨਾਲ ਜੁੜਿਆ ਹੋਇਆ ਸੀ। ਅਦਾਲਤ ਨੇ ਕਿਹਾ ਕਿ ਜਿਸ ਜ਼ਮੀਨ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ, ਉਹ ਅਸਲ ਵਿਚ ਪੰਚਾਇਤੀ ਸੜਕ ਦਾ ਹੀ ਇੱਕ ਹਿੱਸਾ ਹੈ।

# ਟਰੰਪ ਦੌਰ 'ਚ ਅਮਰੀਕੀ ਟੂਰਿਜ਼ਮ ਵਿਚ ਸਭ ਤੋਂ ਵੱਡੀ ਗਿਰਾਵਟ !

**■ 20 ਸਾਲਾਂ 'ਚ ਪਹਿਲੀ ਵਾਰ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ ਵਿਚ ਵੱਡੀ ਕਮੀ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ ਵਿਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਨਵੇਂ ਅੰਕੜਿਆਂ ਮੁਤਾਬਕ 2025 ਦੌਰਾਨ ਲਗਭਗ 40 ਲੱਖ ਘੱਟ ਅੰਤਰਰਾਸ਼ਟਰੀ ਯਾਤਰੀ ਅਮਰੀਕਾ ਆਏ, ਜੋ ਪਿਛਲੇ ਸਾਲ ਨਾਲੋਂ ਕਰੀਬ 5.5 ਫੀਸਦੀ ਕਮੀ ਹੈ। ਵਿਦੇਸ਼ੀ ਸੈਲਾਨੀਆਂ ਵੱਲੋਂ ਖਰਚ ਕੀਤੀ ਜਾਣ ਵਾਲੀ ਰਕਮ ਵਿਚ ਵੀ 8 ਬਿਲੀਅਨ ਡਾਲਰ ਤੋਂ ਵੱਧ ਦੀ ਕਮੀ ਆਈ ਹੈ।

ਰਿਪੋਰਟਾਂ ਮੁਤਾਬਕ ਕੋਵਿਡ ਮਹਾਂਮਾਰੀ ਤੋਂ ਬਾਅਦ ਇਹ ਅਮਰੀਕਾ ਵਿਚ ਵਿਦੇਸ਼ੀ ਟੂਰਿਜ਼ਮ ਦੀ ਸਭ ਤੋਂ ਵੱਡੀ ਸਾਲਾਨਾ ਗਿਰਾਵਟ ਮੰਨੀ ਜਾ ਰਹੀ ਹੈ। ਕੈਨੇਡਾ, ਭਾਰਤ, ਜਰਮਨੀ, ਫਰਾਂਸ, ਆਸਟ੍ਰੇਲੀਆ ਅਤੇ ਚੀਨ ਸਮੇਤ ਕਈ ਦੇਸ਼ਾਂ ਤੋਂ ਅਮਰੀਕਾ ਜਾਣ ਵਾਲੇ ਯਾਤਰੀਆਂ ਦੀ ਗਿਣਤੀ ਘਟੀ ਹੈ।

ਸਭ ਤੋਂ ਵੱਡੀ ਕਮੀ ਕੈਨੇਡਾ ਤੋਂ ਆਉਣ ਵਾਲੇ ਸੈਲਾਨੀਆਂ ਵਿਚ ਦਰਜ ਕੀਤੀ ਗਈ ਹੈ। ਸੀ.ਐੱਨ.ਐੱਨ. ਵੱਲੋਂ ਮੋਬਾਈਲ ਟ੍ਰੈਕਿੰਗ ਕੰਪਨੀ ਕਿਊਬਿਕ ਦੇ ਡਾਟਾ ਦੇ ਹਵਾਲੇ ਨਾਲ ਕਿਹਾ ਗਿਆ ਕਿ ਕੁਝ ਵੱਡੇ ਅਮਰੀਕੀ ਸ਼ਹਿਰਾਂ ਵਿਚ ਕੈਨੇਡੀਅਨ ਯਾਤਰਾ 42 ਫੀਸਦੀ ਤੱਕ ਘਟ ਸਕਦੀ ਹੈ।

ਰਿਪੋਰਟਾਂ ਵਿਚ ਦੱਸਿਆ ਗਿਆ ਹੈ ਕਿ ਬਹੁਤ ਸਾਰੇ ਯਾਤਰੀ ਡੋਨਾਲਡ ਟਰੰਪ ਦੀ ਸਖ਼ਤ ਇਮੀਗ੍ਰੇਸ਼ਨ ਨੀਤੀਆਂ, ਰਾਜਨੀਤਿਕ ਤਣਾਅ ਅਤੇ ਇਰਾਨ ਨਾਲ ਜੁੜੇ ਜੰਗੀ ਮਾਹੌਲ ਕਾਰਨ ਅਮਰੀਕਾ ਜਾਣ ਤੋਂ ਬਚ ਰਹੇ ਹਨ।

ਟਰੰਪ ਵੱਲੋਂ ਕੈਨੇਡਾ ਨੂੰ "51ਵਾਂ ਰਾਜ" ਬਣਾਉਣ ਬਾਰੇ ਕੀਤੀਆਂ ਟਿੱਪਣੀਆਂ ਅਤੇ ਕੈਨੇਡੀਅਨ ਸਟੀਲ, ਐਲੂਮੀਨੀਅਮ ਅਤੇ ਆਟੋ ਉਦਯੋਗ 'ਤੇ ਟੈਰਿਫ਼ ਦੀਆਂ ਧਮਕੀਆਂ ਕਾਰਨ ਦੋਵੇਂ ਦੇਸ਼ਾਂ ਦੇ ਰਿਸ਼ਤਿਆਂ ਵਿਚ ਵੀ ਤਣਾਅ ਵਧਿਆ ਹੈ। ਇਸ ਦਾ ਅਸਰ ਖ਼ਾਸ ਕਰਕੇ ਲਾਸ ਵੇਗਾਸ ਵਰਗੇ ਸ਼ਹਿਰਾਂ 'ਤੇ ਪਿਆ ਹੈ, ਜਿੱਥੇ ਕੈਨੇਡੀਅਨ ਸੈਲਾਨੀ ਵੱਡੀ ਗਿਣਤੀ ਵਿਚ ਆਉਂਦੇ ਸਨ।

ਇਸੇ ਦੌਰਾਨ ਵਰਲਡ ਟਰੈਵਲ ਐਂਡ ਟੂਰਿਜ਼ਮ ਕਾਊਂਸਿਲ ਨੇ ਕਿਹਾ ਹੈ ਕਿ ਦੁਨੀਆਂ ਭਰ ਵਿਚ ਅੰਤਰਰਾਸ਼ਟਰੀ ਯਾਤਰਾ ਵਧ ਰਹੀ ਹੈ ਅਤੇ 2025 ਵਿਚ ਲਗਭਗ 8 ਕਰੋੜ ਵੱਧ ਲੋਕਾਂ ਨੇ ਵਿਦੇਸ਼ ਯਾਤਰਾ ਕੀਤੀ, ਪਰ ਇਸ ਵਾਧੇ ਦਾ ਵੱਡਾ ਹਿੱਸਾ ਅਮਰੀਕਾ ਤੋਂ ਇਲਾਵਾ ਹੋਰ ਦੇਸ਼ਾਂ ਵੱਲ ਗਿਆ।

ਜੂਲੀਅਟ ਕਾਯੇਮ ਨੇ ਕਿਹਾ ਕਿ ਪਹਿਲਾਂ ਦੁਨੀਆਂ ਅਮਰੀਕਾ ਨੂੰ ਇੱਕ ਮਿਸਾਲ ਵਜੋਂ ਵੇਖਦੀ ਸੀ, ਪਰ ਹੁਣ ਉਹ ਚਿੱਤਰ ਕਾਫ਼ੀ ਬਦਲ ਗਿਆ ਹੈ ਅਤੇ ਕਈ ਲੋਕ ਅਮਰੀਕਾ ਨੂੰ ਅਸਥਿਰ ਲੋਕਤੰਤਰ ਵਜੋਂ ਦੇਖਣ ਲੱਗ ਪਏ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਸਾਬਕਾ ਰਾਜ ਸਭਾ ਮੈਂਬਰ ਰਾਜਮਹਿੰਦਰ ਸਿੰਘ ਮਜੀਠਾ ਸਾਥੀਆਂ ਸਮੇਤ 'ਆਪ' 'ਚ ਹੋਏ ਸ਼ਾਮਲ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਵੱਡਾ ਸਿਆਸੀ ਝਟਕਾ ਲੱਗਿਆ ਹੈ, ਉੱਥੇ ਹੀ ਆਮ ਆਦਮੀ ਪਾਰਟੀ ਨੂੰ ਵੱਡੀ ਮਜ਼ਬੂਤੀ ਮਿਲੀ ਹੈ। ਅਕਾਲੀ ਦਲ ਦੇ ਦਿੱਗਜ ਆਗੂ, ਸਾਬਕਾ ਰਾਜ ਸਭਾ ਮੈਂਬਰ, ਸਾਬਕਾ ਵਿਧਾਇਕ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੁਖੀ ਰਾਜਮਹਿੰਦਰ ਸਿੰਘ ਮਜੀਠਾ 'ਆਪ' ਵਿਚ ਸ਼ਾਮਲ ਹੋ ਗਏ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਮਹਿੰਦਰ ਸਿੰਘ ਮਜੀਠਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਆਮ ਆਦਮੀ ਪਾਰਟੀ ਵਿਚ ਸਵਾਗਤ ਕੀਤਾ। ਉਨ੍ਹਾਂ ਦੇ ਨਾਲ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਵੀ ਮੌਜੂਦ ਸਨ।

ਰਾਜਮਹਿੰਦਰ ਸਿੰਘ ਮਜੀਠਾ ਦੇ ਨਾਲ-ਨਾਲ ਇਲਾਕੇ ਦੀਆਂ ਕਈ ਹੋਰ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਵੀ 'ਆਪ' ਵਿਚ ਸ਼ਾਮਲ ਹੋਈਆਂ। ਇਨ੍ਹਾਂ ਵਿਚ ਸਾਬਕਾ ਆਰ.ਟੀ.ਆਈ. ਕਮਿਸ਼ਨਰ ਹੇਮਇੰਦਰ ਸਿੰਘ ਮਜੀਠਾ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਸੁਖਦੀਪ ਸਿੰਘ ਮਜੀਠਾ ਨੇ 'ਆਪ' ਦਾ ਪੱਲਾ ਫੜਿਆ।

# ਤੁਲਸੀ ਗਾਬਾਰਡ ਵੱਲੋਂ ਕੌਮੀ ਖੁਫੀਆ ਨਿਰਦੇਸ਼ਕ ਦੇ ਅਹੁਦੇ ਤੋਂ ਅਸਤੀਫਾ

**■ ਪਤੀ ਦੀ ਖਰਾਬ ਸਿਹਤ ਨੂੰ ਦੱਸਿਆ ਮੁੱਖ ਕਾਰਨ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਕੌਮੀ ਖੁਫੀਆ ਨਿਰਦੇਸ਼ਕ (ਡਾਇਰੈਕਟਰ ਆਫ਼ ਨੈਸ਼ਨਲ ਇੰਟੈਲੀਜੈਂਸ) ਤੁਲਸੀ ਗਾਬਾਰਡ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਆਪਣਾ ਅਸਤੀਫਾ ਸਾਂਝਾ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੇ ਪਤੀ ਅਬਰਾਹਮ ਨੂੰ ਹੱਡੀਆਂ ਦਾ ਇੱਕ ਬਹੁਤ ਹੀ ਦੁਰਲੱਭ ਕੈਂਸਰ ਹੋਇਆ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਨਾਲ ਖੜ੍ਹੇ ਹੋਣ ਲਈ ਇਸ ਅਹੁਦੇ ਤੋਂ ਦੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਦਾ ਇਹ ਅਸਤੀਫਾ



30 ਜੂਨ 2026 ਤੋਂ ਲਾਗੂ ਹੋਵੇਗਾ।

ਡੋਨਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਆਪਣਾ ਅਹੁਦਾ ਛੱਡਣ ਵਾਲੀ ਉਹ ਚੌਥੀ ਕੈਬਨਿਟ ਅਧਿਕਾਰੀ ਬਣ ਗਈ ਹੈ।

ਪਤੀ ਦੀ ਬਿਮਾਰੀ ਤੋਂ ਇਲਾਵਾ ਪਿਛਲੇ ਕੁਝ ਸਮੇਂ ਤੋਂ ਇਹ ਚਰਚਾਵਾਂ ਵੀ ਸਨ ਕਿ ਟਰੰਪ ਵੱਲੋਂ ਇਰਾਨ 'ਤੇ ਹਮਲਾ ਕਰਨ ਦੇ ਫੈਸਲੇ ਤੋਂ ਬਾਅਦ ਤੁਲਸੀ ਗਾਬਾਰਡ ਦੇ ਰਾਸ਼ਟਰਪਤੀ ਨਾਲ ਮਤਭੇਦ ਚੱਲ ਰਹੇ ਸਨ। ਤੁਲਸੀ ਗਾਬਾਰਡ ਇੱਕ ਫੌਜੀ ਅਧਿਕਾਰੀ ਰਹਿ ਚੁੱਕੀ ਹੈ ਅਤੇ ਪਹਿਲਾਂ ਡੈਮੋਕ੍ਰੇਟਿਕ ਪਾਰਟੀ ਦੀ ਸੰਸਦ ਮੈਂਬਰ ਸੀ, ਹਮੇਸ਼ਾ ਹੀ ਵਿਦੇਸ਼ੀ ਜੰਗਾਂ ਖਿਲਾਫ ਰਹੀ ਹੈ। ਜਦੋਂ ਅਮਰੀਕਾ ਨੇ ਇਜ਼ਰਾਈਲ ਦੇ ਨਾਲ ਮਿਲ ਕੇ 28 ਫਰਵਰੀ ਨੂੰ ਇਰਾਨ 'ਤੇ ਹਮਲੇ ਸ਼ੁਰੂ ਕੀਤੇ, ਤਾਂ ਉਹ ਇੱਕ ਮੁਸ਼ਕਲ ਸਥਿਤੀ ਵਿਚ ਫਸ ਗਈ ਸੀ। ਸੰਸਦ ਦੀ ਸੁਣਵਾਈ ਦੌਰਾਨ ਉਨ੍ਹਾਂ ਨੇ ਖੁੱਲ੍ਹ ਕੇ ਟਰੰਪ ਦੇ ਇਸ ਫੈਸਲੇ ਦਾ ਸਮਰਥਨ ਨਹੀਂ ਕੀਤਾ ਸੀ। ਉਨ੍ਹਾਂ ਨੇ ਸੰਸਦ ਵਿਚ ਲਗਾਤਾਰ ਇਹ ਬਿਆਨ ਦਿੱਤਾ ਕਿ ਇਹ ਹਮਲਾ ਕਰਨ ਦਾ ਫੈਸਲਾ ਪੂਰੀ ਤਰ੍ਹਾਂ ਰਾਸ਼ਟਰਪਤੀ ਟਰੰਪ ਦਾ ਸੀ, ਨਾ ਕਿ ਖੁਫੀਆ ਵਿਭਾਗ ਦਾ, ਜਦੋਂ ਕਿ ਟਰੰਪ ਦਾ ਕਹਿਣਾ ਸੀ ਕਿ ਇਹ ਹਮਲਾ ਦੇਸ਼ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਸੀ।

ਤੁਲਸੀ ਗਾਬਾਰਡ ਅਮਰੀਕੀ ਸੰਸਦ (ਕਾਂਗਰਸ) ਦੀ ਪਹਿਲੀ ਹਿੰਦੂ ਮੈਂਬਰ ਸੀ, ਜਿਨ੍ਹਾਂ ਨੇ ਭਗਵਦ ਗੀਤਾ 'ਤੇ ਹੱਥ ਰੱਖ ਕੇ ਸਹੁੰ ਚੁੱਕੀ ਸੀ।

# ਅਮਰੀਕੀ ਸੰਸਦ 'ਚ ਟਰੰਪ ਦੀਆਂ ਫ਼ੌਜੀ ਸ਼ਕਤੀਆਂ ਨੂੰ ਸੀਮਤ ਕਰਨ ਵਾਲਾ ਮਤਾ ਪਾਸ

**ਵਾਸ਼ਿੰਗਟਨ, (ਪੰਜਾਬ ਮੇਲ)-** ਮਿਡਲ ਈਸਟ ਤਣਾਅ ਵਿਚਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡਾ ਝਟਕਾ ਲੱਗਾ ਹੈ। ਅਮਰੀਕੀ ਸੰਸਦ 'ਚ ਟਰੰਪ ਦੀਆਂ ਫ਼ੌਜੀ ਸ਼ਕਤੀਆਂ ਨੂੰ ਸੀਮਤ ਕਰਨ ਵਾਲਾ ਮਤਾ ਪਾਸ ਹੋ ਗਿਆ ਹੈ। ਵੋਟਿੰਗ ਵਿਚ 4 ਰਿਪਬਲੀਕਨ ਸੰਸਦ ਮੈਂਬਰਾਂ ਨੇ ਵੀ ਵਿਰੋਧੀ ਪਾਰਟੀ ਡੈਮੋਕ੍ਰੇਟਸ ਦਾ ਸਾਥ ਦਿੱਤਾ।

ਹਾਲਾਂਕਿ 3 ਰਿਪਬਲੀਕਨ ਸੰਸਦ ਮੈਂਬਰ ਵੋਟਿੰਗ 'ਚ ਸ਼ਾਮਲ ਨਹੀਂ ਹੋਏ। ਇਹ ਮਤਾ 50-47 ਨਾਲ ਪਾਸ ਹੋਇਆ, ਹਾਲਾਂਕਿ ਇਸ ਨੂੰ ਕਾਨੂੰਨ ਬਣਨ ਲਈ ਅਜੇ ਕੁਝ ਹੋਰ ਪੜਾਵਾਂ 'ਚੋਂ ਲੰਘਣਾ ਪਵੇਗਾ। ਜੇ ਇਹ ਮਤਾ ਕਾਨੂੰਨ ਬਣਦਾ ਹੈ, ਤਾਂ ਟਰੰਪ ਸਰਕਾਰ ਨੂੰ ਇਰਾਨ ਖ਼ਿਲਾਫ਼ ਜੰਗ ਜਾਰੀ ਰੱਖਣ ਲਈ ਕਾਂਗਰਸ ਦੀ ਮਨਜ਼ੂਰੀ ਲੈਣੀ ਹੋਵੇਗੀ।

ਹਾਲਾਂਕਿ ਅਜੇ ਸੈਨੇਟ 'ਚ ਇਸ 'ਤੇ ਆਖ਼ਰੀ ਵੋਟਿੰਗ ਹੋਣੀ ਬਾਕੀ ਹੈ। ਇਸ ਤੋਂ ਬਾਅਦ ਇਸ ਨੂੰ ਰਿਪਬਲੀਕਨ ਬਹੁਮਤ ਵਾਲੀ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਤੋਂ ਮਨਜ਼ੂਰੀ ਲੈਣੀ ਪਵੇਗੀ। ਉਸ ਤੋਂ ਬਾਅਦ ਵੀ ਟਰੰਪ ਇਸ ਦੇ ਖ਼ਿਲਾਫ਼ ਵੀਟੋ ਕਰ ਸਕਦੇ ਹਨ। ਫਿਰ ਉਸ ਵੀਟੋ ਨੂੰ ਰੱਦ ਕਰਨ ਲਈ ਸੈਨੇਟ ਅਤੇ ਹਾਊਸ ਦੋਵਾਂ ਵਿਚ ਦੋ-ਤਿਹਾਈ ਬਹੁਮਤ ਚਾਹੀਦਾ ਹੋਵੇਗਾ, ਜੋ ਫਿਲਹਾਲ ਮੁਸ਼ਕਲ ਮੰਨਿਆ ਜਾ ਰਿਹਾ ਹੈ। ਇਹ ਵੋਟ ਵਿਰੋਧੀ ਧਿਰ ਲਈ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ, ਜੋ ਕਹਿ ਰਹੇ ਸਨ ਕਿ ਅਮਰੀਕਾ ਵਿਚ ਜੰਗ ਸ਼ੁਰੂ ਕਰਨ ਜਾਂ ਫ਼ੌਜ ਭੇਜਣ ਦਾ ਅਧਿਕਾਰ ਰਾਸ਼ਟਰਪਤੀ ਕੋਲ ਨਹੀਂ ਸਗੋਂ ਸੰਸਦ ਕੋਲ ਹੋਣਾ ਚਾਹੀਦਾ ਹੈ। ਅਮਰੀਕੀ ਸੰਵਿਧਾਨ ਵਿਚ ਵੀ ਇਹੀ ਵਿਵਸਥਾ ਦਿੱਤੀ ਗਈ ਹੈ।

ਉੱਥੇ ਹੀ ਵ੍ਹਾਈਟ ਹਾਊਸ ਦਾ ਕਹਿਣਾ ਹੈ ਕਿ ਟਰੰਪ ਨੇ ਅਮਰੀਕੀ ਸੁਰੱਖਿਆ ਲਈ ਆਪਣੇ ਅਧਿਕਾਰਾਂ ਤਹਿਤ ਕਾਰਵਾਈ ਕੀਤੀ ਹੈ। ਅਮਰੀਕੀ ਕਾਨੂੰਨ ਮੁਤਾਬਕ ਕੋਈ ਵੀ ਰਾਸ਼ਟਰਪਤੀ ਬਿਨਾਂ ਸੰਸਦ ਦੀ ਮਨਜ਼ੂਰੀ ਦੇ ਸਿਰਫ਼ 60 ਦਿਨਾਂ ਤੱਕ ਫ਼ੌਜੀ ਕਾਰਵਾਈ ਚਲਾ ਸਕਦਾ ਹੈ। ਇਸ ਤੋਂ ਬਾਅਦ ਜਾਂ ਤਾਂ ਜੰਗ ਖ਼ਤਮ ਕਰਨੀ ਹੁੰਦੀ ਹੈ, ਕਾਂਗਰਸ ਤੋਂ ਇਜਾਜ਼ਤ ਲੈਣੀ ਹੁੰਦੀ ਹੈ, ਜਾਂ ਫਿਰ ਫ਼ੌਜ ਦੀ ਸੁਰੱਖਿਅਤ ਵਾਪਸੀ ਲਈ 30 ਦਿਨਾਂ ਦਾ ਵਾਧੂ ਸਮਾਂ ਮੰਗਣਾ ਹੁੰਦਾ ਹੈ।

# ਅਮਰੀਕੀ ਸੰਸਦ 'ਚ ਜਨਮਜਾਤ ਨਾਗਰਿਕਤਾ ਸੰਬੰਧੀ ਮਤਾ ਪੇਸ਼ !

**■ ਸਿਰਫ਼ ਅਮਰੀਕਾ 'ਚ ਜਨਮੇ ਲੋਕਾਂ ਨੂੰ ਹੀ ਅਧਿਕਾਰ ਦੇਣ ਦੀ ਮੰਗ ਨੇ ਛੇੜੀ ਵੱਡੀ ਬਹਿਸ !**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਜਨਮਜਾਤ ਨਾਗਰਿਕਤਾ ਹਾਸਲ ਕਰਨ ਵਾਲੇ ਲੋਕਾਂ ਦੇ ਅਧਿਕਾਰਾਂ ਨੂੰ ਲੈ ਕੇ ਇੱਕ ਵੱਡੀ ਬਹਿਸ ਛਿੜ ਗਈ ਹੈ। ਰਿਪਬਲਿਕਨ ਸਾਂਸਦ ਨੈਂਸੀ ਮੇਸ ਨੇ ਇੱਕ ਅਜਿਹਾ ਸੰਵਿਧਾਨਕ ਸੋਧ ਪ੍ਰਸਤਾਵ ਪੇਸ਼ ਕੀਤਾ ਹੈ, ਜਿਸ ਨਾਲ ਅਮਰੀਕਾ 'ਚ ਬਾਹਰੋਂ ਆ ਕੇ ਵਸੇ ਲੋਕਾਂ, ਖਾਸ ਕਰਕੇ ਭਾਰਤੀ ਮੂਲ ਦੇ ਨੇਤਾਵਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਸਾਂਸਦ ਨੈਂਸੀ ਮੇਸ ਨੇ ਮੰਗ ਕੀਤੀ ਹੈ ਕਿ ਜਿਹੜੇ ਲੋਕ ਜਨਮ ਤੋਂ ਅਮਰੀਕੀ ਨਾਗਰਿਕ ਨਹੀਂ ਹਨ, ਉਨ੍ਹਾਂ ਨੂੰ ਕਾਂਗਰਸ ਮੈਂਬਰ (ਸਾਂਸਦ), ਸੰਘੀ ਜੱਜ ਅਤੇ ਹੋਰ ਅਹਿਮ ਸਰਕਾਰੀ ਅਹੁਦਿਆਂ 'ਤੇ ਨਿਯੁਕਤ ਹੋਣ ਤੋਂ ਰੋਕਿਆ ਜਾਵੇ। ਮੇਸ ਦਾ ਤਰਕ ਹੈ ਕਿ ਜਿਸ ਤਰ੍ਹਾਂ ਅਮਰੀਕਾ ਦਾ ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਬਣਨ ਲਈ 'ਨੈਚੁਰਲ ਬੌਰਨ ਸਿਟੀਜ਼ਨ' (ਜਨਮ ਤੋਂ ਅਮਰੀਕੀ) ਹੋਣਾ ਜ਼ਰੂਰੀ ਹੈ, ਉਹੀ ਨਿਯਮ ਕਾਂਗਰਸ ਅਤੇ ਅਦਾਲਤਾਂ 'ਤੇ ਵੀ ਲਾਗੂ ਹੋਣਾ ਚਾਹੀਦਾ ਹੈ। ਇਸ ਪ੍ਰਸਤਾਵ ਨੂੰ ਪੇਸ਼ ਕਰਦੇ ਹੋਏ ਨੈਂਸੀ ਮੇਸ ਨੇ ਸੋਸ਼ਲ ਮੀਡੀਆ 'ਤੇ ਭਾਰਤੀ ਮੂਲ ਦੀ ਸਾਂਸਦ ਪ੍ਰਮਿਲਾ ਜੈਪਾਲ, ਸ਼੍ਰੀ ਥਾਣੇਦਾਰ ਅਤੇ ਸੋਮਾਲੀਆਈ ਮੂਲ ਦੀ ਇਲਹਾਨ ਉਮਰ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਮੇਸ ਨੇ ਸਵਾਲ ਚੁੱਕਿਆ ਕਿ ਅਮਰੀਕਾ ਦੇ ਕਾਨੂੰਨ ਲਿਖਣ ਵਾਲੇ ਲੋਕਾਂ ਦੀ ਵਫ਼ਾਦਾਰੀ ਸਿਰਫ਼ ਅਮਰੀਕਾ ਪ੍ਰਤੀ ਹੋਣੀ ਚਾਹੀਦੀ ਹੈ, ਕਿਸੇ ਹੋਰ ਦੇਸ਼ ਪ੍ਰਤੀ ਨਹੀਂ।

ਇਸ ਪ੍ਰਸਤਾਵ ਤੋਂ ਬਾਅਦ ਭਾਰਤੀ ਮੂਲ ਦੇ ਸਾਂਸਦਾਂ ਨੇ ਮੇਸ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਪ੍ਰਮਿਲਾ ਜੈਪਾਲ ਨੇ ਇਸ ਨੂੰ ਨਸਲਵਾਦੀ, ਵਿਦੇਸ਼ੀ ਵਿਰੋਧੀ ਮਾਨਸਿਕਤਾ ਅਤੇ ਅਮਰੀਕਾ ਦੇ ਇਤਿਹਾਸ ਦਾ ਅਪਮਾਨ ਦੱਸਿਆ ਹੈ। ਸ਼੍ਰੀ ਥਾਣੇਦਾਰ ਨੇ ਕਿਹਾ ਕਿ ਮਿਹਨਤ ਕਰਕੇ ਅਮਰੀਕਾ ਆਉਣ ਵਾਲੇ ਅਤੇ ਦੇਸ਼ ਦੀ ਤਰੱਕੀ 'ਚ ਯੋਗਦਾਨ ਪਾਉਣ ਵਾਲੇ ਲੋਕਾਂ 'ਤੇ ਨਿਸ਼ਾਨਾ ਸਾਧਣ ਤੋਂ ਪਹਿਲਾਂ ਮੇਸ ਨੂੰ ਆਪਣਾ ਵਿਵਹਾਰ ਠੀਕ ਕਰਨਾ ਚਾਹੀਦਾ ਹੈ। ਰਾਜਾ ਕ੍ਰਿਸ਼ਨਾਮੂਰਤੀ ਨੇ ਇਸ ਪ੍ਰਸਤਾਵ ਨੂੰ ਨੈਤਿਕ ਤੌਰ 'ਤੇ ਗਲਤ ਦੱਸਦਿਆਂ ਕਿਹਾ ਕਿ ਇਸ ਪਿੱਛੇ ਛਿਪੀ ਨਫ਼ਰਤ ਵਿਰੁੱਧ ਸਾਰਿਆਂ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਇਸ ਵੇਲੇ ਅਮਰੀਕੀ ਕਾਂਗਰਸ ਵਿਚ 26 ਅਜਿਹੇ ਮੈਂਬਰ ਹਨ, ਜੋ ਵਿਦੇਸ਼ਾਂ ਵਿਚ ਜਨਮੇ ਹਨ, ਜਿਨ੍ਹਾਂ ਵਿਚ ਰਿਪਬਲਿਕਨ ਪਾਰਟੀ ਦੇ ਆਪਣੇ ਸਾਂਸਦ ਵੀ ਸ਼ਾਮਲ ਹਨ। ਡੈਮੋਕ੍ਰੇਟਿਕ ਪਾਰਟੀ ਅਤੇ ਕਈ ਮਹਿਲਾ ਸੰਗਠਨਾਂ ਨੇ ਇਸ ਕਦਮ ਦੀ ਸਖ਼ਤ ਨਿੰਦਾ ਕਰਦਿਆਂ ਇਸ ਨੂੰ ਘ੍ਰਿਣਾਯੋਗ ਰਾਜਨੀਤੀ ਕਰਾਰ ਦਿੱਤਾ ਹੈ।



# ਇਰਾਨ ਨੇ 90 ਦਿਨਾਂ ਬਾਅਦ ਮੁੜ ਖੋਲ੍ਹਿਆ ਅੰਤਰਰਾਸ਼ਟਰੀ ਇੰਟਰਨੈੱਟ

ਤਹਿਰਾਨ, (ਪੰਜਾਬ ਮੇਲ)- ਇਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਲਗਭਗ 90 ਦਿਨਾਂ ਤੋਂ ਚੱਲ ਰਹੇ ਇੰਟਰਨੈੱਟ ਬਲੈਕਆਊਟ ਤੋਂ ਬਾਅਦ ਅੰਤਰਰਾਸ਼ਟਰੀ ਇੰਟਰਨੈੱਟ ਐਕਸੈੱਸ ਮੁੜ ਖੋਲ੍ਹਣ ਦੇ ਹੁਕਮ ਜਾਰੀ ਕੀਤੇ ਹਨ। ਇਹ ਜਾਣਕਾਰੀ ਇਰਾਨੀ ਸਟੇਟ ਮੀਡੀਆ ਵੱਲੋਂ ਦਿੱਤੀ ਗਈ ਹੈ। ਰਿਪੋਰਟਾਂ ਮੁਤਾਬਕ, ਇਰਾਨ ਵਿਚ ਜਨਵਰੀ 2026 ਤੋਂ ਇੰਟਰਨੈੱਟ 'ਤੇ ਸਖ਼ਤ ਪਾਬੰਦੀਆਂ ਲਗਾਈਆਂ ਗਈਆਂ ਸਨ। ਪਹਿਲਾਂ ਇਹ ਰੋਕ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਤੋਂ ਬਾਅਦ ਲਾਈ ਗਈ ਸੀ ਅਤੇ ਫਿਰ ਅਮਰੀਕਾ ਤੇ ਇਜ਼ਰਾਈਲ ਨਾਲ ਜੰਗੀ ਤਣਾਅ ਅਤੇ ਹਮਲਿਆਂ ਤੋਂ ਬਾਅਦ ਇਸ ਨੂੰ ਹੋਰ ਸਖ਼ਤ ਕਰ ਦਿੱਤਾ ਗਿਆ।

ਨੈੱਟਬਲੌਕਸ ਦੇ ਅਨੁਸਾਰ, ਇਰਾਨ ਦੇ ਲੱਖਾਂ ਲੋਕ ਲਗਭਗ 87 ਦਿਨ ਤੱਕ ਗਲੋਬਲ ਇੰਟਰਨੈੱਟ ਸੇਵਾਵਾਂ ਤੋਂ ਕੱਟੇ ਰਹੇ। ਇਸ ਦੌਰਾਨ ਲੋਕਾਂ ਨੂੰ ਸੋਸ਼ਲ ਮੀਡੀਆ, ਵਿਦੇਸ਼ੀ ਵੈੱਬਸਾਈਟਾਂ ਅਤੇ ਕਈ ਅੰਤਰਰਾਸ਼ਟਰੀ ਐਪਲੀਕੇਸ਼ਨਾਂ ਤੱਕ ਪਹੁੰਚ ਨਹੀਂ ਮਿਲ ਰਹੀ ਸੀ।

ਹਾਲਾਂਕਿ ਹੁਣ ਇੰਟਰਨੈੱਟ ਮੁੜ ਖੋਲ੍ਹਣ ਦਾ ਐਲਾਨ ਹੋ ਗਿਆ ਹੈ, ਪਰ ਇਹ ਹਾਲੇ ਸਪੱਸ਼ਟ ਨਹੀਂ ਕਿ ਪੂਰੀ ਸੇਵਾ ਕਦੋਂ ਅਤੇ ਕਿੰਨੀ ਹੱਦ ਤੱਕ ਬਹਾਲ ਹੋਵੇਗੀ। ਰਿਪੋਰਟਾਂ ਦੱਸਦੀਆਂ ਹਨ ਕਿ ਇਰਾਨ ਵਿਚ ਆਮ ਹਾਲਾਤਾਂ ਦੌਰਾਨ ਵੀ ਕਈ ਵੈੱਬਸਾਈਟਾਂ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸੈਂਸਰਸ਼ਿਪ ਰਹਿੰਦੀ ਹੈ ਅਤੇ ਸਰਕਾਰ ਆਪਣੇ ਨੈਸ਼ਨਲ ਇੰਟਰਨੈੱਟ ਨੈੱਟਵਰਕ ਨੂੰ ਲਗਾਤਾਰ ਮਜ਼ਬੂਤ ਕਰ ਰਹੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਲੰਬੇ ਸਮੇਂ ਤੱਕ ਇੰਟਰਨੈੱਟ ਬੰਦ ਰਹਿਣ ਕਾਰਨ ਦੇਸ਼ ਦੀ ਅਰਥਵਿਵਸਥਾ, ਆਨਲਾਈਨ ਕਾਰੋਬਾਰ, ਸਿੱਖਿਆ ਅਤੇ ਆਮ ਸੰਚਾਰ ਪ੍ਰਣਾਲੀ 'ਤੇ ਵੱਡਾ ਅਸਰ ਪਿਆ। ਇਸ ਨਾਲ ਲੋਕਾਂ ਵਿਚ ਨਾਰਾਜ਼ਗੀ ਵੀ ਵਧੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਇਰਾਨ ਸਰਕਾਰ 'ਤੇ ਦਬਾਅ ਬਣਿਆ ਰਿਹਾ।


## MATRIMONIAL

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.

for more information Contact at : 818-645-9810

895


# ਇਰਾਨ ਦਾ ਸੋਧਿਆ ਯੂਰੇਨਿਅਮ ਨਸ਼ਟ ਕਰਨ ਦੀ ਯੋਜਨਾ 'ਤੇ ਟਰੰਪ ਦਾ ਵੱਡਾ ਬਿਆਨ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਦੇ ਸੋਧੇ ਹੋਏ ਯੂਰੇਨੀਅਮ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਟਰੰਪ ਨੇ ਕਿਹਾ ਕਿ ਇਰਾਨ ਦਾ ਇਨਰਿਚਡ ਯੂਰੇਨਿਅਮ ਜਾਂ ਤਾਂ ਅਮਰੀਕਾ ਨੂੰ ਸੌਂਪਿਆ ਜਾਵੇਗਾ, ਜਾਂ ਇਰਾਨ ਵਿਚ ਹੀ ਨਸ਼ਟ ਕੀਤਾ ਜਾਵੇਗਾ, ਜਾਂ ਫਿਰ ਕਿਸੇ ਹੋਰ ਮਨਜ਼ੂਰਸ਼ੁਦਾ ਸਥਾਨ 'ਤੇ ਇਸ ਨੂੰ ਖਤਮ ਕੀਤਾ ਜਾਵੇਗਾ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਲਿਖਿਆ ਕਿ ਇਸ ਪੂਰੀ ਪ੍ਰਕਿਰਿਆ ਦੌਰਾਨ ਆਟੋਮਿਕ ਐਨਰਜੀ ਕਮਿਸ਼ਨ ਜਾਂ ਇਸਦੇ ਸਮਾਨ ਅਧਿਕਾਰਤ ਸੰਸਥਾਨ ਦੀ ਨਿਗਰਾਨੀ ਰਹੇਗੀ। ਉਨ੍ਹਾਂ ਕਿਹਾ ਕਿ ਅਮਰੀਕਾ ਇਰਾਨ ਨੂੰ ਇਹ ਯੂਰੇਨਿਅਮ ਰੱਖਣ ਦੀ ਇਜਾਜ਼ਤ ਨਹੀਂ ਦੇਵੇਗਾ।

ਟਰੰਪ ਨੇ ਪਿਛਲੇ ਹਫ਼ਤੇ ਓਵਲ ਦਫਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਵੀ ਕਿਹਾ ਸੀ ਕਿ ਅਮਰੀਕਾ ਇਰਾਨ ਦੇ ਇਨਰਿਚਡ ਯੂਰੇਨੀਅਮ 'ਤੇ ਕੋਈ ਸਮਝੌਤਾ ਨਹੀਂ ਕਰੇਗਾ। ਉਨ੍ਹਾਂ ਕਿਹਾ ਸੀ, "ਅਸੀਂ ਸ਼ਾਇਦ ਇਸਨੂੰ ਆਪਣੇ ਕਬਜ਼ੇ ਵਿਚ ਲੈ ਕੇ ਨਸ਼ਟ ਕਰ ਦੇਵਾਂਗੇ, ਪਰ ਅਸੀਂ ਇਰਾਨ ਨੂੰ ਇਹ ਨਹੀਂ ਰੱਖਣ ਦੇਵਾਂਗੇ।"

ਵ੍ਹਾਈਟ ਹਾਊਸ ਵੱਲੋਂ ਹਾਲੀਆ ਦਿਨਾਂ ਵਿਚ "No dust, no dollars" ਵਾਲਾ ਨਾਅਰਾ ਵੀ ਵਰਤਿਆ ਜਾ ਰਿਹਾ ਹੈ। ਇਸਦਾ ਮਤਲਬ ਹੈ ਕਿ ਜਦ ਤੱਕ ਇਰਾਨ ਦੇ ਲਗਭਗ 1,000 ਪੌਂਡ ਸੋਧੇ ਹੋਏ ਯੂਰੇਨੀਅਮ ਦਾ ਨਿਪਟਾਰਾ ਨਹੀਂ ਹੁੰਦਾ, ਤਦ ਤੱਕ ਇਰਾਨ ਨੂੰ ਕਿਸੇ ਵੀ ਤਰ੍ਹਾਂ ਦਾ ਆਰਥਿਕ ਲਾਭ ਜਾਂ ਪਾਬੰਦੀਆਂ ਤੋਂ ਰਾਹਤ ਨਹੀਂ ਦਿੱਤਾ ਜਾਵੇਗਾ।

ਰਿਪੋਰਟਾਂ ਮੁਤਾਬਕ ਟਰੰਪ ਪ੍ਰਸ਼ਾਸਨ ਚਾਹੁੰਦਾ ਹੈ ਕਿ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਕੰਟਰੋਲ ਹੇਠ ਲਿਆਂਦਾ ਜਾਵੇ, ਤਾਂ ਜੋ ਭਵਿੱਖ ਵਿਚ ਕਿਸੇ ਵੀ ਪ੍ਰਮਾਣੂ ਹਥਿਆਰ ਬਣਾਉਣ ਦੀ ਸੰਭਾਵਨਾ ਨੂੰ ਰੋਕਿਆ ਜਾ ਸਕੇ।

ਇਸ ਮਾਮਲੇ ਨੂੰ ਲੈ ਕੇ ਦੁਨੀਆਂ ਭਰ ਵਿਚ ਚਰਚਾ ਤੇਜ਼ ਹੈ ਕਿਉਂਕਿ ਮੱਧ ਪੂਰਬ ਵਿਚ ਪਹਿਲਾਂ ਹੀ ਤਣਾਅ ਵਧਿਆ ਹੋਇਆ ਹੈ ਅਤੇ ਅਮਰੀਕਾ-ਇਰਾਨ ਸੰਬੰਧ ਇੱਕ ਵਾਰ ਫਿਰ ਕੇਂਦਰ ਵਿਚ ਆ ਗਏ ਹਨ।

# ਇਰਾਨ 'ਚ ਅਮਰੀਕੀ ਫ਼ੌਜ ਵੱਲੋਂ "ਸੈਲਫ-ਡਿਫੈਂਸ" ਹਮਲੇ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਫੌਜ ਨੇ ਇਰਾਨ ਦੇ ਦੱਖਣੀ ਹਿੱਸਿਆਂ ਵਿਚ ਕਈ "ਸੈਲਫ-ਡਿਫੈਂਸ ਹਮਲੇ" ਕਰਨ ਦੀ ਪੁਸ਼ਟੀ ਕੀਤੀ ਹੈ। ਯੂ.ਐੱਸ. ਸੈਂਟਰਲ ਕਮਾਂਡ (CENTCOM) ਮੁਤਾਬਕ ਇਹ ਕਾਰਵਾਈ ਉਸ ਵੇਲੇ ਕੀਤੀ ਗਈ, ਜਦੋਂ ਇਰਾਨੀ ਫੌਜੀ ਠਿਕਾਣਿਆਂ ਅਤੇ ਬੋਟਾਂ ਵੱਲੋਂ ਅਮਰੀਕੀ ਫੌਜਾਂ ਅਤੇ ਜੰਗੀ ਜਹਾਜ਼ਾਂ ਲਈ ਖਤਰਾ ਬਣਿਆ ਹੋਇਆ ਸੀ।

CENTCOM ਦੇ ਬੁਲਾਰੇ ਕੈਪਟਨ ਟਿਮ ਹਾਕਿਨਸ ਨੇ ਕਿਹਾ ਕਿ ਅਮਰੀਕੀ ਫੌਜ ਨੇ ਆਪਣੇ ਸੈਨਿਕਾਂ ਦੀ ਸੁਰੱਖਿਆ ਲਈ ਇਹ ਹਮਲੇ ਕੀਤੇ। ਜਾਣਕਾਰੀ ਅਨੁਸਾਰ ਇਨ੍ਹਾਂ ਹਮਲਿਆਂ ਵਿਚ ਮਿਸਾਈਲ ਲਾਂਚ ਸਾਈਟਾਂ ਅਤੇ ਉਹ ਇਰਾਨੀ ਬੋਟਾਂ ਨਿਸ਼ਾਨੇ 'ਤੇ ਲਈਆਂ ਗਈਆਂ, ਜੋ ਸਟਰੇਟ ਆਫ ਹੋਮਰੁਜ਼ ਵਿਚ ਮਾਈਨ ਲਗਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਮੀਡੀਆ ਰਿਪੋਰਟਾਂ ਮੁਤਾਬਕ ਇਸ ਤੋਂ ਪਹਿਲਾਂ ਅਮਰੀਕੀ ਨੇਵੀ ਦੇ ਡਿਸਟਰੌਇਰ ਜਹਾਜ਼ਾਂ 'ਤੇ ਡਰੋਨ, ਮਿਸਾਈਲਾਂ ਅਤੇ ਛੋਟੀਆਂ ਹਮਲਾਵਰ ਬੋਟਾਂ ਰਾਹੀਂ ਹਮਲੇ ਹੋਏ ਸਨ। ਅਮਰੀਕੀ ਫੌਜ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਜਹਾਜ਼ ਸੁਰੱਖਿਅਤ ਰਹੇ, ਪਰ ਉਸ ਤੋਂ ਬਾਅਦ ਜਵਾਬੀ ਕਾਰਵਾਈ ਕੀਤੀ ਗਈ।

## ਮਿਡਲ ਈਸਟ 'ਚ ਤਣਾਅ ਹੋਰ ਵਧਿਆ

ਇਸ ਸਾਰੇ ਘਟਨਾਕ੍ਰਮ ਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਸੀਜ਼ਫਾਇਰ ਹਾਲੇ ਵੀ ਲਾਗੂ ਹੈ ਅਤੇ ਅਮਰੀਕਾ ਤੇ ਇਰਾਨ ਵਿਚਾਲੇ ਚੱਲ ਰਹੀਆਂ ਗੱਲਬਾਤਾਂ ਜਾਰੀ ਹਨ। ਟਰੰਪ ਨੇ ਇਨ੍ਹਾਂ ਹਮਲਿਆਂ ਨੂੰ "ਲਵ ਟੈਪ" ਕਹਿੰਦੇ ਹੋਏ ਕਿਹਾ ਕਿ ਇਹ ਵੱਡੇ ਯੁੱਧ ਵੱਲ ਜਾਣ ਦੀ ਬਜਾਏ ਸੁਰੱਖਿਆਕਾਰੀ ਕਦਮ ਸਨ। ਦੂਜੇ ਪਾਸੇ ਇਰਾਨ ਨੇ ਸੰਕੇਤ ਦਿੱਤੇ ਹਨ ਕਿ ਹਾਲਾਤ ਹਾਲੇ ਵੀ ਨਾਜ਼ੁਕ ਹਨ ਅਤੇ ਕਿਸੇ ਵੀ ਵੇਲੇ ਤਣਾਅ ਹੋਰ ਵੱਧ ਸਕਦਾ ਹੈ। ਸਟਰੇਟ ਆਫ ਹੋਮਰੁਜ਼ ਨੂੰ ਲੈ ਕੇ ਚਿੰਤਾ ਇਸ ਕਰਕੇ ਵੀ ਵਧ ਰਹੀ ਹੈ ਕਿਉਂਕਿ ਦੁਨੀਆਂ ਦੇ ਵੱਡੇ ਪੱਧਰ ਦਾ ਤੇਲ ਵਪਾਰ ਇਸ ਸਮੁੰਦਰੀ ਰਸਤੇ ਰਾਹੀਂ ਹੁੰਦਾ ਹੈ। ਜੇ ਇੱਥੇ ਟਕਰਾਅ ਵਧਦਾ ਹੈ, ਤਾਂ ਗਲੋਬਲ ਤੇਲ ਕੀਮਤਾਂ ਅਤੇ ਅੰਤਰਰਾਸ਼ਟਰੀ ਮਾਰਕੀਟਾਂ 'ਤੇ ਵੀ ਵੱਡਾ ਅਸਰ ਪੈ ਸਕਦਾ ਹੈ।




# ਦਿਲਜੀਤ ਦੋਸਾਂਝ ਦੇ ਘਰ ਅਤੇ ਲੁਧਿਆਣਾ ਮੇਅਰ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ

**ਦਿਲਜੀਤ ਦੋਸਾਂਝ ਦੇ ਲੁਧਿਆਣਾ ਸਥਿਤ ਘਰ ਦੁਆਲੇ ਸੁਰੱਖਿਆ ਘੇਰਾ ਸਖ਼ਤ; ਨਗਰ ਨਿਗਮ ਦੀ ਬਿਲਡਿੰਗ ਖਾਲੀ ਕਰਵਾਈ**



**ਲੁਧਿਆਣਾ, (ਪੰਜਾਬ ਮੇਲ)-** ਗਲੋਬਲ ਸਟਾਰ ਅਤੇ ਮਸ਼ਹੂਰ ਪੰਜਾਬੀ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਦੇ ਲੁਧਿਆਣਾ ਸਥਿਤ ਘਰ ਅਤੇ ਨਗਰ ਨਿਗਮ ਦੇ ਮੇਅਰ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਸਨਸਨੀਖੇਜ਼ ਧਮਕੀ ਮਿਲਣ ਤੋਂ ਬਾਅਦ ਪੂਰੇ ਸ਼ਹਿਰ 'ਚ ਹੜਕੰਪ ਮੱਚ ਗਿਆ। ਇਹ ਖ਼ੌਫ਼ਨਾਕ ਧਮਕੀ ਭਰੀ ਈਮੇਲ ਲੁਧਿਆਣਾ ਨਗਰ ਨਿਗਮ ਦੇ ਅਧਿਕਾਰਤ ਈਮੇਲ ਖਾਤੇ 'ਤੇ ਭੇਜੀ ਗਈ ਸੀ, ਜਿਸ ਤੋਂ ਬਾਅਦ ਨਿਗਮ ਅਧਿਕਾਰੀਆਂ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਤੁਰੰਤ ਸੁਰੱਖਿਆ ਸਖ਼ਤ ਕਰ ਦਿੱਤੀ ਗਈ।

ਧਮਕੀ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਦੀਆਂ ਹਾਈ-ਟੈਕ ਟੀਮਾਂ, ਬੰਬ ਨਿਰੋਧਕ ਦਸਤਾ ਅਤੇ ਡੌਗ ਸਕੁਐਡ ਤੁਰੰਤ ਹਰਕਤ ਵਿਚ ਆ ਗਏ। ਪ੍ਰਸ਼ਾਸਨ ਵੱਲੋਂ ਦਿਲਜੀਤ ਦੋਸਾਂਝ ਦੇ ਲੁਧਿਆਣਾ ਵਾਲੇ ਨਿਵਾਸ ਸਥਾਨ ਦੇ ਆਲੇ-ਦੁਆਲੇ ਅਤੇ ਨਗਰ ਨਿਗਮ ਦੇ ਜ਼ੋਨ-ਏ ਦਫ਼ਤਰ ਵਿਖੇ ਭਾਰੀ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ। ਸੁਰੱਖਿਆ ਦੇ ਲਿਹਾਜ਼ ਨਾਲ ਜ਼ੋਨ-ਏ ਦਫ਼ਤਰ ਦੀ ਪੂਰੀ ਬਿਲਡਿੰਗ ਨੂੰ ਖ਼ਾਲੀ ਕਰਵਾ ਕੇ ਚੱਪੇ-ਚੱਪੇ ਦੀ ਬਾਰੀਕੀ ਨਾਲ ਤਲਾਸ਼ੀ ਲਈ ਜਾ ਰਹੀ ਹੈ। ਨਿਗਮ ਕਮਿਸ਼ਨਰ ਨੀਰੂ ਕਾਤਿਆਲ ਨੇ ਪੁਸ਼ਟੀ ਕਰਦਿਆਂ ਦੱਸਿਆ, "ਧਮਕੀ ਭਰੀ ਮੇਲ ਮਿਲਣ ਸਾਰ ਹੀ ਮੈਂ ਪੁਲੀਸ ਕਮਿਸ਼ਨਰ ਨੂੰ ਸੂਚਿਤ ਕੀਤਾ। ਸਾਵਧਾਨੀ ਵਜੋਂ ਪੂਰੀ ਬਿਲਡਿੰਗ ਖ਼ਾਲੀ ਕਰਵਾ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।"

ਸੂਤਰਾਂ ਮੁਤਾਬਕ ਇਹ ਈਮੇਲ ਸੋਮਵਾਰ ਤੜਕੇ 'ਜੈਨੀਫਰ ਸੈਨੂਟਾ' ਨਾਂ ਦੀ ਆਈ.ਡੀ. ਤੋਂ ਆਈ ਸੀ, ਜਿਸਦਾ ਵਿਸ਼ਾ "ਬੰਬ ਬਲਾਸਟ - ਮੇਅਰ ਆਫਿਸ" ਲੁਧਿਆਣਾ ਸੀ। ਮੇਲ ਵਿਚ ਚਿਤਾਵਨੀ ਦਿੱਤੀ ਗਈ ਹੈ ਕਿ 6 ਜੂਨ ਤੋਂ ਪਹਿਲਾਂ-ਪਹਿਲਾਂ ਵੱਡੇ ਬੰਬ ਧਮਾਕੇ ਕੀਤੇ ਜਾਣਗੇ। ਹੈਰਾਨੀ ਦੀ ਗੱਲ ਇਹ ਹੈ ਕਿ ਹਮਲਾਵਰ ਨੇ ਦੋਵਾਂ ਥਾਵਾਂ ਲਈ ਵੱਖ-ਵੱਖ ਸਮਾਂ ਤੈਅ ਕੀਤਾ ਹੈ। ਮੇਲ ਮੁਤਾਬਕ ਮੇਅਰ ਦਫ਼ਤਰ ਵਿਚ ਦੁਪਹਿਰ 1:11 ਵਜੇ ਅਤੇ ਦਿਲਜੀਤ ਦੋਸਾਂਝ ਦੇ ਲੁਧਿਆਣਾ ਸਥਿਤ ਘਰ ਵਿਖੇ ਰਾਤ 9:11 ਵਜੇ ਬੰਬ ਧਮਾਕਾ ਕਰਨ ਦੀ ਧਮਕੀ ਦਿੱਤੀ ਗਈ ਹੈ।

## 'ਆਪ' ਵਿਧਾਇਕ ਪਠਾਣਮਾਜਰਾ ਨੂੰ ਮਾਈਨਿੰਗ ਕੇਸ 'ਚ ਮਿਲੀ ਜ਼ਮਾਨਤ



**ਪਟਿਆਲਾ, (ਪੰਜਾਬ ਮੇਲ)-** ਜਬਰ-ਜਨਾਹ ਅਤੇ ਮਾਈਨਿੰਗ ਐਕਟ ਦੇ ਦੋ ਵੱਖ-ਵੱਖ ਮਾਮਲਿਆਂ ਵਿਚ ਕਰੀਬ ਦੋ ਮਹੀਨਿਆਂ ਤੋਂ ਜੇਲ੍ਹ ਵਿਚ ਬੰਦ ਹਲਕਾ ਸਨੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਮਾਈਨਿੰਗ ਕੇਸ 'ਚ ਅਦਾਲਤ ਤੋਂ ਜ਼ਮਾਨਤ ਮਿਲ ਗਈ ਹੈ। ਪਟਿਆਲਾ ਦੀ ਵਧੀਕ ਸੈਸ਼ਨ ਜੱਜ ਅਮਨਦੀਪ ਕੌਰ ਦੀ ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਵਿਧਾਇਕ ਦੀ ਪੱਕੀ ਜ਼ਮਾਨਤ ਮਨਜ਼ੂਰ ਕੀਤੀ। ਅਦਾਲਤ ਵਿਚ ਵਿਧਾਇਕ ਵਕੀਲ ਨੇ ਇਸ ਮਾਮਲੇ ਨੂੰ ਰਾਜਸੀ ਹਿੱਤਾਂ ਤੋਂ ਪ੍ਰੇਰਿਤ ਦੱਸਿਆ। ਦੂਜੇ ਪਾਸੇ, ਵਿਧਾਇਕ ਦੀ ਦੂਜੀ ਪਤਨੀ ਦੱਸੀ ਜਾਂਦੀ ਮਹਿਲਾ ਵੱਲੋਂ ਥਾਣਾ ਸਿਵਲ ਲਾਈਨਜ਼ ਪਟਿਆਲਾ ਵਿਚ ਦਰਜ ਕਰਵਾਏ ਜਬਰ-ਜਨਾਹ ਅਤੇ ਧਮਕੀਆਂ ਦੇ ਕੇਸ ਵਿਚ ਹੇਠਲੀ ਅਦਾਲਤ ਤੋਂ ਅਰਜ਼ੀ ਖਾਰਜ ਹੋਣ ਮਗਰੋਂ ਹਾਈ ਕੋਰਟ ਵਿਚ ਪਹੁੰਚ ਕੀਤੀ ਗਈ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਪੰਜਾਬ ਪੁਲਿਸ ਵੱਲੋਂ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਜੁੜੇ ਦੋ ਸ਼ੱਕੀ ਕਾਬੂ ਕਰਨ ਦਾ ਦਾਅਵਾ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ ਯੂਨਿਟ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਜੁੜੇ ਦੋ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਵਿਅਕਤੀ ਵਿਦੇਸ਼ੀ ਹੈਂਡਲਰਾਂ ਦੇ ਸੰਪਰਕ ਵਿਚ ਸਨ ਅਤੇ ਪੰਜਾਬ ਵਿਚ ਅਮਨ ਕਾਨੂੰਨ ਖਰਾਬ ਕਰਨ ਲਈ ਇੱਕ ਵੱਡੀ ਸਾਜ਼ਿਸ਼ 'ਤੇ ਕੰਮ ਕਰ ਰਹੇ ਸਨ।

ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਇਹ ਕਾਰਵਾਈ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕੀਤੀ ਗਈ। ਗ੍ਰਿਫ਼ਤਾਰ ਸ਼ੱਕੀਆਂ ਕੋਲੋਂ ਦੋ ਹੈਂਡ ਗ੍ਰੇਨੇਡ ਬਰਾਮਦ ਕੀਤੇ ਗਏ ਹਨ। ਸ਼ੁਰੂਆਤੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਹ ਗ੍ਰੇਨੇਡ ਸਰਕਾਰੀ ਇਮਾਰਤਾਂ ਅਤੇ ਮਹੱਤਵਪੂਰਨ ਢਾਂਚਿਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤੇ ਜਾਣੇ ਸਨ, ਤਾਂ ਜੋ ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਬਣਾਇਆ ਜਾ ਸਕੇ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਵੇਂ ਮੁਲਜ਼ਮ ਵਿਦੇਸ਼ ਵਿਚ ਬੈਠੇ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਦੇ ਹੋਰ ਨੈੱਟਵਰਕ ਬਾਰੇ ਵੀ ਜਾਂਚ ਕੀਤੀ ਜਾ ਰਹੀ ਹੈ। ਸੁਰੱਖਿਆ ਏਜੰਸੀਆਂ ਨੂੰ ਸ਼ੱਕ ਹੈ ਕਿ ਇਸ ਮੋਡੀਊਲ ਦੇ ਤਾਰ ਸਰਹੱਦ ਪਾਰ ਬੈਠੇ ਅੱਤਵਾਦੀ ਗਿਰੋਹਾਂ ਨਾਲ ਜੁੜੇ ਹੋ ਸਕਦੇ ਹਨ।

**ਹੈਂਡ ਗ੍ਰੇਨੇਡ ਬਰਾਮਦ**

ਇਸ ਮਾਮਲੇ ਵਿਚ ਅੰਮ੍ਰਿਤਸਰ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ 'ਚ ਐਕਸਪਲੋਜ਼ਿਵ ਸਬਸਟਾਂਸਿਸ ਐਕਟ ਅਤੇ ਹੋਰ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਮੋਡੀਊਲ ਨੂੰ ਹਥਿਆਰ ਅਤੇ ਵਿਸਫੋਟਕ ਕਿੱਥੋਂ ਅਤੇ ਕਿਵੇਂ ਮਿਲੇ।

ਪਿਛਲੇ ਕੁਝ ਹਫ਼ਤਿਆਂ ਦੌਰਾਨ ਪੰਜਾਬ ਵਿਚ ਗ੍ਰੇਨੇਡ, ਹਥਿਆਰ ਅਤੇ ਨਸ਼ਿਆਂ ਨਾਲ ਜੁੜੀਆਂ ਕਈ ਵੱਡੀਆਂ ਕਾਰਵਾਈਆਂ ਸਾਹਮਣੇ ਆਈਆਂ ਹਨ। ਪੁਲਿਸ ਪਹਿਲਾਂ ਵੀ ਵਿਦੇਸ਼ੀ ਹੈਂਡਲਰਾਂ ਨਾਲ ਜੁੜੇ ਕਈ ਮੋਡੀਊਲਾਂ ਨੂੰ ਬੇਨਕਾਬ ਕਰਨ ਦਾ ਦਾਅਵਾ ਕਰ ਚੁੱਕੀ ਹੈ। ਹਾਲ ਹੀ ਵਿਚ ਗੁਰਦਾਸਪੁਰ ਵਿਚ ਵੀ ਇੱਕ ਵਿਦੇਸ਼ੀ ਨਿਰਦੇਸ਼ਿਤ ਗ੍ਰੇਨੇਡ ਸਾਜ਼ਿਸ਼ ਨਾਕਾਮ ਕਰਨ ਦਾ ਦਾਅਵਾ ਕੀਤਾ ਗਿਆ ਸੀ, ਜਿੱਥੇ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕਰਕੇ ਦੋ ਗ੍ਰੇਨੇਡ ਬਰਾਮਦ ਕੀਤੇ ਗਏ ਸਨ।



# ਗਰੀਨ ਕਾਰਡ ਲਈ ਨਵੇਂ ਨਿਯਮਾਂ ਤਹਿਤ ਭਾਰਤੀ ਪੇਸ਼ੇਵਰਾਂ ਨੂੰ ਛੋਟ ਮਿਲਣ ਦੀ ਸੰਭਾਵਨਾ

**ਵੱਡੀ ਗਿਣਤੀ ਭਾਰਤੀ ਗਰੀਨ ਕਾਰਡ ਲੈਣ ਦੀ ਕਰ ਰਹੇ ਹਨ ਉਡੀਕ**



**ਨਵੀਂ ਦਿੱਲੀ, (ਪੰਜਾਬ ਮੇਲ)-** ਗਰੀਨ ਕਾਰਡਾਂ ਲਈ ਆਪਣੇ ਜੱਦੀ ਦੇਸ਼ਾਂ ਤੋਂ ਅਪਲਾਈ ਕਰਨ ਸਬੰਧੀ ਨਵਾਂ ਨਿਯਮ ਐਲਾਨੇ ਜਾਣ ਤੋਂ ਮਗਰੋਂ ਅਮਰੀਕਾ ਨੇ ਕਿਹਾ ਹੈ ਕਿ ਕੁਝ ਗਰੀਨ ਕਾਰਡ ਅਰਜ਼ੀਕਾਰਾਂ ਨੂੰ ਨਵੇਂ ਨਿਯਮਾਂ ਤਹਿਤ ਛੋਟ ਮਿਲੇਗੀ। ਇਸ ਵੇਲੇ ਵੱਡੀ ਗਿਣਤੀ ਭਾਰਤ ਵਾਸੀ ਤੇ ਹੋਰ ਗਰੀਨ ਕਾਰਡ ਲੈਣ ਲਈ ਕਤਾਰਾਂ ਵਿਚ ਹਨ।

ਅਮਰੀਕਾ ਵੱਲੋਂ ਵਿਦੇਸ਼ੀ ਨਾਗਰਿਕਾਂ ਲਈ ਦੇਸ਼ ਛੱਡ ਕੇ ਆਪਣੇ ਜੱਦੀ ਦੇਸ਼ ਤੋਂ ਗਰੀਨ ਕਾਰਡ ਲਈ ਅਪਲਾਈ ਕਰਨ ਦੇ ਨਵੇਂ ਨਿਯਮ ਦੇ ਐਲਾਨ ਤੋਂ ਬਾਅਦ ਹੁਣ ਇਸ ਮਾਮਲੇ ਵਿਚ ਇੱਕ ਅਹਿਮ ਸਪੱਸ਼ਟੀਕਰਨ ਸਾਹਮਣੇ ਆਇਆ ਹੈ। ਅਮਰੀਕੀ ਪ੍ਰਸ਼ਾਸਨ ਦੇ ਇਸ ਨਵੇਂ ਕਦਮ ਨਾਲ ਗਰੀਨ ਕਾਰਡ ਦੀ ਕਤਾਰ ਵਿਚ ਲੱਗੇ ਅਤੇ ਉੱਥੇ ਕੰਮ ਕਰ ਰਹੇ ਲੱਖਾਂ ਭਾਰਤੀਆਂ ਨੂੰ ਵੱਡੀ ਰਾਹਤ ਮਿਲੇਗੀ। ਅਮਰੀਕਾ ਨੇ ਸਪੱਸ਼ਟ ਕੀਤਾ ਹੈ ਕਿ ਨਵੇਂ ਨਿਯਮਾਂ ਤਹਿਤ ਗਰੀਨ ਕਾਰਡ ਲਈ ਅਪਲਾਈ ਕਰਨ ਵਾਲੇ ਕੁਝ ਖ਼ਾਸ ਬਿਨੈਕਾਰਾਂ ਨੂੰ ਇਸ ਸ਼ਰਤ ਤੋਂ ਛੋਟ ਦਿੱਤੀ ਜਾਵੇਗੀ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਮੀਗ੍ਰੇਸ਼ਨ ਅਤੇ ਗਰੀਨ ਕਾਰਡਾਂ ਦੇ ਸਬੰਧ ਵਿਚ ਕੀਤੇ ਗਏ ਨਵੇਂ ਨਿਯਮਾਂ ਦੇ ਐਲਾਨ ਤੋਂ ਬਾਅਦ ਹੁਣ ਹੋਰ ਸਪੱਸ਼ਟ ਕੀਤਾ ਗਿਆ ਹੈ। ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਦੇ ਬੁਲਾਰੇ ਜ਼ੈਕ ਕਹਿਲਰ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਦੀਆਂ ਅਰਜ਼ੀਆਂ ਅਮਰੀਕਾ ਨੂੰ ਆਰਥਿਕ ਲਾਭ ਪਹੁੰਚਾਉਂਦੀਆਂ ਹਨ ਜਾਂ ਰਾਸ਼ਟਰੀ ਹਿੱਤ ਵਿਚ ਹਨ, ਉਨ੍ਹਾਂ ਨੂੰ ਗਰੀਨ ਕਾਰਡ ਪ੍ਰਕਿਰਿਆ ਵਿਚ ਕੀਤੀਆਂ ਜਾ ਰਹੀਆਂ ਇਨ੍ਹਾਂ ਤਬਦੀਲੀਆਂ ਤੋਂ ਛੋਟ ਮਿਲਣ ਦੀ ਪੂਰੀ ਸੰਭਾਵਨਾ ਹੈ। ਬੁਲਾਰੇ ਮੁਤਾਬਕ ਅਜਿਹੇ ਯੋਗ ਲੋਕ ਪਹਿਲਾਂ ਵਾਂਗ ਅਮਰੀਕਾ ਵਿਚ ਰਹਿ ਕੇ ਹੀ ਆਪਣੀ ਪ੍ਰਕਿਰਿਆ ਜਾਰੀ ਰੱਖ ਸਕਣਗੇ, ਜਦੋਂਕਿ ਬਾਕੀ ਲੋਕਾਂ ਨੂੰ ਉਨ੍ਹਾਂ ਦੇ ਹਾਲਾਤ ਦੇ ਹਿਸਾਬ ਨਾਲ ਆਪਣੇ ਦੇਸ਼ ਵਾਪਸ ਜਾ ਕੇ ਅਪਲਾਈ ਕਰਨ ਲਈ ਕਿਹਾ ਜਾ ਸਕਦਾ ਹੈ।

ਇਹ ਸਪੱਸ਼ਟੀਕਰਨ ਟਰੰਪ ਪ੍ਰਸ਼ਾਸਨ ਦੇ ਉਸ ਐਲਾਨ ਤੋਂ ਬਾਅਦ ਆਇਆ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਅਮਰੀਕਾ ਦੀ ਪੱਕੀ ਰਿਹਾਇਸ਼ (ਗਰੀਨ ਕਾਰਡ) ਦੇ ਚਾਹਵਾਨ ਪ੍ਰਵਾਸੀਆਂ ਨੂੰ ਆਪਣੀ ਅਰਜ਼ੀ ਦੀ ਪ੍ਰਕਿਰਿਆ ਪੂਰੀ ਕਰਨ ਲਈ ਆਪਣੇ ਦੇਸ਼ ਪਰਤਣਾ ਪਵੇਗਾ। ਗਰੀਨ ਕਾਰਡ ਵਿਦੇਸ਼ੀ ਨਾਗਰਿਕਾਂ ਨੂੰ ਅਮਰੀਕਾ ਵਿਚ ਪੱਕੇ ਤੌਰ 'ਤੇ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਯੂ.ਐੱਸ.ਸੀ.ਆਈ.ਐੱਸ. ਦੇ ਇਸ ਨਵੇਂ ਬਿਆਨ ਨੇ ਖਾਸ ਕਰਕੇ ਐੱਚ-1ਬੀ ਵੀਜ਼ਾ 'ਤੇ ਕੰਮ ਕਰ ਰਹੇ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਨੂੰ ਵੱਡੀ ਰਾਹਤ ਦਿੱਤੀ ਹੈ, ਕਿਉਂਕਿ ਲੰਬੇ ਸਮੇਂ ਦੇ ਰੁਜ਼ਗਾਰ ਦੇ ਆਧਾਰ 'ਤੇ ਗਰੀਨ ਕਾਰਡ ਲੈਣ ਲਈ ਭਾਰਤੀਆਂ ਨੂੰ ਪਹਿਲਾਂ ਹੀ 10 ਤੋਂ 15 ਸਾਲ ਤੱਕ ਦਾ ਲੰਬਾ ਇੰਤਜ਼ਾਰ ਕਰਨਾ ਪੈਂਦਾ ਹੈ।

# ਸਰੀ ਪੁਲਿਸ ਵੱਲੋਂ ਫਿਰੌਤੀ ਮੰਗਣ ਵਾਲਾ ਪੰਜਾਬੀ ਗ੍ਰਿਫ਼ਤਾਰ

**ਵੈਨਕੂਵਰ, (ਪੰਜਾਬ ਮੇਲ)-** ਸਰੀ ਪੁਲਿਸ ਨੇ ਫਿਰੌਤੀ ਮੰਗਣ ਅਤੇ ਕਾਰੋਬਾਰੀ ਸਥਾਨਾਂ 'ਤੇ ਗੋਲੀਬਾਰੀ ਕਰਨ ਦੇ ਦੋਸ਼ ਹੇਠ ਪੰਜਾਬੀ ਨੌਜਵਾਨ ਗੁਰਸੇਵਕ ਸਿੰਘ (22) ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਖ਼ਿਲਾਫ਼ ਸਰੀ ਪੁਲਿਸ ਨੇ ਨੌਂ ਅਤੇ ਐਬਟਸਫੋਰਡ ਪੁਲਿਸ ਨੇ 6 ਅਪਰਾਧਿਕ ਕੇਸ ਦਰਜ ਕੀਤੇ ਹਨ। ਪੁਲਿਸ ਅਨੁਸਾਰ ਗੁਰਸੇਵਕ ਨੇ ਫਿਰੌਤੀ ਨਾ ਮਿਲਣ ਕਾਰਨ ਦਸੰਬਰ ਮਹੀਨੇ ਸਰੀ 'ਚ ਦੋ ਅਤੇ ਐਬਟਸਫੋਰਡ ਵਿਚ ਇੱਕ ਕਾਰੋਬਾਰੀ ਸਥਾਨ 'ਤੇ ਗੋਲੀਆਂ ਚਲਾਈਆਂ ਸਨ। ਇਨ੍ਹਾਂ ਘਟਨਾਵਾਂ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਸੀ, ਪਰ ਵਪਾਰਕ ਇਮਾਰਤਾਂ ਅਤੇ ਵਾਹਨਾਂ ਦੀ ਭੰਨ-ਤੋੜ ਹੋਈ ਸੀ। ਲੰਮੀ ਜਾਂਚ ਤੇ ਸਬੂਤ ਇਕੱਠੇ ਕਰਨ ਤੋਂ ਬਾਅਦ ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨੂੰ ਅਗਲੇ ਹਫ਼ਤੇ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਸਰੀ ਪੁਲਿਸ ਅਜਿਹੇ ਅਪਰਾਧਾਂ ਨਾਲ ਨਜਿੱਠਣ ਲਈ ਪੂਰੀ ਵਾਹ ਲਾ ਰਹੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਅਮਰੀਕਾ ਵੱਲੋਂ ਅਫਰੀਕੀ ਦੇਸ਼ਾਂ ਤੋਂ ਆਉਣ ਵਾਲੇ ਗ੍ਰੀਨ ਕਾਰਡ ਹੋਲਡਰਾਂ 'ਤੇ ਅਸਥਾਈ ਪਾਬੰਦੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਡੈਮਕ੍ਰੈਟਿਕ ਰਿਪਬਲਿਕ ਆਫ ਦ ਕਾਂਗੋ, ਯੂਗਾਂਡਾ ਅਤੇ ਦੱਖਣੀ ਸੂਡਾਨ ਤੋਂ ਆਉਣ ਵਾਲੇ ਗ੍ਰੀਨ ਕਾਰਡ ਹੋਲਡਰਾਂ ਦੀ ਐਂਟਰੀ 'ਤੇ ਅਸਥਾਈ ਰੋਕ ਲਗਾ ਦਿੱਤੀ ਹੈ। ਇਹ ਫੈਸਲਾ ਇਬੋਲਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਲਿਆ ਗਿਆ ਹੈ।

ਨਵੇਂ ਹੁਕਮਾਂ ਮੁਤਾਬਕ ਜੇ ਕੋਈ ਗ੍ਰੀਨ ਕਾਰਡ ਹੋਲਡਰ ਪਿਛਲੇ 21 ਦਿਨਾਂ ਵਿਚ ਇਨ੍ਹਾਂ ਅਫਰੀਕੀ ਦੇਸ਼ਾਂ ਵਿਚ ਗਿਆ ਹੋਵੇ, ਤਾਂ ਉਸਨੂੰ ਅਮਰੀਕਾ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਮਿਲੇਗੀ। ਇਹ ਪਾਬੰਦੀ ਸ਼ੁਰੂਆਤੀ ਤੌਰ 'ਤੇ 30 ਦਿਨਾਂ ਲਈ ਲਾਗੂ ਕੀਤੀ ਗਈ ਹੈ।

ਯੂ.ਐੱਸ. ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ ਅਤੇ ਸੈਂਟਰਸ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਨਸ਼ਨ ਨੇ ਕਿਹਾ ਕਿ ਜਨਤਕ ਸਿਹਤ ਦੀ ਸੁਰੱਖਿਆ ਲਈ ਇਹ ਕਦਮ ਲਾਜ਼ਮੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਗ੍ਰੀਨ ਕਾਰਡ ਹੋਲਡਰਾਂ ਦੇ ਆਪਣੇ ਮੂਲ ਦੇਸ਼ਾਂ ਨਾਲ ਵੱਧ ਸੰਪਰਕ ਹੋ ਸਕਦੇ ਹਨ, ਜਿਸ ਕਾਰਨ ਖਤਰਾ ਵੱਧ ਜਾਂਦਾ ਹੈ।

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਸਰਕਾਰ ਦੀ ਪਹਿਲੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਇਬੋਲਾ ਅਮਰੀਕਾ ਤੱਕ ਨਾ ਪਹੁੰਚੇ।

ਸੀ.ਡੀ.ਸੀ. ਨੇ ਇਹ ਵੀ ਐਲਾਨ ਕੀਤਾ ਹੈ ਕਿ ਇਬੋਲਾ ਸਕ੍ਰੀਨਿੰਗ ਹੁਣ ਹਾਰਟਸਫੀਲਡ-ਜੈਕਸਨ ਅਟਲਾਂਟਾ ਇੰਟਰਨੈਸ਼ਨਲ ਏਅਰਪੋਰਟ ਵਿਚ ਵੀ ਵਧਾਈ ਜਾ ਰਹੀ ਹੈ। ਇਸ ਤੋਂ ਪਹਿਲਾਂ ਮੁੱਖ ਸਕ੍ਰੀਨਿੰਗ ਵਾਸ਼ਿੰਗਟਨ ਡਲਸ ਇੰਟਰਨੈਸ਼ਨਲ ਏਅਰਪੋਰਟ 'ਤੇ ਕੀਤੀ ਜਾ ਰਹੀ ਸੀ।

ਡਬਲਯੂ.ਐੱਚ.ਓ. ਨੇ ਕਾਂਗੋ ਵਿਚ ਫੈਲ ਰਹੇ ਇਬੋਲਾ ਨੂੰ "ਬਹੁਤ ਉੱਚ ਖਤਰਾ" ਕਰਾਰ ਦਿੱਤਾ ਹੈ। ਡਬਲਯੂ.ਐੱਚ.ਓ. ਮੁਤਾਬਕ ਕਾਂਗੋ ਵਿਚ ਹੁਣ ਤੱਕ 82 ਕੇਸ ਪੁਸ਼ਟੀ ਹੋ ਚੁੱਕੇ ਹਨ, ਜਦਕਿ ਸੈਂਕੜਿਆਂ ਸ਼ੱਕੀ ਮਾਮਲਿਆਂ ਦੀ ਜਾਂਚ ਚੱਲ ਰਹੀ ਹੈ।

ਇਸ ਦੌਰਾਨ ਅਫਰੀਕਾ ਸੈਂਟਰਸ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਨਸ਼ਨ ਨੇ ਚੇਤਾਵਨੀ ਦਿੱਤੀ ਹੈ ਕਿ ਘੱਟੋ-ਘੱਟ 10 ਅਫਰੀਕੀ ਦੇਸ਼ ਇਬੋਲਾ ਦੇ ਖਤਰੇ ਹੇਠ ਹਨ। ਇਨ੍ਹਾਂ ਵਿਚ ਅੰਗੋਲਾ, ਬੁਰੂੰਡੀ, ਕੀਨੀਆ, ਰਵਾਂਡਾ ਅਤੇ ਤਨਜ਼ਾਨੀਆ ਵਰਗੇ ਦੇਸ਼ ਵੀ ਸ਼ਾਮਲ ਹਨ। ਕਾਂਗੋ ਦੇ ਪ੍ਰਭਾਵਿਤ ਇਲਾਕਿਆਂ ਵਿਚ ਹਾਲਾਤ ਹੋਰ ਤਣਾਅ ਭਰੇ ਬਣ ਰਹੇ ਹਨ। ਰਿਪੋਰਟਾਂ ਮੁਤਾਬਕ ਕੁਝ ਸਥਾਨਕ ਲੋਕਾਂ ਨੇ ਇਬੋਲਾ ਇਲਾਜ ਕੇਂਦਰਾਂ 'ਤੇ ਹਮਲੇ ਕਰਕੇ ਹਿੱਸੇ ਸਾੜ ਦਿੱਤੇ ਅਤੇ ਕੁਝ ਸ਼ੱਕੀ ਮਰੀਜ਼ ਉੱਥੋਂ ਭੱਜ ਗਏ।



# ਵਿਰੋਧੀ ਪਾਰਟੀਆਂ ਵੱਲੋਂ ਹਰਭਜਨ ਨੂੰ 'ਆਪ' ਦੇ ਰਾਜ ਸਭਾ ਸੀਟਾਂ 'ਵੇਚਣ' ਦੇ ਦਾਅਵੇ 'ਤੇ ਚੁਣੌਤੀ!

## 'ਇਹ ਦੱਸੋ ਕਿ ਕਿਸਨੇ ਕਿੰਨਾ ਭੁਗਤਾਨ ਕੀਤਾ'

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੀ ਰਾਜਨੀਤੀ 'ਚ ਇਸ ਵੇਲੇ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ, ਜਦੋਂ ਸਾਬਕਾ ਕ੍ਰਿਕੇਟਰ ਅਤੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਨੇ ਆਪ ਉੱਤੇ ਪੰਜਾਬ ਤੋਂ ਰਾਜ ਸਭਾ ਸੀਟਾਂ "ਵੇਚਣ" ਦੇ ਦੋਸ਼ ਲਗਾਏ। ਇਸ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਖੁੱਲ੍ਹ ਕੇ ਦੱਸਣ ਕਿ "ਕਿਸ ਨੇ ਕਿੰਨਾ ਪੈਸਾ ਦਿੱਤਾ ਅਤੇ ਕਿਸ ਨੂੰ ਦਿੱਤਾ ਗਿਆ।"

ਹਰਭਜਨ ਸਿੰਘ ਨੇ ਐਕਸ 'ਤੇ ਲਿਖਿਆ ਸੀ ਕਿ ਜਿਹੜੇ ਲੋਕ ਉਨ੍ਹਾਂ ਨੂੰ "ਗੱਦਾਰ" ਕਹਿ ਰਹੇ ਹਨ, ਪਹਿਲਾਂ ਆਪਣੀ ਪਾਰਟੀ ਤੋਂ ਪੁੱਛਣ ਕਿ ਪੰਜਾਬ ਦੀ ਰਾਜ ਸਭਾ ਸੀਟ "ਕਿੰਨੇ ਵਿਚ ਵੇਚੀ ਗਈ ਸੀ।" ਉਨ੍ਹਾਂ ਇਹ ਵੀ ਕਿਹਾ ਕਿ ਸਮਾਂ ਆਉਣ 'ਤੇ ਉਹ ਦੱਸਣਗੇ ਕਿ "ਕਿਸ ਨੂੰ ਕਿੰਨਾ ਚੜ੍ਹਾਵਾ ਗਿਆ ਸੀ ਅਤੇ ਕਿਸ ਦੀ ਤਰਫੋਂ ਗਿਆ ਸੀ।"



ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

ਇਸ ਬਿਆਨ ਤੋਂ ਬਾਅਦ ਕਾਂਗਰਸ ਅਤੇ ਅਕਾਲੀ ਦਲ ਸਮੇਤ ਕਈ ਵਿਰੋਧੀ ਆਗੂਆਂ ਨੇ ਹਰਭਜਨ ਸਿੰਘ ਤੋਂ ਸਬੂਤ ਮੰਗੇ ਹਨ।

ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਇਹ ਜਾਣਨ ਦਾ ਹੱਕ ਹੈ ਕਿ "ਪੰਜਾਬ ਦੇ ਹਿੱਤ ਕਿਸ ਨੇ ਵੇਚੇ।" ਜਦਕਿ ਪਰਗਟ ਸਿੰਘ ਨੇ ਮੰਗ ਕੀਤੀ ਕਿ ਹਰਭਜਨ ਸਿੰਘ ਸਾਰਾ ਸੱਚ ਪੰਜਾਬੀਆਂ ਸਾਹਮਣੇ ਲਿਆਉਣ। ਬਿਕਰਮ ਸਿੰਘ ਮਜੀਠੀਆ ਨੇ ਵੀ ਕਿਹਾ ਕਿ ਜੇ ਇਹ ਦੋਸ਼ ਸੱਚ ਹਨ, ਤਾਂ ਇਹ ਪੰਜਾਬ ਦੀ ਰਾਜਨੀਤੀ ਦਾ "ਸਭ ਤੋਂ ਸ਼ਰਮਨਾਕ ਖੁਲਾਸਾ" ਹੈ।

ਇਹ ਵਿਵਾਦ ਉਸ ਵੇਲੇ ਹੋਰ ਭੜਕ ਗਿਆ, ਜਦੋਂ ਆਪ ਦੇ ਕਈ ਰਾਜ ਸਭਾ ਮੈਂਬਰ, ਜਿਨ੍ਹਾਂ ਵਿਚ ਹਰਭਜਨ ਸਿੰਘ ਵੀ ਸ਼ਾਮਲ ਹਨ, ਪਿਛਲੇ ਮਹੀਨੇ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਉਸ ਤੋਂ ਬਾਅਦ ਆਪ ਵਰਕਰਾਂ ਵੱਲੋਂ ਉਨ੍ਹਾਂ ਦੇ ਘਰਾਂ ਅੱਗੇ ਪ੍ਰਦਰਸ਼ਨ ਵੀ ਕੀਤੇ ਗਏ ਸਨ ਅਤੇ "ਗੱਦਾਰ" ਦੇ ਨਾਅਰੇ ਲਿਖੇ ਗਏ ਸਨ।

ਫਿਲਹਾਲ 'ਆਪ' ਵੱਲੋਂ ਇਨ੍ਹਾਂ ਦੋਸ਼ਾਂ 'ਤੇ ਕੋਈ ਵਿਸਥਾਰਪੂਰਵਕ ਸਬੂਤੀ ਜਵਾਬ ਸਾਹਮਣੇ ਨਹੀਂ ਆਇਆ, ਅਤੇ ਹਰਭਜਨ ਸਿੰਘ ਨੇ ਵੀ ਅਜੇ ਤੱਕ ਕਿਸੇ ਵਿਅਕਤੀ ਜਾਂ ਲੈਣ-ਦੇਣ ਦਾ ਨਾਮ ਜਨਤਕ ਨਹੀਂ ਕੀਤਾ।

# ਵਿਧਾਇਕ ਰਮਨ ਅਰੋੜਾ ਹੁਣ ਈ.ਡੀ. ਦੀ ਰਾਡਾਰ 'ਤੇ; ਸੰਮਨ ਜਾਰੀ



**ਜਲੰਧਰ, (ਪੰਜਾਬ ਮੇਲ)-** ਜਲੰਧਰ ਸੈਂਟਰਲ ਤੋਂ ਵਿਧਾਇਕ ਰਮਨ ਅਰੋੜਾ ਦੀਆਂ ਮੁਸ਼ਕਲਾਂ ਘੱਟ ਹੋਣ ਦਾ ਨਾਂ ਨਹੀਂ ਲੈ ਰਹੀਆਂ। ਰਮਨ ਅਰੋੜਾ ਹੁਣ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਰਾਡਾਰ 'ਤੇ ਆ ਗਏ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਵਿਜੀਲੈਂਸ ਦੁਆਰਾ ਦਰਜ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿਚ ਜ਼ਮਾਨਤ 'ਤੇ ਚੱਲ ਰਹੇ ਰਮਨ ਅਰੋੜਾ ਹੁਣ ਈ.ਡੀ. ਦੀ ਰਡਾਰ 'ਤੇ ਆ ਗਏ ਹਨ। ਈ.ਡੀ. ਨੇ ਹੁਣ ਇਸ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ, ਈ.ਡੀ. ਅਧਿਕਾਰੀਆਂ ਨੇ ਰਮਨ ਅਰੋੜਾ ਨੂੰ ਸੰਮਨ ਜਾਰੀ ਕਰਕੇ ਤਲਬ ਕੀਤਾ ਹੈ। ਜਿਸ ਵਿਚ ਉਨ੍ਹਾਂ ਨੂੰ ਜੂਨ ਦੇ ਪਹਿਲੇ ਹਫ਼ਤੇ ਪੁੱਛਗਿੱਛ ਲਈ ਆਪਣੇ ਆਪ ਨੂੰ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਗਿਆ ਹੈ।

# ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਫਿਰ ਮਿਲੀ ਪੈਰੋਲ

## 30 ਦਿਨਾਂ ਲਈ ਜੇਲ੍ਹ ਤੋਂ ਬਾਹਰ ਆਇਆ

**ਰੋਹਤਕ, (ਪੰਜਾਬ ਮੇਲ)-** ਜਬਰ ਜਨਾਹ ਦੇ ਮਾਮਲੇ ਵਿਚ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫਿਰ ਪੈਰੋਲ ਮਿਲ ਗਈ ਹੈ ਅਤੇ ਉਹ ਮੰਗਲਵਾਰ ਨੂੰ ਸੁਨਾਰੀਆ ਪਿੰਡ ਦੀ ਜ਼ਿਲ੍ਹਾ ਜੇਲ੍ਹ ਤੋਂ ਪੈਰੋਲ 'ਤੇ ਬਾਹਰ ਆ ਗਿਆ ਹੈ। ਰਾਮ ਰਹੀਮ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਅਗਸਤ 2017 'ਚ ਇੱਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵੱਲੋਂ ਜੇਲ੍ਹ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਇਹ 16ਵੀਂ ਵਾਰ ਹੈ, ਜਦੋਂ ਉਸ ਨੂੰ ਪੈਰੋਲ ਜਾਂ ਫਰਲੋ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ।

ਵੇਰਵਿਆਂ ਅਨੁਸਾਰ ਉਹ ਸਵੇਰੇ 6:35 ਵਜੇ ਦੇ ਕਰੀਬ ਜੇਲ੍ਹ ਦੇ ਬਾਹਰ ਸਖ਼ਤ ਪੁਲਿਸ ਸੁਰੱਖਿਆ ਪ੍ਰਬੰਧਾਂ ਵਿਚਕਾਰ ਇੱਕ ਐੱਸ.ਯੂ.ਵੀ. ਵਿਚ ਬਾਹਰ ਆਇਆ। ਇਸ ਤੋਂ ਪਹਿਲਾਂ ਜਨਵਰੀ ਵਿਚ ਵੀ ਰਾਮ ਰਹੀਮ ਨੂੰ 40 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਡੇਰਾ ਸੱਚਾ ਸੌਦਾ ਮੁਖੀ ਆਪਣੀਆਂ ਦੋ ਚੇਲੀਆਂ ਨਾਲ



ਜਬਰ ਜਨਾਹ ਕਰਨ ਦੇ ਮਾਮਲੇ ਵਿਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਉਸ ਨੂੰ 2017 ਵਿਚ ਪੰਚਕੂਲਾ ਦੀ ਇੱਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਦੁਆਰਾ ਦੋਸ਼ੀ ਕਰਾਰ ਦਿੱਤਾ ਗਿਆ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com




# ਪੰਜਾਬ 'ਚ ਕਾਨੂੰਨ-ਵਿਵਸਥਾ ਪੂਰੀ ਤਰ੍ਹਾਂ ਫੇਲ੍ਹ; ਸੁਖਬੀਰ ਬਾਦਲ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੀ ਸਿਆਸਤ 'ਚ ਕਾਨੂੰਨ-ਵਿਵਸਥਾ ਦਾ ਮੁੱਦਾ ਇਕ ਵਾਰ ਫਿਰ ਗਰਮਾ ਗਿਆ ਹੈ। ਸ਼੍ਰੋਮਣੀ ਅਕਾਲੀ ਪ੍ਰਧਾਨ ਸੁਖਬੀਰ ਬਾਦਲ ਨੇ ਭਗਵੰਤ ਮਾਨ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਗਾਇਆ ਹੈ ਕਿ ਪੰਜਾਬ ਵਿਚ ਅਪਰਾਧ, ਗੈਂਗਸਟਰਵਾਦ ਅਤੇ ਨਸ਼ਿਆਂ ਦੀ ਸਮੱਸਿਆ ਬੇਕਾਬੂ ਹੋ ਚੁੱਕੀ ਹੈ ਅਤੇ ਸਰਕਾਰ ਇਸਨੂੰ ਰੋਕਣ ਵਿਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋ ਰਹੀ ਹੈ।

ਸੁਖਬੀਰ ਬਾਦਲ ਨੇ ਕਿਹਾ ਕਿ ਹਰ ਰੋਜ਼ ਪੰਜਾਬ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਲੁੱਟਾਂ, ਫਿਰੌਤੀਆਂ, ਗੋਲੀਬਾਰੀਆਂ ਅਤੇ ਗੈਂਗਵਾਰ ਦੀਆਂ ਖਬਰਾਂ ਆ ਰਹੀਆਂ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਵਪਾਰੀਆਂ ਅਤੇ ਉਦਯੋਗਪਤੀਆਂ ਵਿਚ ਡਰ ਦਾ ਮਾਹੌਲ ਬਣ ਗਿਆ ਹੈ ਅਤੇ ਕਈ ਕਾਰੋਬਾਰੀ ਪੰਜਾਬ ਤੋਂ ਆਪਣਾ ਕਾਰੋਬਾਰ ਬਾਹਰ ਲਿਜਾਣ ਬਾਰੇ ਸੋਚ ਰਹੇ ਹਨ।

■ **ਪੰਜਾਬ 'ਚ ਅਪਰਾਧ, ਗੈਂਗਸਟਰਵਾਦ ਅਤੇ ਨਸ਼ਿਆਂ ਦੀ ਸਮੱਸਿਆ ਬੇਕਾਬੂ ਹੋਣ ਦੇ ਲਾਏ ਦੋਸ਼**



ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਦੌਰਾਨ ਪੰਜਾਬ ਨੂੰ "ਰੰਗਲਾ ਪੰਜਾਬ" ਬਣਾਉਣ ਦੇ ਵਾਅਦੇ ਕੀਤੇ ਸਨ, ਪਰ ਮੌਜੂਦਾ ਹਾਲਾਤ ਵਿਚ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਬਾਦਲ ਨੇ ਦੋਸ਼ ਲਗਾਇਆ ਕਿ ਨਸ਼ਿਆਂ ਖ਼ਿਲਾਫ਼ ਸਰਕਾਰ ਦੀ ਮੁਹਿੰਮ ਸਿਰਫ਼ ਇਸ਼ਤਿਹਾਰਾਂ ਤੱਕ ਸੀਮਤ ਰਹਿ ਗਈ ਹੈ, ਜਦਕਿ ਜ਼ਮੀਨੀ ਹਕੀਕਤ ਵਿਚ ਨਸ਼ੇ ਦੀ ਤਸਕਰੀ ਅਜੇ ਵੀ ਜਾਰੀ ਹੈ।

ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਅਤੇ ਗੈਂਗਸਟਰ ਕਲਚਰ ਤੋਂ ਬਚਾਉਣ ਲਈ ਮਜ਼ਬੂਤ ਨੀਤੀ ਦੀ ਲੋੜ ਹੈ। ਉਹਨਾਂ ਸਰਕਾਰ ਨੂੰ ਚੁਣੌਤੀ ਦਿੱਤੀ ਕਿ ਜੇਕਰ ਕਾਨੂੰਨ-ਵਿਵਸਥਾ ਸਹੀ ਹੈ, ਤਾਂ ਫਿਰ ਹਰ ਰੋਜ਼ ਵੱਡੀਆਂ ਅਪਰਾਧਿਕ ਘਟਨਾਵਾਂ ਕਿਉਂ ਸਾਹਮਣੇ ਆ ਰਹੀਆਂ ਹਨ।

ਸੁਖਬੀਰ ਬਾਦਲ ਨੇ ਇਹ ਵੀ ਕਿਹਾ ਕਿ ਪੁਲਿਸ 'ਤੇ ਰਾਜਨੀਤਿਕ ਦਬਾਅ ਵੱਧ ਰਿਹਾ ਹੈ ਅਤੇ ਅਸਲ ਅਪਰਾਧੀਆਂ ਦੀ ਥਾਂ ਵਿਰੋਧੀ ਧਿਰ ਦੇ ਵਰਕਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਦੀਆਂ ਨੀਤੀਆਂ ਕਾਰਨ ਪੰਜਾਬ ਦਾ ਨਿਵੇਸ਼ ਮਾਹੌਲ ਪ੍ਰਭਾਵਿਤ ਹੋ ਰਿਹਾ ਹੈ ਅਤੇ ਉਦਯੋਗਿਕ ਵਿਕਾਸ ਰੁਕ ਰਿਹਾ ਹੈ।

ਦੂਜੇ ਪਾਸੇ ਆਮ ਆਦਮੀ ਪਾਰਟੀ ਸਰਕਾਰ ਨੇ ਇਹ ਦੋਸ਼ ਰੱਦ ਕਰ ਦਿੱਤੇ ਹਨ। ਸਰਕਾਰ ਦਾ ਕਹਿਣਾ ਹੈ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਗੈਂਗਸਟਰਵਾਦ ਅਤੇ ਨਸ਼ਿਆਂ ਦੀ ਸਮੱਸਿਆ ਵਧੀ ਸੀ ਅਤੇ ਮੌਜੂਦਾ ਸਰਕਾਰ ਇਸ 'ਤੇ ਸਖ਼ਤ ਕਾਰਵਾਈ ਕਰ ਰਹੀ ਹੈ। ਸਰਕਾਰ ਨੇ ਦਾਅਵਾ ਕੀਤਾ ਕਿ ਕਈ ਵੱਡੇ ਗੈਂਗਸਟਰ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਲਗਾਤਾਰ ਮੁਹਿੰਮ ਚੱਲ ਰਹੀ ਹੈ।

ਇਸ ਮਾਮਲੇ ਨੂੰ ਲੈ ਕੇ ਪੰਜਾਬ ਦੀ ਸਿਆਸਤ ਹੋਰ ਗਰਮਾਉਣ ਦੀ ਸੰਭਾਵਨਾ ਹੈ ਕਿਉਂਕਿ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਕਾਨੂੰਨ-ਵਿਵਸਥਾ ਅਤੇ ਨਸ਼ਿਆਂ ਦਾ ਮੁੱਦਾ ਮੁੱਖ ਰਾਜਨੀਤਿਕ ਹਥਿਆਰ ਬਣਦਾ ਨਜ਼ਰ ਆ ਰਿਹਾ ਹੈ।

# 328 ਪਾਵਨ ਸਰੂਪਾਂ ਦੇ ਮਾਮਲੇ 'ਤੇ ਬਣੀ ਸਿੱਟ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਅਧਿਕਾਰਾਂ ਵਿਚ ਦੇ ਰਹੀ ਹੈ ਦਖਲ : ਐਡਵੋਕੇਟ ਧਾਮੀ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਕਾਰਗੁਜ਼ਾਰੀ 'ਤੇ ਗੰਭੀਰ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਹੈ ਕਿ ਸਿੱਟ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਅਤੇ ਪ੍ਰਬੰਧਕੀ ਮਾਮਲਿਆਂ ਵਿਚ ਗੈਰ-ਜ਼ਰੂਰੀ ਦਖਲਅੰਦਾਜ਼ੀ ਕਰ ਰਹੀ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਜਾਂਚ ਦੇ ਨਾਮ ਹੇਠ ਸਿੱਖਾਂ ਦੀ ਪ੍ਰਮੁੱਖ ਧਾਰਮਿਕ ਸੰਸਥਾ ਦੀ ਸੰਵਿਧਾਨਕ ਹਸਤੀ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਿਸੇ ਵੀ ਸੂਰਤ ਵਿਚ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸ਼ੁਰੂ ਤੋਂ ਹੀ ਪੂਰੀ ਸੁਹਿਰਦਤਾ ਅਤੇ ਪਾਰਦਰਸ਼ਤਾ ਨਾਲ ਜਾਂਚ ਟੀਮ ਨੂੰ ਸਹਿਯੋਗ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਨੂੰ ਮੁੱਖ ਰੱਖਦਿਆਂ ਸਿੱਟ ਨੂੰ ਹਰ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕੀਤੀ ਗਈ, ਪਰੰਤੂ ਦੁੱਖ ਦੀ ਗੱਲ ਹੈ ਕਿ ਸਿੱਟ ਨੇ ਇਸ ਸਹਿਯੋਗ ਨੂੰ ਸਮਝਣ ਦੀ ਬਜਾਏ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਅਤੇ ਅੰਦਰੂਨੀ ਮਾਮਲਿਆਂ ਨੂੰ ਆਪਣੇ ਏਜੰਡੇ ਦਾ ਹਿੱਸਾ ਬਣਾ ਲਿਆ ਹੈ।

ਉਨ੍ਹਾਂ ਕਿਹਾ ਕਿ ਸਿੱਟ ਵੱਲੋਂ ਲਗਾਤਾਰ ਅਜਿਹੀਆਂ ਜਾਣਕਾਰੀਆਂ ਮੰਗੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ 328 ਪਾਵਨ ਸਰੂਪਾਂ ਦੇ ਮਾਮਲੇ ਨਾਲ ਦੂਰ-ਦੂਰ ਤੱਕ ਕੋਈ ਸੰਬੰਧ ਨਹੀਂ ਬਣਦਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਸਿੱਟ ਵੱਲੋਂ ਸ਼੍ਰੋਮਣੀ ਕਮੇਟੀ ਦੇ ਵਿੱਤੀ ਖਾਤਿਆਂ, ਬੈਂਕ ਲੈਣ-ਦੇਣ ਅਤੇ ਸਮੁੱਚੇ ਆਰਥਿਕ ਵੇਰਵਿਆਂ ਦੀ ਮੰਗ ਕਰਨਾ ਉਸ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਕਦੇ ਸਿੱਟ ਆਪਣੇ ਨੁਮਾਇੰਦਿਆਂ ਨੂੰ ਬੈਂਕਾਂ ਵਿਚ ਭੇਜ ਕੇ ਖਾਤਿਆਂ ਦੀ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਕਦੇ ਪੱਤਰਾਂ ਰਾਹੀਂ ਵਿਸਥਾਰਪੂਰਵਕ ਵਿੱਤੀ ਵੇਰਵੇ ਮੰਗੇ ਜਾ ਰਹੇ ਹਨ।

ਹੁਣ ਸਿੱਟ ਵੱਲੋਂ ਨਿੱਜੀ ਚੈਨਲਾਂ ਈ.ਟੀ.ਸੀ. ਅਤੇ ਜੀ ਨੈਕਸਟ ਮੀਡੀਆ ਨਾਲ ਬੀਤੇ ਲੰਬੇ ਸਮੇਂ ਦੌਰਾਨ ਗੁਰਬਾਣੀ ਕੀਰਤਨ ਸਬੰਧੀ ਕੀਤੇ ਗਏ ਸਮਝੌਤਿਆਂ ਦੇ ਵੇਰਵੇ ਵੀ ਮੰਗੇ ਗਏ ਹਨ, ਜਿਨ੍ਹਾਂ ਦਾ 328 ਪਾਵਨ ਸਰੂਪਾਂ ਨਾਲ ਕੋਈ ਸੰਬੰਧ ਨਹੀਂ ਬਣਦਾ।

ਇਥੋਂ ਤੱਕ ਕਿ ਜਿਹੜੀ ਜਾਣਕਾਰੀਆਂ ਪਹਿਲਾਂ ਹੀ ਸਿੱਟ ਨੂੰ ਦਿੱਤੀਆਂ ਜਾ ਚੁੱਕੀਆਂ ਹਨ, ਉਨ੍ਹਾਂ ਬਾਰੇ ਵਾਰ-ਵਾਰ ਦੁਬਾਰਾ ਪੱਤਰ ਭੇਜ ਕੇ ਫਿਰ ਜਾਣਕਾਰੀ ਮੰਗੀ ਜਾ ਰਹੀ ਹੈ। ਇਹ ਸਭ ਕੁਝ ਜਾਂਚ ਦੇ ਮੂਲ ਮਕਸਦ ਤੋਂ ਬਾਹਰ ਜਾ ਕੇ ਕੀਤਾ ਜਾ ਰਿਹਾ ਹੈ। ਜਾਂਚ ਟੀਮ ਦੇ ਸਵਾਲ ਅਤੇ ਮਨਮਰਜ਼ੀ ਨਾਲ ਮੰਗੀਆਂ ਜਾ ਰਹੀਆਂ ਜਾਣਕਾਰੀਆਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਉਹ ਅਸਲ ਜਾਂਚ ਤੋਂ ਹਟ ਕੇ ਕਿਸੇ ਹੋਰ ਮਨਸੂਬੇ ਤਹਿਤ ਕੰਮ ਕਰ ਰਹੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਇੰਝ ਮਹਿਸੂਸ ਹੁੰਦਾ ਹੈ ਕਿ ਪੰਜਾਬ ਸਰਕਾਰ ਸਿੱਟ ਦੇ ਜ਼ਰੀਏ ਸਿੱਖਾਂ ਦੀ ਸਿਰਮੌਰ ਸੰਸਥਾ ਦੇ ਸੰਵਿਧਾਨਕ ਅਧਿਕਾਰਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਸ਼੍ਰੋਮਣੀ ਕਮੇਟੀ ਦਾ ਮਾਮਲਾ ਨਹੀਂ, ਸਗੋਂ ਸਿੱਖ ਸੰਸਥਾਵਾਂ ਦੀ ਖ਼ੁਦਮੁਖਤਿਆਰੀ ਅਤੇ ਅਧਿਕਾਰਾਂ ਨਾਲ ਜੁੜਿਆ ਸੰਵੇਦਨਸ਼ੀਲ ਵਿਸ਼ਾ ਹੈ।

# ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਵਾਪਰੀ ਦੁਖਦਾਈ ਘਟਨਾ 'ਤੇ ਐਡਵੋਕੇਟ ਧਾਮੀ ਵੱਲੋਂ ਦੁੱਖ ਪ੍ਰਗਟ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਵਾਪਰੀ ਦੁਖਦਾਈ ਘਟਨਾ 'ਤੇ ਗਹਿਰਾ ਦੁੱਖ ਜ਼ਾਹਰ ਕਰਦਿਆਂ ਇਸ ਘਟਨਾ ਵਿਚ ਜਾਨ ਗਵਾਉਣ ਵਾਲੀਆਂ ਦੋ ਬੀਬੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਐਡਵੋਕੇਟ ਧਾਮੀ ਨੇ ਇਸ ਘਟਨਾ ਵਿਚ ਜ਼ਖ਼ਮੀ ਹੋਈਆਂ ਸੰਗਤਾਂ ਦਾ ਸ੍ਰੀ ਗੁਰੂ ਰਾਮਦਾਸ ਜੀ ਹਸਪਤਾਲ ਪਹੁੰਚ ਕੇ ਹਾਲ ਜਾਣਿਆ, ਉਥੇ ਉਨ੍ਹਾਂ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਵਿਖੇ ਪਹੁੰਚ ਕੇ ਘਟਨਾ ਬਾਰੇ ਜਾਣਕਾਰੀ ਵੀ ਲਈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਮੰਦਭਾਗੀ ਘਟਨਾ ਵਿਚ ਅਕਾਲ ਚਲਾਣਾ ਕਰਨ ਵਾਲਿਆਂ ਦੇ ਪਰਿਵਾਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 2-2 ਲੱਖ ਰੁਪਏ ਸਹਾਇਤਾ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਦੇ ਨਾਲ ਹੀ ਜ਼ਖ਼ਮੀਆਂ ਦਾ ਸ੍ਰੀ ਗੁਰੂ ਰਾਮਦਾਸ ਜੀ ਹਸਪਤਾਲ ਵਿਖੇ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ।



ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਹਰ ਐਤਵਾਰ ਵੱਡੀ ਗਿਣਤੀ ਵਿਚ ਸੰਗਤਾਂ ਪੁੱਜਦੀਆਂ ਹਨ। ਸੰਗਤਾਂ ਦੀ ਵੱਡੀ ਆਮਦ ਦੇ ਮੱਦੇਨਜ਼ਰ ਇਸ ਅਸਥਾਨ 'ਤੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਦੇ ਸਹਿਯੋਗ ਨਾਲ ਸੇਵਾਵਾਂ ਚੱਲ ਰਹੀਆਂ ਹਨ। ਇਮਾਰਤ ਦੇ ਲੈਂਟਰ ਲਈ ਹੋਈ ਸਟਰਿੰਗ ਤੋਂ ਹਵਾ ਦੇ ਤੇਜ਼ ਬੁੱਲੇ ਨਾਲ ਕੁਝ ਪਲੇਟਾਂ ਥੱਲੇ ਬੈਠੀਆਂ ਸੰਗਤਾਂ 'ਤੇ ਡਿੱਗਣ ਨਾਲ ਇਹ ਘਟਨਾ ਵਾਪਰੀ ਹੈ।

■ **ਅਕਾਲ ਚਲਾਣਾ ਕਰਨ ਵਾਲਿਆਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਸਹਾਇਤਾ ਤੇ ਜ਼ਖ਼ਮੀਆਂ ਦੇ ਮੁਫ਼ਤ ਇਲਾਜ ਦਾ ਕੀਤਾ ਐਲਾਨ**

ਇਸੇ ਦੌਰਾਨ ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਦੇ ਡੀਨ ਡਾ. ਏ.ਪੀ. ਸਿੰਘ ਨੇ ਕਿਹਾ ਕਿ ਹਸਪਤਾਲ ਦੇ ਮਾਹਰ ਡਾਕਟਰ ਜ਼ਖਮੀਆਂ ਦਾ ਇਲਾਜ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਇਲਾਜ ਵਿਚ ਕਿਸੇ ਤਰ੍ਹਾਂ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

# ਡਾ. ਗਗਨਦੀਪ ਰੰਧਾਵਾ ਖੁਦਕੁਸ਼ੀ ਮਾਮਲਾ: ਡਿਜੀਟਲ ਸਬੂਤਾਂ ਦੇ ਜਾਲ 'ਚ ਫਸੇ ਸਾਬਕਾ ਮੰਤਰੀ ਲਾਲਜੀਤ ਭੁੱਲਰ

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਡਿਸਟ੍ਰਿਕਟ ਮੈਨੇਜਰ (ਡੀ.ਐੱਮ.) ਡਾ. ਗਗਨਦੀਪ ਸਿੰਘ ਰੰਧਾਵਾ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਹਾਈ ਪ੍ਰੋਫਾਈਲ ਮਾਮਲੇ ਵਿਚ ਪੰਜਾਬ ਦੇ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਖ਼ਿਲਾਫ਼ ਵਿਗਿਆਨਕ ਅਤੇ ਡਿਜੀਟਲ ਸਬੂਤਾਂ ਦਾ ਇੱਕ ਅਜਿਹਾ ਜਾਲ ਤਿਆਰ ਹੋ ਚੁੱਕਾ ਹੈ, ਜੋ ਇਸ ਕੇਸ ਵਿਚ ਸਰਕਾਰੀ ਪੱਖ ਦੀ ਰੀੜ੍ਹ ਦੀ ਹੱਡੀ ਬਣੇਗਾ। ਇਹ ਕੇਸ ਹੁਣ ਮਹਿਜ਼ ਜ਼ੁਬਾਨੀ ਬਿਆਨਾਂ ਜਾਂ ਦੋਸ਼ਾਂ 'ਤੇ ਨਿਰਭਰ ਨਹੀਂ ਹੈ। ਪੁਲਿਸ ਵੱਲੋਂ ਹਫ਼ਤਿਆਂ ਦੀ ਮੁਸ਼ੱਕਤ ਤੋਂ ਬਾਅਦ ਇਕੱਠੇ ਕੀਤੇ ਗਏ ਇਲੈਕਟ੍ਰਾਨਿਕ ਸਬੂਤ ਡਾ. ਰੰਧਾਵਾ ਦੇ ਆਖਰੀ ਦਿਨਾਂ ਦੀ ਹਰ ਹਰਕਤ ਅਤੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤੇ ਜਾਣ ਦੀ ਪੂਰੀ ਕਹਾਣੀ ਬਿਆਨ ਕਰ ਰਹੇ ਹਨ। ਪੁਲਿਸ ਨੇ ਮ੍ਰਿਤਕ ਦੇ ਮੋਬਾਈਲ ਤੋਂ ਉਹ ਵਟਸਐਪ ਕਾਲ ਡਿਟੇਲ ਵੀ ਬਰਾਮਦ ਕਰ ਲਈ ਹੈ, ਜੋ 13 ਮਾਰਚ ਨੂੰ ਭੁੱਲਰ ਵੱਲੋਂ ਰੰਧਾਵਾ ਨੂੰ ਵਾਰ-ਵਾਰ ਕੀਤੀ ਗਈ ਸੀ, ਜਿਸ ਦਿਨ ਉਨ੍ਹਾਂ ਦੀ ਕੁੱਟਮਾਰ ਅਤੇ ਬੇਇੱਜ਼ਤੀ ਕੀਤੀ ਗਈ ਸੀ।



ਰਣਜੀਤ ਐਵੇਨਿਊ ਪੁਲਿਸ ਨੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਸੁਪ੍ਰੀਤ ਕੌਰ ਦੀ ਅਦਾਲਤ ਵਿਚ ਕਰੀਬ 500 ਪੰਨਿਆਂ ਦੀ ਚਾਰਜਸ਼ੀਟ ਦਾਖਲ ਕੀਤੀ ਹੈ। ਇਸ ਵਿਚ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ, ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਨਿੱਜੀ ਸਹਾਇਕ (ਪੀ.ਏ.) ਦਿਲਬਾਗ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਹੈ। ਕੇਸ ਵਿਚ 50 ਤੋਂ ਵੱਧ ਗਵਾਹਾਂ ਦੇ ਬਿਆਨ ਦਰਜ ਕਰਵਾਏ ਜਾਣਗੇ, ਜਿਨ੍ਹਾਂ ਵਿਚ ਪੀੜਤ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਉਹ ਸਹਿਕਰਮੀ ਵੀ ਸ਼ਾਮਲ ਹਨ, ਜੋ 13 ਮਾਰਚ ਨੂੰ ਰੰਧਾਵਾ ਦੇ ਨਾਲ ਭੁੱਲਰ ਦੇ ਘਰ ਗਏ ਸਨ। ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਤਤਕਾਲੀ ਮੰਤਰੀ ਵੱਲੋਂ ਡਾ. ਰੰਧਾਵਾ 'ਤੇ ਨਿਯਮਾਂ ਦੇ ਉਲਟ ਜਾ ਕੇ ਆਪਣੇ ਪਿਤਾ ਨੂੰ ਵੇਅਰਹਾਊਸ ਦਾ ਠੇਕਾ ਦੇਣ ਲਈ ਦਬਾਅ ਪਾਇਆ ਜਾ ਰਿਹਾ ਸੀ ਅਤੇ ਇਨਕਾਰ ਕਰਨ 'ਤੇ ਉਨ੍ਹਾਂ ਨੂੰ ਜ਼ਲੀਲ ਤੇ ਡਰਾਇਆ-ਧਮਕਾਇਆ ਗਿਆ।

ਇਸ ਕੇਸ ਵਿਚ ਸਭ ਤੋਂ ਅਹਿਮ ਸਬੂਤ ਦੋ ਵੀਡੀਓਜ਼ ਹਨ। ਪਹਿਲੀ 12 ਸੈਕਿੰਡ ਦੀ ਉਹ ਖ਼ੌਫ਼ਨਾਕ ਵੀਡੀਓ ਹੈ, ਜੋ ਡਾ. ਰੰਧਾਵਾ ਨੇ ਸਲਫ਼ਾਸ ਦੀਆਂ ਗੋਲੀਆਂ ਖਾਣ ਤੋਂ ਬਾਅਦ ਆਪਣੇ ਮੋਬਾਈਲ 'ਤੇ ਰਿਕਾਰਡ ਕੀਤੀ ਸੀ। ਦੂਜੀ ਵੀਡੀਓ, ਜੋ ਇਸ ਵੇਲੇ ਫੋਰੈਂਸਿਕ ਜਾਂਚ ਅਧੀਨ ਹੈ, ਕਥਿਤ ਤੌਰ 'ਤੇ ਲਾਲਜੀਤ ਭੁੱਲਰ ਦੇ ਘਰ-ਕਮ-ਦਫ਼ਤਰ ਵਿਖੇ ਪਿਸਤੌਲ ਦੀ ਨੋਕ 'ਤੇ ਬਣਵਾਈ ਗਈ ਸੀ, ਜਿਸ ਵਿਚ ਡਾ. ਰੰਧਾਵਾ ਨੂੰ ਦੂਜੀ ਧਿਰ ਤੋਂ 10 ਲੱਖ ਰੁਪਏ ਰਿਸ਼ਵਤ ਲੈਣ ਦੀ ਗੱਲ ਕਬੂਲਣ ਲਈ ਮਜਬੂਰ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਸਰਹਾਲੀ ਟੋਲ ਪਲਾਜ਼ਾ ਦੀ ਸੀ.ਸੀ.ਟੀ.ਵੀ. ਫੁਟੇਜ ਅਤੇ ਮੋਬਾਈਲ ਟਾਵਰ ਡੰਪ ਲੋਕੇਸ਼ਨ ਤੋਂ ਇਹ ਪੂਰੀ ਤਰ੍ਹਾਂ ਸਿੱਧ ਹੋ ਗਿਆ ਹੈ ਕਿ 13 ਮਾਰਚ ਨੂੰ ਡਾ. ਰੰਧਾਵਾ, ਮੰਤਰੀ ਲਾਲਜੀਤ ਭੁੱਲਰ, ਉਨ੍ਹਾਂ ਦੇ ਪਿਤਾ, ਪੀ.ਏ. ਦਿਲਬਾਗ ਅਤੇ ਇੱਕ ਹੋਰ ਅਧਿਕਾਰੀ ਹਰਪ੍ਰੀਤ ਸਿੰਘ ਸਾਰੇ ਇੱਕੋ ਜਗ੍ਹਾ ਮੌਜੂਦ ਸਨ।

# ਪੰਜਾਬ ਦੇ 87 ਖਿਡਾਰੀ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਸਨਮਾਨਿਤ

■ **ਕ੍ਰਿਕਟਰ ਹਰਮਨਪ੍ਰੀਤ, ਹਰਲੀਨ ਤੇ ਅਮਨਜੋਤ ਨੂੰ ਡੇਢ-ਡੇਢ ਕਰੋੜ**

■ **ਪੈਰਾ ਪਾਵਰਲਿਫਟਰ ਪਰਮਜੀਤ ਸਿੰਘ ਨੂੰ 55 ਲੱਖ ਦੀ ਰਾਸ਼ੀ**

**ਚੰਡੀਗੜ੍ਹ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਨੇ ਖੇਡਾਂ ਦੇ ਖੇਤਰ ਵਿਚ ਦੇਸ਼ ਦਾ ਨਾਮ ਦੁਨੀਆਂ ਭਰ ਵਿਚ ਰੌਸ਼ਨ ਕਰਨ ਵਾਲੇ ਪੰਜਾਬ ਨਾਲ ਸਬੰਧਤ 87 ਖਿਡਾਰੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਹੈ। ਮੁੱਖ ਮੰਤਰੀ ਨੇ ਮਹਿਲਾ ਕ੍ਰਿਕਟ ਵਿਸ਼ਵ ਕੱਪ ਜੇਤੂ ਕਪਤਾਨ ਹਰਮਨਪ੍ਰੀਤ ਕੌਰ, ਹਰਲੀਨ ਦਿਓਲ ਅਤੇ ਅਮਨਜੋਤ ਕੌਰ ਨੂੰ ਡੇਢ-ਡੇਢ ਕਰੋੜ ਰੁਪਏ ਅਤੇ ਪੈਰਾ ਪਾਵਰਲਿਫਟਰ ਪਰਮਜੀਤ ਸਿੰਘ ਨੂੰ 55 ਲੱਖ ਰੁਪਏ ਨਾਲ ਸਨਮਾਨਿਆ। ਇਸ ਤੋਂ ਇਲਾਵਾ ਸਾਲ 2019 ਤੋਂ 2023 ਤੱਕ ਪੰਜਾਬ ਦਾ ਨਾਮ ਰੌਸ਼ਨ ਕਰਨ ਵਾਲੇ 1,070 ਖਿਡਾਰੀਆਂ ਨੂੰ 32.5 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ।



ਮੁੱਖ ਮੰਤਰੀ ਭਗਵੰਤ ਮਾਨ ਖਿਡਾਰੀਆਂ ਨੂੰ ਸਨਮਾਨਿਤ ਕਰਨ ਮੌਕੇ।

ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਪੰਜਾਬ ਨੂੰ ਦੇਸ਼ ਤੇ ਦੁਨੀਆਂ ਦਾ ਮੋਹਰੀ ਸੂਬਾ ਬਣਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਪਿਛਲੀਆਂ ਸਰਕਾਰਾਂ ਨੇ ਕਦੇ ਵੀ ਖੇਡਾਂ ਦੇ ਖੇਤਰ ਨੂੰ ਤਰਜੀਹ ਨਹੀਂ ਦਿੱਤੀ। ਪਿਛਲੀਆਂ ਸਰਕਾਰਾਂ ਨੇ ਖੇਡ ਐਸੋਸੀਏਸ਼ਨਾਂ 'ਤੇ ਵੀ ਰਾਜਸੀ ਆਗੂਆਂ ਦਾ ਕਬਜ਼ਾ ਕਰਵਾ ਕੇ ਰੱਖਿਆ ਹੈ, ਜਦੋਂ ਕਿ ਮੌਜੂਦਾ ਸਰਕਾਰ ਨੇ ਸੂਬੇ ਦੀਆਂ ਸਾਰੀਆਂ ਖੇਡ ਐਸੋਸੀਏਸ਼ਨਾਂ ਨੂੰ ਸਿਆਸੀ ਆਗੂਆਂ ਦੇ ਹੱਥੋਂ ਕੱਢ ਕੇ ਖਿਡਾਰੀਆਂ ਦੇ ਹਵਾਲੇ ਕਰ ਦਿੱਤਾ। 'ਆਪ' ਸਰਕਾਰ ਨੇ ਮੌਜੂਦਾ ਵਿੱਤ ਵਰ੍ਹੇ ਦੌਰਾਨ ਖੇਡਾਂ ਦਾ ਬਜਟ 1790 ਕਰੋੜ ਰੁਪਏ ਰੱਖਿਆ ਹੈ। ਇਸ ਦੌਰਾਨ 'ਖੇਡਾਂ ਵਤਨ ਪੰਜਾਬ ਦੀਆਂ' ਸ਼ੁਰੂ ਕੀਤੀਆਂ ਅਤੇ ਸੂਬੇ ਦੇ ਪਿੰਡਾਂ ਵਿਚ 1300 ਕਰੋੜ ਰੁਪਏ ਦੀ ਲਾਗਤ ਨਾਲ 3148 ਪੇਂਡੂ ਖੇਡ ਮੈਦਾਨ ਵਿਕਸਤ ਕੀਤੇ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅਕਤੂਬਰ ਵਿਚ ਪੰਜਾਬ ਪਹਿਲੀ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਕਰੇਗਾ। ਇਸੇ ਚੈਂਪੀਅਨਸ਼ਿਪ ਦੌਰਾਨ ਪਹਿਲੀ ਨਵੰਬਰ ਨੂੰ ਪੰਜਾਬ ਦਿਵਸ ਵਾਲੇ ਦਿਨ ਭਾਰਤ-ਪਾਕਿਸਤਾਨ ਵਿਚਕਾਰ ਹਾਕੀ ਮੁਕਾਬਲਾ ਕਰਵਾਇਆ ਜਾਵੇਗਾ।

# ਅਮਰੀਕਾ ਨੇ ਕੈਨੇਡਾ ਨਾਲ ਦਹਾਕਿਆਂ ਪੁਰਾਣੀ ਰੱਖਿਆ ਸਾਂਝੇਦਾਰੀ ’ਤੇ ਲਾਈ ਰੋਕ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨੇ ਕੈਨੇਡਾ ਨਾਲ ਆਪਣੇ ਰਣਨੀਤਕ ਸਬੰਧਾਂ ਵਿਚ ਵੱਡੀ ਕਟੌਤੀ ਕਰਦਿਆਂ ਦੂਜੀ ਸੰਸਾਰ ਜੰਗ ਦੇ ਸਮੇਂ ਤੋਂ ਚੱਲੇ ਆ ਰਹੇ ‘ਸੰਯੁਕਤ ਰੱਖਿਆ ਬੋਰਡ’ ਵਿਚ ਆਪਣੀ ਭਾਗੀਦਾਰੀ ਅਸਥਾਈ ਤੌਰ ’ਤੇ ਮੁਅੱਤਲ ਕਰ ਦਿੱਤੀ ਹੈ। ਅਮਰੀਕੀ ਰੱਖਿਆ ਵਿਭਾਗ, ਪੈਂਟਾਗਨ ਨੇ ਇਹ ਸਖ਼ਤ ਕਦਮ ਕੈਨੇਡਾ ਵੱਲੋਂ ਰੱਖਿਆ ਖਰਚਿਆਂ ਨੂੰ ਵਧਾਉਣ ਦੇ ਵਾਅਦਿਆਂ ’ਤੇ “ਭਰੋਸੇਯੋਗ ਪ੍ਰਗਤੀ” ਨਾ ਦਿਖਾਉਣ ਕਾਰਨ ਚੁੱਕਿਆ ਹੈ।



ਅਮਰੀਕੀ ਰੱਖਿਆ ਉਪ-ਸਕੱਤਰ ਐਲਬ੍ਰਿਜ ਕੋਲਬੀ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਇਸ ਫੈਸਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਅਮਰੀਕਾ ਹੁਣ “ਵਾਅਦਿਆਂ ਅਤੇ ਹਕੀਕਤ ਵਿਚਕਾਰਲੇ ਪਾੜੇ” ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵੱਡੀਆਂ ਸ਼ਕਤੀਆਂ ਨੂੰ ਸਾਂਝੀ ਸੁਰੱਖਿਆ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਆਪਣੇ ਵਚਨਾਂ ’ਤੇ ਖਰਾ ਉਤਰਨਾ ਚਾਹੀਦਾ ਹੈ। ਦੱਸਣਯੋਗ ਹੈ ਕਿ ਕੈਨੇਡਾ ਸਮੇਤ ਕਈ ਨਾਟੋ ਦੇਸ਼ਾਂ ਨੇ 2035 ਤੱਕ ਆਪਣੀ ਜੀ.ਡੀ.ਪੀ. ਦਾ 5 ਫੀਸਦੀ ਰੱਖਿਆ ’ਤੇ ਖਰਚਣ ਦਾ ਸੰਕਲਪ ਲਿਆ ਸੀ।

ਇਹ ਸੰਯੁਕਤ ਰੱਖਿਆ ਬੋਰਡ 1940 ’ਚ ਉੱਤਰੀ ਅਮਰੀਕਾ ਦੀ ਸਮੂਹਿਕ ਸੁਰੱਖਿਆ ਅਤੇ ਸਰਹੱਦੀ ਤਾਲਮੇਲ ਲਈ ਬਣਾਇਆ ਗਿਆ ਸੀ। ਪੈਂਟਾਗਨ ਹੁਣ ਇਸ ਬੋਰਡ ਦੀ ਪ੍ਰਭਾਵਸ਼ੀਲਤਾ ਦੀ ਸਮੀਖਿਆ ਕਰੇਗਾ। ਮਾਹਿਰਾਂ ਅਨੁਸਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲੰਬੇ ਸਮੇਂ ਤੋਂ ਇਸ ਗੱਲੋਂ ਨਾਰਾਜ਼ ਹਨ ਕਿ ਰੱਖਿਆ ਦਾ ਸਾਰਾ ਬੋਝ ਅਮਰੀਕਾ ਚੁੱਕ ਰਿਹਾ ਹੈ, ਜਦਕਿ ਕੈਨੇਡਾ ਵਰਗੇ ਸਹਿਯੋਗੀ ਦੇਸ਼ ਲੋੜੀਂਦਾ ਨਿਵੇਸ਼ ਨਹੀਂ ਕਰ ਰਹੇ।

ਟਰੰਪ ਪ੍ਰਸ਼ਾਸਨ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵਿਚਾਲੇ ਵਧਦੀ ਤਲਖ਼ੀ ਅਤੇ ਵਪਾਰਕ ਸਮਝੌਤਿਆਂ (ਟੈਰਿਫ) ਨੂੰ ਲੈ ਕੇ ਚੱਲ ਰਿਹਾ ਵਿਵਾਦ ਵੀ ਇਸ ਫੈਸਲੇ ਪਿੱਛੇ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਜਿੱਥੇ ਅਮਰੀਕੀ ਸੰਸਦ ਮੈਂਬਰ ਡੌਨ ਬੇਕਨ ਵਰਗੇ ਆਗੂਆਂ ਨੇ ਇਸ ਫੈਸਲੇ ਦੀ ਆਲੋਚਨਾ ਕਰਦਿਆਂ ਗੁਆਂਢੀ ਦੇਸ਼ ਨਾਲ ਸਬੰਧਾਂ ਨੂੰ ਸ਼ਾਂਤ ਦਿਮਾਗ ਨਾਲ ਸੰਭਾਲਣ ਦੀ ਸਲਾਹ ਦਿੱਤੀ ਹੈ, ਉੱਥੇ ਹੀ ਪੈਂਟਾਗਨ ਨੇ ਸਪੱਸ਼ਟ ਕੀਤਾ ਹੈ ਕਿ ਫਿਲਹਾਲ ਇਸ ਤੋਂ ਇਲਾਵਾ ਉਨ੍ਹਾਂ ਕੋਲ ਕਹਿਣ ਲਈ ਕੁਝ ਹੋਰ ਨਹੀਂ ਹੈ। ਇਹ ਕਦਮ ਯੂਰਪ ਤੋਂ ਅਮਰੀਕੀ ਫੌਜਾਂ ਦੀ ਵਾਪਸੀ ਅਤੇ ਹੋਰ ਅੰਤਰਰਾਸ਼ਟਰੀ ਸਮਝੌਤਿਆਂ ’ਚ ਬਦਲਾਅ ਦੇ ਸੰਦਰਭ ਵਿਚ ਦੇਖਿਆ ਜਾ ਰਿਹਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**

# ਕੈਨੇਡਾ ’ਚ ਪੀ.ਆਰ. ਲਈ ਫਰਜ਼ੀ ਵਿਆਹ ਕਰਵਾਉਣ ਵਾਲਿਆਂ ਦੇ ਵੀਜ਼ੇ ਕੀਤੇ ਜਾਣਗੇ ਰੱਦ!

**ਕਾਰਨੀ ਸਰਕਾਰ ਨੇ ਸਪਾਂਸਰ ਕਰਨ ਵਾਲਿਆਂ ਨੂੰ ਸਖ਼ਤ ਨਿਯਮਾਂ ਦੇ ਦਾਇਰੇ ਹੇਠ ਲਿਆਂਦਾ; ਨਵੇਂ ਦਿਸ਼ਾ-ਨਿਰਦੇਸ਼ ਜਾਰੀ**

**ਵਿਨੀਪੈਗ, (ਪੰਜਾਬ ਮੇਲ)**- ਕੈਨੇਡਾ ਦੇ ਇਮੀਗ੍ਰੇਸ਼ਨ, ਰਫਿਊਜੀ ਤੇ ਸਿਟੀਜ਼ਨਸ਼ਿਪ ਵਿਭਾਗ ਨੇ ਕਿਹਾ ਕਿ ਪੀ.ਆਰ. (ਸਥਾਈ ਨਿਵਾਸ) ਲਈ ਫ਼ਰਜ਼ੀ ਵਿਆਹ ਕਰਵਾਉਣ ਵਾਲਿਆਂ ਦੇ ਵੀਜ਼ੇ ਰੱਦ ਕੀਤੇ ਜਾਣਗੇ। ਵਿਭਾਗ ਨੇ ਇਕ ਅਹਿਮ ਨੋਟਿਸ ਵਿਚ ਕਿਹਾ ਕਿ ਸਿਰਫ਼ ਇਮੀਗ੍ਰੇਸ਼ਨ ਫ਼ਾਇਦੇ ਲੈਣ ਲਈ ਕੀਤੇ ਗਏ ਫ਼ਰਜ਼ੀ ਜਾਂ ਕੰਟਰੈਕਟ ਵਿਆਹਾਂ ਨੂੰ ਗੰਭੀਰ ਕਾਨੂੰਨੀ ਉਲੰਘਣਾ ਮੰਨਿਆ ਜਾਵੇਗਾ। ਨਵੇਂ ਦਿਸ਼ਾ-ਨਿਰਦੇਸ਼ਾਂ ਮੁਤਾਬਕ ਜੇ ਕੋਈ ਵਿਦੇਸ਼ੀ ਨਾਗਰਿਕ ਸਿਰਫ਼ ਕੈਨੇਡਾ ਦਾ ਵੀਜ਼ਾ ਜਾਂ ਪੀ.ਆਰ. ਲੈਣ ਲਈ ਕਿਸੇ ਕੈਨੇਡੀਅਨ ਨਾਗਰਿਕ ਜਾਂ ਸਥਾਈ ਨਿਵਾਸੀ ਨਾਲ ਵਿਆਹ ਕਰਦਾ ਹੈ, ਤਾਂ ਉਸ ਦਾ ਵੀਜ਼ਾ ਤੁਰੰਤ ਰੱਦ ਕੀਤਾ ਜਾ ਸਕਦਾ ਹੈ। ਅਜਿਹੀ ਧੋਖਾਧੜੀ ਸਬੰਧਤ ਵਿਅਕਤੀ ਦੇ ਇਮੀਗ੍ਰੇਸ਼ਨ ਰਿਕਾਰਡ ਵਿਚ ਦਰਜ ਕੀਤੀ ਜਾਵੇਗੀ, ਜਿਸ ਦਾ ਅਸਰ ਭਵਿੱਖ ਵਿਚ ਹੋਰ ਦੇਸ਼ਾਂ ਦੇ ਵੀਜ਼ੇ ਲੈਣ ’ਤੇ ਪੈ ਸਕਦਾ ਹੈ।

ਕੈਨੇਡਾ ਸਰਕਾਰ ਨੇ ਅਜਿਹੇ ਲੋਕਾਂ ਨੂੰ ਵੀ ਚਿਤਾਵਨੀ ਦਿੱਤੀ ਹੈ, ਜੋ ਪੈਸੇ ਜਾਂ ਕਿਸੇ ਹੋਰ ਲਾਭ ਦੇ ਬਦਲੇ ਅਜਿਹੇ ਵਿਆਹਾਂ ਲਈ ਸਹਿਮਤ ਹੁੰਦੇ ਹਨ। ਕੈਨੇਡਾ ਦੇ ਕਾਨੂੰਨ ਅਨੁਸਾਰ ਜੇ ਸਪਾਂਸਰ ਕੀਤਾ ਗਿਆ ਸਾਥੀ ਕੈਨੇਡਾ ਪਹੁੰਚਣ ਮਗਰੋਂ ਵੱਖ ਵੀ ਹੋ ਜਾਵੇ, ਤਾਂ ਵੀ ਸਪਾਂਸਰ ਕਰਨ ਵਾਲੇ ਵਿਅਕਤੀ ਨੂੰ ਤਿੰਨ ਸਾਲ ਤੱਕ ਉਸ ਦੀ ਵਿੱਤੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਜੇ ਸਪਾਂਸਰ ਕੀਤਾ ਵਿਅਕਤੀ ਸਰਕਾਰੀ ਵੈੱਲਫੇਅਰ ਜਾਂ ਆਰਥਿਕ ਮਦਦ ਲੈਂਦਾ ਹੈ, ਤਾਂ ਸਰਕਾਰ ਉਹ ਰਕਮ ਸਪਾਂਸਰ ਤੋਂ ਵਸੂਲ ਸਕਦੀ ਹੈ। ਜਦੋਂ ਤੱਕ ਇਹ ਰਕਮ ਵਾਪਸ ਨਹੀਂ ਕੀਤੀ ਜਾਂਦੀ, ਸਪਾਂਸਰ ਕਿਸੇ ਹੋਰ ਵਿਅਕਤੀ ਨੂੰ ਕੈਨੇਡਾ ਨਹੀਂ ਬੁਲਾ ਸਕੇਗਾ। ਆਈ.ਆਰ.ਸੀ.ਸੀ. ਨੇ ਦੱਸਿਆ ਕਿ ਅਧਿਕਾਰੀਆਂ ਨੂੰ ਫ਼ਰਜ਼ੀ ਰਿਸ਼ਤਿਆਂ ਦੀ ਪਛਾਣ ਕਰਨ ਲਈ ਖ਼ਾਸ ਸਿਖਲਾਈ ਦਿੱਤੀ ਜਾਂਦੀ ਹੈ। ਵੀਜ਼ਾ ਪ੍ਰਕਿਰਿਆ ਦੌਰਾਨ ਵਿਆਹ ਨਾਲ ਜੁੜੇ ਦਸਤਾਵੇਜ਼, ਤਸਵੀਰਾਂ, ਚੈਟ ਹਿਸਟਰੀ, ਪਾਸਪੋਰਟ ਸਟੈਂਪ, ਫਲਾਈਟ ਰਿਕਾਰਡ, ਹੋਟਲ ਬੁਕਿੰਗ ਅਤੇ ਇਕੱਠੇ ਬਿਤਾਏ ਸਮੇਂ ਦੀਆਂ ਤਸਵੀਰਾਂ, ਬੈਂਕ ਖਾਤੇ, ਸਾਂਝੇ ਕਰੈਡਿਟ ਕਾਰਡ, ਸਹਿ-ਦਸਤਖ਼ਤ ਕੀਤੀ ਲੀਜ਼, ਵਿਆਹ ਦੇ ਸੱਦੇ, ਪਰਿਵਾਰ ਅਤੇ ਦੋਸਤਾਂ ਨਾਲ ਫ਼ੋਟੋਆਂ, ਉਨ੍ਹਾਂ ਲੋਕਾਂ ਦੇ ਪੱਤਰ ਜੋ ਜੋੜੇ ਨੂੰ ਜਾਣਦੇ ਹਨ ਅਤੇ ਹੋਰ ਸਬੂਤਾਂ ਦੀ ਵਿਸਥਾਰ ਵਿਚ ਜਾਂਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਦੋਵਾਂ ਧਿਰਾਂ ਦੀਆਂ ਵੱਖ-ਵੱਖ ਇੰਟਰਵਿਊ ਵੀ ਲਈਆਂ ਜਾਂਦੀਆਂ ਹਨ। ਵਿਭਾਗ ਨੇ ਸਪੱਸ਼ਟ ਕੀਤਾ ਕਿ ਪੈਸੇ ਲੈ ਕੇ ਫ਼ਰਜ਼ੀ ਵਿਆਹ ਕਰਵਾਉਣ ਜਾਂ ਮਦਦ ਕਰਨ ਵਾਲੇ ਕੈਨੇਡੀਅਨ ਨਾਗਰਿਕਾਂ ਖ਼ਿਲਾਫ਼ ਅਪਰਾਧਕ ਕਾਰਵਾਈ ਜਾਂ ਸਜ਼ਾ ਤੱਕ ਹੋ ਸਕਦੀ ਹੈ।

# ਅਲਬਰਟਾ ਦੇ ਭਵਿੱਖ ਦਾ ਫ਼ੈਸਲਾ ਅਕਤੂਬਰ ’ਚ ਹੋਣ ਵਾਲੀ ਚੋਣ ਮੌਕੇ

**ਕੈਨੇਡਾ ਨਾਲ ਰਹਿਣਾ ਹੈ ਜਾਂ ਵੱਖ ਹੋਣਾ, ਲੋਕ ਦੇਣਗੇ ਜਵਾਬ**



ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਦੇ ਸੂਬੇ ਅਲਬਰਟਾ ਦੇ ਭਵਿੱਖ ਦਾ ਫ਼ੈਸਲਾ ਅਕਤੂਬਰ ਵਿਚ ਹੋਣ ਵਾਲੀ ਚੋਣ ਮੌਕੇ ਹੋਵੇਗਾ ਕਿ ਉੱਥੋਂ ਦੇ ਲੋਕ ਕੈਨੇਡਾ ਦੇ ਨਾਲ ਰਹਿਣਾ ਚਾਹੁੰਦੇ ਹਨ ਜਾਂ ਵੱਖਰੇ ਹੋਣਾ ਉਨ੍ਹਾਂ ਦੀ ਪਸੰਦ ਹੈ। ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਦਾ ਕਹਿਣਾ ਹੈ ਕਿ 19 ਅਕਤੂਬਰ ਨੂੰ ਹੋਣ ਵਾਲੇ ਸੂਬਾਈ ਜਨਮਤ (ਰੈਫਰੈਂਡਮ) ਮੌਕੇ ਉਸ ਵਿਚ ਇਹ ਸਵਾਲ ਜੋੜਿਆ ਜਾਵੇਗਾ ਕਿ ਉੱਥੋਂ ਦੇ ਨਿਵਾਸੀ ਸਦਾ ਲਈ ਕੈਨੇਡਿਆਈ ਰਹਿਣਾ ਚਾਹੁੰਦੇ ਹਨ ਜਾਂ ਫਿਰ ਅਲਬਰਟਾ ਨੂੰ ਇੱਕ ਵੱਖਰਾ ਪ੍ਰਭੂਸੱਤਾ ਸੰਪੰਨ ਦੇਸ਼ ਬਣਾਉਣ ਦੇ ਹਾਮੀ ਹਨ।

ਡੈਨੀਅਲ ਸਮਿੱਥ ਨੇ ਆਖਿਆ ਕਿ ਬੇਸ਼ੱਕ ਉਹ ਖ਼ੁਦ ਅਲਬਰਟਾ ਨੂੰ ਕੈਨੇਡਾ ਦੇ ਸੂਬੇ ਵਜੋਂ ਬਣਾਏ ਰੱਖਣ ਦੀ ਹਾਮੀ ਹੈ, ਪਰ ਇਸ ਦੇ ਨਾਲ ਹੀ ਉੱਭਰਦੀ ਲੋਕਾਂ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ ਅਤੇ ਉਹ ਲੋਕਾਂ ਦੇ ਬਹੁਮਤ ਨਾਲ ਰਹਿਣਾ ਪਸੰਦ ਕਰੇਗੀ। ਉਨ੍ਹਾਂ ਨੇ ਆਪਣੀ ਗੱਲ ਸਪੱਸ਼ਟ ਕਰਦਿਆਂ ਕਿਹਾ ਕਿ ਕੈਨੇਡਾ ਦਾ ਸੰਵਿਧਾਨ ਬਹੁਮਤ ਲੋਕਾਂ ਦੀ ਪਸੰਦ ਦੀ ਹਾਮੀ ਭਰਦਾ ਹੈ।

ਡੈਨੀਅਲ ਨੇ ਜਨਮਤ ਬਾਰੇ ਮਈ ਦੇ ਸ਼ੁਰੂ ਵਿਚ ‘ਸਟ੍ਰੇਟਫ਼ੀ ਅਲਬਰਟਾ’ ਦੀ ਪਟੀਸ਼ਨ ਨੂੰ ਰੱਦ ਕੀਤੇ ਜਾਣ ਦੇ ਇਕਹਿਰੇ ਜੱਜ ਦੇ ਫ਼ੈਸਲੇ ਉੱਤੇ ਟਿੱਪਣੀ ਕਰਦਿਆਂ ਕਿਹਾ ਕਿ ਅਦਾਲਤਾਂ ਨੂੰ ਲੋਕਾਂ ਦੇ ਜਮਹੂਰੀ ਹੱਕਾਂ ਵਿਚ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੇ ਗੱਲ ਨੂੰ ਹੋਰ ਸਪੱਸ਼ਟ ਕਰਦਿਆਂ ਕਿਹਾ ਕਿ ਜੇਕਰ ਬਹੁਮਤ ਲੋਕਾਂ ਨੇ ਵੱਖਰੇ ਹੋਣ ਨੂੰ ਆਪਣੀ ਪਸੰਦ ਬਣਾਇਆ, ਤਾਂ ਇਸ ਗੱਲ ਨੂੰ ਅੱਗੇ ਤੋਰੇ ਜਾਣ ਦਾ ਆਧਾਰ ਬਣ ਜਾਵੇਗਾ, ਨਹੀਂ ਤਾਂ ਇਹ ਮਾਮਲਾ ਠੱਪ ਸਮਝਿਆ ਜਾਵੇਗਾ।

# ਪੰਜਾਬਣ ਵੱਲੋਂ ਕੈਨੇਡਾ ਪੁਲਿਸ ’ਤੇ 80 ਮਿਲੀਅਨ ਦਾ ਮੁਕੱਦਮਾ

**ਹਮਲਾਵਰਾਂ ਨੇ ਮਾਪਿਆਂ ਦਾ ਕੀਤਾ ਸੀ ਕਤਲ, ਧੀ ਨੂੰ ਲੱਗੀਆਂ ਸਨ 13 ਗੋਲੀਆਂ**



**ਵਿਨੀਪੈਗ, (ਪੰਜਾਬ ਮੇਲ)**- ਕੈਨੇਡਾ ’ਚ ਰਹਿ ਰਹੀ ਇੱਕ ਪੰਜਾਬੀ ਮੁਟਿਆਰ ਜਸਪ੍ਰੀਤ ਕੌਰ ਸਿੱਧੂ (31) ਨੇ ਕੈਨੇਡਾ ਪੁਲਿਸ ਵਿਰੁੱਧ ਲਾਪ੍ਰਵਾਹੀ ਦਾ ਦੋਸ਼ ਲਗਾਉਂਦੇ ਹੋਏ 80 ਮਿਲੀਅਨ ਕੈਨੇਡੀਅਨ ਡਾਲਰ (ਕਰੀਬ 558.4 ਕਰੋੜ ਰੁਪਏ) ਦੇ ਹਰਜਾਨੇ ਦਾ ਕੇਸ ਦਾਇਰ ਕੀਤਾ ਹੈ। ਜਸਪ੍ਰੀਤ ਦਾ ਦੋਸ਼ ਹੈ ਕਿ ਪੁਲਿਸ ਦੀ ਅਣਗਹਿਲੀ ਕਾਰਨ ਉਸ ਦੇ ਮਾਪਿਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਅਤੇ ਉਹ ਖ਼ੁਦ ਵੀ ਮੌਤ ਦੇ ਮੂੰਹੋਂ ਵਾਪਸ ਆਈ ਹੈ।

ਮਾਰੇ ਗਏ ਇੱਕ ਬਜ਼ੁਰਗ ਪੰਜਾਬੀ ਜੋੜੇ ਦੇ ਬੱਚਿਆਂ ਨੇ ਕੈਨੇਡੀਅਨ ਪੁਲਿਸ ਦੀ ਵੱਡੀ ਲਾਪ੍ਰਵਾਹੀ ਖ਼ਿਲਾਫ਼ ਅਦਾਲਤ ਵਿਚ ਕਰੋੜਾਂ ਰੁਪਏ ਦਾ ਕੇਸ ਦਰਜ ਕਰਵਾਇਆ ਹੈ। ਪੰਜਾਬੀ ਮੂਲ ਦੇ ਭਰਾ-ਭੈਣ ਨੇ ਪੀਲ ਰਿਜਨਲ ਪੁਲਿਸ (ਪੀ.ਆਰ.ਪੀ.) ਵਿਰੁੱਧ 80 ਮਿਲੀਅਨ ਕੈਨੇਡੀਅਨ ਡਾਲਰ (ਕਰੀਬ 558.4 ਕਰੋੜ ਰੁਪਏ) ਦੇ ਹਰਜਾਨੇ ਦੀ ਮੰਗ ਕੀਤੀ ਹੈ। ਇਹ ਮੁਕੱਦਮਾ ਉਨ੍ਹਾਂ ਦੇ ਵਕੀਲ ਫਰੈਡਰਿਕ ਸ਼ੂਮੈਨ ਰਾਹੀਂ ਦਾਇਰ ਕੀਤਾ ਗਿਆ ਹੈ। ਪਰਿਵਾਰ ਦਾ ਦੋਸ਼ ਹੈ ਕਿ ਪੁਲਿਸ ਨੂੰ ਸੰਭਾਵੀ ਖ਼ਤਰੇ ਬਾਰੇ ਪਤਾ ਸੀ, ਪਰ ਉਨ੍ਹਾਂ ਨੇ ਪਰਿਵਾਰ ਨੂੰ ਅਲਰਟ ਨਹੀਂ ਕੀਤਾ।

ਇਹ ਦਰਦਨਾਕ ਘਟਨਾ 20 ਨਵੰਬਰ 2023 ਦੀ ਹੈ। ਜਗਤਾਰ ਸਿੱਧੂ ਅਤੇ ਹਰਭਜਨ ਸਿੱਧੂ, ਜੋ ਪੰਜਾਬ ਤੋਂ ਕੈਨੇਡਾ ਦੇ ਓਨਟਾਰੀਓ ਵਿਚ ਰਹਿੰਦੇ ਆਪਣੇ ਬੱਚਿਆਂ ਜਸਪ੍ਰੀਤ ਕੌਰ ਸਿੱਧੂ (31) ਅਤੇ ਗੁਰਦਿੱਤ ਸਿੱਧੂ (29) ਨੂੰ ਮਿਲਣ ਆਏ ਸਨ, ਦੀ ਹਮਲਾਵਰਾਂ ਨੇ ਅੰਨ੍ਹੇਵਾਹ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਅਧਿਕਾਰੀਆਂ ਨੂੰ ਮੌਕੇ ਤੋਂ ਜਗਤਾਰ ਸਿੱਧੂ ਦੀ ਲਾਸ਼ ਮਿਲੀ, ਜਦੋਂ ਕਿ ਉਨ੍ਹਾਂ ਦੀ ਪਤਨੀ ਨੇ ਹਸਪਤਾਲ ਜਾ ਕੇ ਦਮ ਤੋੜ ਦਿੱਤਾ। ਇਸ ਹਮਲੇ ਵਿਚ ਉਨ੍ਹਾਂ ਦੀ ਧੀ ਜਸਪ੍ਰੀਤ ਕੌਰ ਸਿੱਧੂ ਨੂੰ 13 ਗੋਲੀਆਂ ਮਾਰੀਆਂ ਗਈਆਂ, ਪਰ ਉਹ ਚਮਤਕਾਰੀ ਢੰਗ ਨਾਲ ਬਚ ਗਈ। ਹਸਪਤਾਲ ਵਿਚ ਆਪਣੀ ਹਾਲਤ ਬਾਰੇ ਦੱਸਦਿਆਂ ਜਸਪ੍ਰੀਤ ਨੇ ਰੋਂਦੇ ਹੋਏ ਕਿਹਾ, “ਮੈਨੂੰ ਯਾਦ ਹੈ ਉਸ ਰਾਤ ਮੇਰੇ ਮਾਪਿਆਂ ਦਾ ਮੇਰੀਆਂ ਅੱਖਾਂ ਸਾਹਮਣੇ ਕਤਲ ਕਰ ਦਿੱਤਾ ਗਿਆ ਸੀ। ਮੇਰੇ ਪਿਤਾ ਨੂੰ ਮੇਰੇ ਸਾਹਮਣੇ ਗੋਲੀ ਮਾਰੀ ਗਈ ਅਤੇ ਮੈਂ ਆਪਣੀ ਮਾਂ ਦੀਆਂ ਆਖ਼ਰੀ ਚੀਕਾਂ ਸੁਣੀਆਂ। ਉਸ ਤੋਂ ਬਾਅਦ ਸਿਰਫ਼ ਗੋਲੀਬਾਰੀ ਦੀਆਂ ਆਵਾਜ਼ਾਂ ਗੂੰਜ ਰਹੀਆਂ ਸਨ।”

ਜਸਪ੍ਰੀਤ ਕੌਰ ਨੂੰ ਮੋਢੇ ਤੋਂ ਲੈ ਕੇ ਪੈਰਾਂ ਤੱਕ ਵਾਰ-ਵਾਰ ਗੋਲੀਆਂ ਮਾਰੀਆਂ ਗਈਆਂ ਸਨ। ਉਸ ਦੀ ਜਾਨ ਬਚਾਉਣ ਲਈ ਡਾਕਟਰਾਂ ਨੂੰ 18 ਘੰਟੇ ਲੰਮਾ ਅਪਰੇਸ਼ਨ ਕਰਨਾ ਪਿਆ। ਗਰਦਨ ਅਤੇ ਪੇਟ ਵਿਚ ਗੋਲੀ ਲੱਗਣ ਕਾਰਨ ਉਹ ਕਈ ਦਿਨ ਬੋਲ ਵੀ ਨਹੀਂ ਸਕੀ। ਮੁਕੱਦਮੇ ਮੁਤਾਬਕ, ਇੱਕ ਗੋਲੀ ਉਸ ਦੀ ਰੀੜ੍ਹ ਦੀ ਹੱਡੀ ਦੇ ਬੇਹੱਦ ਨੇੜੇ ਫਸੀ ਹੋਈ ਹੈ, ਜਿਸ ਨੂੰ ਕੱਢਿਆ ਨਹੀਂ ਜਾ ਸਕਿਆ। ਨਸਾਂ ਦੇ ਨੁਕਸਾਨ ਕਾਰਨ ਉਹ ਹੁਣ ਤੁਰਨ-ਫਿਰਨ ਅਤੇ ਕੰਮ ਕਰਨ ਤੋਂ ਪੂਰੀ ਤਰ੍ਹਾਂ ਅਸਮਰਥ ਹੈ ਅਤੇ ਗੰਭੀਰ ਮਾਨਸਿਕ ਤਣਾਅ ਵਿਚੋਂ ਲੰਘ ਰਹੀ ਹੈ।

ਦਾਅਵੇ ਮੁਤਾਬਕ, ਹੱਤਿਆ ਕਾਂਡ ਤੋਂ ਠੀਕ ਚਾਰ ਦਿਨ ਪਹਿਲਾਂ ਪੀਲ ਪੁਲਿਸ ਦਾ ਇੱਕ ਅਧਿਕਾਰੀ ਉਨ੍ਹਾਂ ਦੇ ਘਰ ਆਇਆ ਸੀ, ਪਰ ਉਸ ਨੇ ਪਰਿਵਾਰ ਨੂੰ ਕਿਸੇ ਵੀ ਤਰ੍ਹਾਂ ਦੇ ਖ਼ਤਰੇ ਬਾਰੇ ਕੋਈ ਸੂਚਨਾ ਨਹੀਂ ਦਿੱਤੀ। ਪਰਿਵਾਰ ਦਾ ਕਹਿਣਾ ਹੈ ਕਿ ਪੁਲਿਸ ਨੂੰ ਪਤਾ ਸੀ ਕਿ ਇਸ ਮਾਮਲੇ ਵਿਚ ਕੈਨੇਡੀਅਨ ਗੈਂਗਸਟਰ ਰਿਆਨ ਵੈਡਿੰਗ ਦਾ ਇੱਕ ਸਾਥੀ ਸ਼ਾਮਲ ਸੀ। ਜੇਕਰ ਪੁਲਿਸ ਸਮੇਂ ਸਿਰ ਚੇਤਾਵਨੀ ਦੇ ਦਿੰਦੀ, ਤਾਂ ਇਸ ਮਾਸੂਮ ਪੰਜਾਬੀ ਜੋੜੇ ਦੀ ਜਾਨ ਬਚਾਈ ਜਾ ਸਕਦੀ ਸੀ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਹ ਪਰਿਵਾਰ ਹਮਲਾਵਰਾਂ ਦਾ ਅਸਲ ਟਾਰਗੇਟ ਨਹੀਂ ਸੀ। ਦਰਅਸਲ, ਅਕਤੂਬਰ 2024 ਵਿਚ ਅਮਰੀਕੀ ਅਟਾਰਨੀ ਦਫ਼ਤਰ ਨੇ ਖ਼ੁਲਾਸਾ ਕੀਤਾ ਸੀ ਕਿ ਉੱਤਰੀ ਅਮਰੀਕਾ ਦੇ ਇੱਕ ਵੱਡੇ ਡਰੱਗ ਗੈਂਗ ਦੇ ਲੀਡਰ ਰਿਆਨ ਵੈਡਿੰਗ ਅਤੇ ਉਸ ਦੇ ਸਾਥੀ ਐਂਡਰਿਊ ਕਲਾਰਕ ਨੇ ਦੱਖਣੀ ਕੈਲੀਫੋਰਨੀਆ ਵਿਚ ਚੋਰੀ ਹੋਈ ਨਸ਼ੇ ਦੀ ਇੱਕ ਖੇਪ ਦੇ ਬਦਲੇ ‘ਬੌਬੀ’ ਨਾਮ ਦੇ ਇੱਕ ਨੌਜਵਾਨ ਨੂੰ ਜਾਨੋਂ ਮਾਰਨ ਦਾ ਹੁਕਮ ਦਿੱਤਾ ਸੀ। ਜਿਸ ਘਰ ਵਿਚ ਸਿੱਧੂ ਪਰਿਵਾਰ ਰਹਿ ਰਿਹਾ ਸੀ, ਉਹ ਪਹਿਲਾਂ ਬੌਬੀ ਨਾਮ ਦੇ ਵਿਅਕਤੀ ਨਾਲ ਜੁੜਿਆ ਹੋਇਆ ਸੀ ਅਤੇ ਉਸ ’ਤੇ ਪਹਿਲਾਂ ਵੀ ਹਮਲਾ ਹੋ ਚੁੱਕਾ ਸੀ। ਬੌਬੀ ਨੂੰ ਲੱਭਦੇ ਹੋਏ ਸ਼ੂਟਰ ਗ਼ਲਤੀ ਨਾਲ ਇਸ ਪੰਜਾਬੀ ਜੋੜੇ ਦੇ ਘਰ ਵੜ ਗਏ ਅਤੇ ਉਨ੍ਹਾਂ ਨੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਦੱਸ ਦੇਈਏ ਕਿ ਇਸ ਹੱਤਿਆਕਾਂਡ ਦੇ ਮੁੱਖ ਮੁਲਜ਼ਮ ਅਤੇ ਡਰੱਗ ਲਾਰਡ ਰਿਆਨ ਵੈਡਿੰਗ ਨੂੰ ਜਨਵਰੀ 2026 ਵਿਚ ਮੈਕਸੀਕੋ ਤੋਂ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕਿਰਪਾਨ ਵਿਵਾਦ ਮਗਰੋਂ ਵਿਨੀਪੈਗ ਪੁਲਿਸ ਵੱਲੋਂ ਨਵੀਂ ਨੀਤੀ ਦਾ ਐਲਾਨ

**ਵਿਨੀਪੈਗ, (ਪੰਜਾਬ ਮੇਲ)-** ਕੈਨੇਡਾ ਦੇ ਵਿਨੀਪੈਗ ਸ਼ਹਿਰ 'ਚ ਹੁਣ ਅੰਮ੍ਰਿਤਧਾਰੀ ਨੌਜਵਾਨਾਂ ਨੂੰ ਭਰਤੀ ਪ੍ਰੀਖਿਆ ਦੌਰਾਨ ਕਿਰਪਾਨ ਲਾਹੁਣ ਵਾਸਤੇ ਮਜਬੂਰ ਨਹੀਂ ਕੀਤਾ ਜਾਵੇਗਾ ਅਤੇ ਜਸਪਾਲ ਸਿੰਘ ਗਿੱਲ ਵਰਗੇ ਨੌਜਵਾਨ ਆਪਣੇ ਮਨਪਸੰਦ ਕਿੱਤਿਆਂ 'ਚ ਨੌਕਰੀ ਕਰ ਸਕਣਗੇ। ਵਿਨੀਪੈਗ ਪੁਲਿਸ ਸਰਵਿਸ ਵੱਲੋਂ ਨਵੀਂ ਨੀਤੀ ਵਿਕਸਤ ਕਰਨ ਦਾ ਐਲਾਨ ਕੀਤਾ ਗਿਆ ਹੈ। ਜਸਪਾਲ ਸਿੰਘ ਨੂੰ ਭਰਤੀ ਪ੍ਰੀਖਿਆ ਵਿਚ ਬੈਠਣ ਤੋਂ ਰੋਕਣ ਮਗਰੋਂ ਵਿਨੀਪੈਗ ਪੁਲਿਸ ਲਗਾਤਾਰ ਨਿਸ਼ਾਨੇ 'ਤੇ ਹੈ ਅਤੇ ਵਰਲਡ ਸਿੱਖ ਆਰਗਨਾਈਜ਼ੇਸ਼ਨ ਵੱਲੋਂ ਲੀਗਲ ਨੋਟਿਸ ਵੀ ਭੇਜਿਆ ਗਿਆ ਹੈ। ਸਿੱਖ ਜਥੇਬੰਦੀ ਦਾ ਨੋਟਿਸ ਕਹਿੰਦਾ ਹੈ ਕਿ ਕਿਰਪਾਨ ਕੋਈ ਹਥਿਆਰ ਨਹੀਂ ਅਤੇ ਕੈਨੇਡੀਅਨ ਕਾਨੂੰਨ ਅਧੀਨ ਧਾਰਮਿਕ ਚਿੰਨ੍ਹ ਮੰਨਿਆ ਗਿਆ।

**■ ਹੁਣ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਨੌਜਵਾਨਾਂ ਨੂੰ ਕਿਰਪਾਨ ਲਾਹੁਣ ਲਈ ਨਹੀਂ ਕੀਤਾ ਜਾਵੇਗਾ ਮਜਬੂਰ**

ਨੋਟਿਸ ਵਿਚ ਕਿਹਾ ਗਿਆ ਸੀ, "ਕਿਰਪਾਨ ਲਈ ਸਟੋਰੇਜ ਦੀ ਪੇਸ਼ਕਸ਼ ਕਰਨਾ ਅਤੇ ਇਸ ਨੂੰ ਹਟਾਉਣ ਦੀ ਜ਼ਰੂਰਤ ਨਹੀਂ ਹੈ।" ਪੁਲਿਸ ਨੇ ਕਿਹਾ ਸੀ ਕਿ ਸਿੱਖ ਬਿਨੈਕਾਰਾਂ ਨੇ ਪ੍ਰੀਖਿਆ ਵਿਚ ਬੈਠਣ ਲਈ ਪਹਿਲਾਂ ਇਸ ਸ਼ਰਤ ਨੂੰ ਸਵੀਕਾਰ ਕਰ ਲਿਆ ਸੀ, ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਇਹ ਪ੍ਰਥਾ ਕਾਨੂੰਨੀ ਹੈ। ਇਸ ਦੀ ਬਜਾਏ, ਇਹ ਇਸ ਹਕੀਕਤ ਨੂੰ ਦਰਸਾਉਂਦਾ ਹੈ ਕਿ ਸਿੱਖ ਬਿਨੈਕਾਰ ਭਰਤੀ ਪ੍ਰਕਿਰਿਆ ਵਿਚ ਬੈਠਣ ਲਈ ਆਪਣੀਆਂ ਧਾਰਮਿਕ ਜ਼ਿੰਮੇਵਾਰੀਆਂ ਨਾਲ ਸਮਝੌਤਾ ਕਰਨ ਲਈ ਮਜਬੂਰ ਸਨ। ਨੋਟਿਸ ਵਿਚ ਕਿਹਾ ਗਿਆ ਹੈ ਕਿ ਕਿਰਪਾਨ ਪਹਿਨਣ ਤੋਂ ਇਨਕਾਰ ਕਰਨਾ ਮੈਨੀਟੋਬਾ ਮਨੁੱਖੀ ਅਧਿਕਾਰ ਕੋਡ ਦੇ ਤਹਿਤ "ਗੰਭੀਰ ਚਿੰਤਾਵਾਂ" ਪੈਦਾ ਕਰਦਾ ਹੈ ਅਤੇ ਧਰਮ ਦੀ ਆਜ਼ਾਦੀ ਲਈ ਸੰਵਿਧਾਨਕ ਸੁਰੱਖਿਆ ਸਥਾਪਤ ਕਰਦਾ ਹੈ।

ਆਰ.ਸੀ.ਐੱਮ.ਪੀ. ਸਣੇ ਵੱਖ-ਵੱਖ ਮਿਊਂਸੀਪਲ ਅਤੇ ਪ੍ਰੋਵਿਨਸ਼ੀਅਲ ਪੁਲਿਸ ਸਰਵਿਸਿਜ਼ 'ਚ ਅੰਮ੍ਰਿਤਧਾਰੀ ਅਫ਼ਸਰ ਕੰਮ ਕਰ ਰਹੇ ਹਨ। ਗੌਰਤਲਬ ਰਹੇ ਕਿ ਜਸਪਾਲ ਸਿੰਘ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਵਿਨੀਪੈਗ ਪੁਲਿਸ ਟੱਸ ਤੋਂ ਮੱਸ ਨਾ ਹੋਈ ਅਤੇ ਦਲੀਲ ਦਿੱਤੀ ਗਈ ਕਿ ਜਸਪਾਲ ਸਿੰਘ ਦੀ ਕਿਰਪਾਨ ਪੂਰੇ ਸਤਿਕਾਰ ਨਾਲ ਸੁਰੱਖਿਅਤ ਰੱਖਣ ਦਾ ਭਰੋਸਾ ਦਿੱਤਾ ਗਿਆ ਪਰ ਪ੍ਰੀਖਿਆਰਥੀ ਨੇ ਅਜਿਹਾ ਨਾ ਕੀਤਾ। ਬੁਲਾਰੇ ਨੇ ਸੁਰੱਖਿਆ ਪ੍ਰਬੰਧਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਵਿਨੀਪੈਗ ਪੁਲਿਸ ਵਿਚ ਹਰ ਧਰਮ ਨਾਲ ਸਬੰਧਿਤ ਬਿਨੈਕਾਰਾਂ ਦਾ ਸਵਾਗਤ ਕੀਤਾ ਜਾਂਦਾ ਹੈ। ਹੁਣ ਵਿਨੀਪੈਗ ਪੁਲਿਸ ਦਾ ਸਟੈਂਡ ਬਦਲਿਆ ਨਜ਼ਰ ਆ ਰਿਹਾ ਹੈ ਅਤੇ ਅੰਮ੍ਰਿਤਧਾਰੀ ਨੌਜਵਾਨਾਂ ਦੇ ਮਾਮਲੇ ਵਿਚ ਨਵੇਂ ਨੀਤੀ ਘੜੀ ਜਾ ਰਹੀ ਹੈ।

ਦੱਸ ਦੇਈਏ ਕਿ ਕੈਨੇਡਾ ਦੀ ਸੁਪਰੀਮ ਕੋਰਟ ਵੱਲੋਂ 2006 'ਚ ਸੁਣਾਇਆ ਇਤਿਹਾਸਕ ਫ਼ੈਸਲਾ ਬਿਲਕੁਲ ਸਪੱਸ਼ਟ ਹੈ ਕਿ ਸਿੱਖਾਂ ਨੂੰ ਕਿਰਪਾਨ ਧਾਰਨ ਕਰਨ ਤੋਂ ਰੋਕਣਾ ਧਾਰਮਿਕ ਆਜ਼ਾਦੀ ਦੀ ਉਲੰਘਣਾ ਹੋਵੇਗਾ। ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਇਹ ਵੀ ਕਿਹਾ ਹੈ ਕਿ ਕਿਰਪਾਨ ਕੋਈ ਹਥਿਆਰ ਨਹੀਂ ਅਤੇ ਇਕ ਧਾਰਮਿਕ ਚਿੰਨ੍ਹ ਹੈ।

# ਸਰੀ 'ਚ ਕ੍ਰਿਕਟ ਕੈਨੇਡਾ ਦੇ ਨਵੇਂ ਬਣੇ ਪ੍ਰਧਾਨ ਦੇ ਘਰ 'ਤੇ ਗੋਲ਼ੀਬਾਰੀ

**ਵਿਨੀਪੈੱਗ, (ਪੰਜਾਬ ਮੇਲ)-** ਕੈਨੇਡਾ ਦੇ ਸਰੀ ਵਾਸੀ 'ਕ੍ਰਿਕਟ ਕੈਨੇਡਾ' ਦੇ ਨਵੇਂ ਚੁਣੇ ਗਏ ਪ੍ਰਧਾਨ ਅਰਵਿੰਦਰ ਖੋਸਾ ਦੇ ਘਰ ਨੂੰ ਨਿਸ਼ਾਨਾ ਬਣਾ ਕੇ ਅਣਪਛਾਤੇ ਹਮਲਾਵਰਾਂ ਵੱਲੋਂ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ ਹੈ। ਅਰਵਿੰਦਰ ਖੋਸਾ ਨੇ ਗੋਲ਼ੀਬਾਰੀ ਦੀ ਪੁਸ਼ਟੀ ਕੀਤੀ ਹੈ। ਜਾਣਕਾਰੀ ਅਨੁਸਾਰ ਤੜਕਸਾਰ ਹੋਈ ਇਸ ਗੋਲ਼ੀਬਾਰੀ ਸਮੇਂ ਘਰ ਦੇ ਸਾਰੇ ਮੈਂਬਰ ਘਰ ਵਿਚ ਹੀ ਮੌਜੂਦ ਸਨ, ਪਰ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਸੂਚਨਾ ਨਹੀਂ ਹੈ। ਘਰ ਦੇ ਦਰਵਾਜ਼ੇ, ਖਿੜਕੀਆਂ ਅਤੇ ਬਾਹਰੀ ਹਿੱਸੇ ਵਿਚ ਘੱਟੋ-ਘੱਟ ਪੰਜ ਗੋਲੀਆਂ ਦੇ ਨਿਸ਼ਾਨ ਦੇਖੇ ਗਏ ਹਨ।




ਅਧਿਕਾਰੀਆਂ ਅਨੁਸਾਰ ਪੁਲਿਸ ਨੂੰ ਇਸ ਗੋਲ਼ੀਬਾਰੀ ਦੀ ਸੂਚਨਾ ਸਵੇਰੇ 4.40 ਵਜੇ ਮਿਲੀ। ਸਰੀ ਪੁਲਿਸ ਨੇ ਕਿਹਾ ਕਿ ਜਾਂਚ ਸ਼ੁਰੂਆਤੀ ਪੜਾਅ ਵਿਚ ਹੈ ਪਰ ਗੋਲ਼ੀਬਾਰੀ ਜਬਰੀ ਵਸੂਲੀ ਨਾਲ ਸਬੰਧਿਤ ਮੰਨੀ ਜਾ ਰਹੀ ਹੈ। ਸਰੀ ਪੁਲਿਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ ਜਿਸ ਘਰ 'ਤੇ ਗੋਲੀ ਚਲਾਈ ਗਈ, ਉਸ ਨਾਲ ਜੁੜੇ ਇੱਕ ਵਿਅਕਤੀ ਨੂੰ ਜਬਰੀ ਵਸੂਲੀ ਲਈ ਧਮਕੀਆਂ ਮਿਲੀਆਂ ਸਨ। ਦੂਜੇ ਪਾਸੇ ਕੈਨੇਡੀਅਨ ਮੀਡੀਆ ਦੀਆਂ ਰਿਪੋਰਟਾਂ ਵਿਚ ਇਸ ਹਮਲੇ ਦੇ ਤਾਰ ਕੈਨੇਡੀਅਨ ਕ੍ਰਿਕਟ ਜਗਤ ਦੇ ਅੰਦਰੂਨੀ ਵਿਵਾਦਾਂ ਅਤੇ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਵੀ ਜੋੜ ਕੇ ਦੇਖੇ ਜਾ ਰਹੇ ਹਨ। 'ਕ੍ਰਿਕਟ ਕੈਨੇਡਾ' ਪਿਛਲੇ ਮਹੀਨੇ ਪ੍ਰਕਾਸ਼ਿਤ ਪੰਜਵੀਂ ਅਸਟੇਟ ਜਾਂਚ ਦਾ ਕੇਂਦਰ ਸੀ, ਜਿਸ ਵਿਚ ਭ੍ਰਿਸ਼ਟਾਚਾਰ, ਸੰਗਠਿਤ ਅਪਰਾਧ ਦੁਆਰਾ ਪ੍ਰਭਾਵ ਅਤੇ ਕ੍ਰਿਕਟ ਕੈਨੇਡਾ ਦੀਆਂ ਪ੍ਰਮੁੱਖ ਹਸਤੀਆਂ ਵੱਲੋਂ ਮੈਚਾਂ ਨੂੰ ਫਿਕਸ ਕਰਨ ਦੀਆਂ ਕੋਸ਼ਿਸ਼ਾਂ ਦੇ ਵਿਆਪਕ ਦੋਸ਼ਾਂ ਦਾ ਖ਼ੁਲਾਸਾ ਹੋਇਆ ਸੀ। ਖੋਸਾ ਨੂੰ 9 ਮਈ ਨੂੰ ਮਿਸੀਸਾਗਾ, ਓਨਟਾਰੀਓ ਵਿਚ ਕ੍ਰਿਕਟ ਕੈਨੇਡਾ ਦੀ ਸਾਲਾਨਾ ਆਮ ਮੀਟਿੰਗ ਤੋਂ ਬਾਅਦ ਪ੍ਰਧਾਨ ਚੁਣਿਆ ਗਿਆ ਸੀ। ਉਸ ਨੇ ਅਦਾਲਤ ਦੇ ਦਖ਼ਲ ਰਾਹੀਂ ਇਹ ਅਹੁਦਾ ਹਾਸਲ ਕੀਤਾ ਸੀ। ਖੋਸਾ ਨੇ ਪਿਛਲੇ ਪ੍ਰਧਾਨ ਅਮਜਦ ਬਾਜਵਾ ਦੀ ਥਾਂ ਲੈ ਲਈ ਹੈ। ਇਸ ਘਟਨਾ ਬਾਰੇ ਜਾਣਕਾਰੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਜਿਸ ਵਿਚ ਸੀ.ਸੀ.ਟੀ.ਵੀ. ਜਾਂ ਡੈਸ਼ਕੈਮ ਫੁਟੇਜ ਸ਼ਾਮਲ ਹੈ, ਨੂੰ ਐੱਸ.ਪੀ.ਐੱਸ. ਦੀ ਗੈਰ-ਐਮਰਜੈਂਸੀ ਲਾਈਨ ਨੂੰ 604-599-0502 'ਤੇ ਸੰਪਰਕ ਕਰਨ ਲਈ ਕਿਹਾ ਹੈ।

# ਕੈਨੇਡਾ ਪੁਲਿਸ ਵੱਲੋਂ ਸੂਟਕੇਸਾਂ ਦੇ ਟੈਗ ਬਦਲ ਕੇ ਨਸ਼ੇ ਭੇਜਣ ਵਾਲਾ ਗਰੋਹ ਬੇਨਕਾਬ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਪੁਲਿਸ ਨੇ ਇੱਥੋਂ ਦੇ ਹਵਾਈ ਅੱਡਿਆਂ ਤੋਂ ਯਾਤਰੀਆਂ ਦੇ ਸੂਟਕੇਸਾਂ ਦੇ ਟੈਗ ਅਤੇ ਲੇਬਲ ਹੋਰ ਸੂਟਕੇਸਾਂ ਨਾਲ ਬਦਲ ਕੇ ਨਸ਼ੇ ਭੇਜਣ ਦੀਆਂ ਕੋਸ਼ਿਸ਼ਾਂ ਕਰਨ ਵਾਲੇ ਗਰੋਹ ਨੂੰ ਬੇਨਕਾਬ ਕੀਤਾ ਹੈ। ਇਹ ਨਸ਼ੇ ਅਜਿਹੇ ਮੁਲਕਾਂ 'ਚ ਭੇਜੇ ਜਾਂਦੇ ਸਨ, ਜਿਥੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਧੰਦੇ ਦਾ ਪਰਦਾਫਾਸ਼ ਹੋਣ ਨਾਲ 17 ਭੋਲੇ-ਭਾਲੇ ਯਾਤਰੀ ਮੌਤ ਦੀਆਂ ਸਜ਼ਾਵਾਂ ਤੋਂ ਬਚ ਕੇ ਘਰਾਂ ਨੂੰ ਪਰਤੇ ਹਨ।

ਕੈਨੇਡਾ ਦੇ 'ਸੀ.ਟੀ.ਵੀ. ਨਿਊਜ਼' ਨੇ ਪ੍ਰਾਜੈਕਟ ਡਬਲਿਊ 5 ਤਹਿਤ ਅਦਾਲਤੀ ਸੁਣਵਾਈ ਅਤੇ ਪੁਲਿਸ ਦੀਆਂ ਗੁਪਤ ਫਾਈਲਾਂ ਤੱਕ ਪਹੁੰਚ ਬਣਾਉਣ ਮਗਰੋਂ ਇਸ ਦਾ ਖ਼ੁਲਾਸਾ ਕੀਤਾ ਹੈ। ਪਿਛਲੇ ਸਾਲ ਟੋਰਾਂਟੋ ਦੇ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਪੁਲਿਸ ਨੇ ਉੱਥੇ ਕੰਮ ਕਰਦੇ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਬੇਸ਼ੱਕ ਹਵਾਈ ਅੱਡੇ 'ਤੇ 3 ਹਜ਼ਾਰ ਸੀ.ਸੀ.ਟੀ.ਵੀ. ਕੈਮਰੇ ਲੱਗੇ ਹੋਏ ਹਨ ਪਰ ਇਸ ਧੰਦੇ 'ਚ ਸ਼ਾਮਲ ਮੁਲਾਜ਼ਮਾਂ ਨੇ ਸੂਟਕੇਸਾਂ ਦੇ ਟੈਗ ਬਦਲਣ ਲਈ ਕੈਮਰਿਆਂ ਤੋਂ ਓਹਲੇ ਵਾਲੀਆਂ ਥਾਵਾਂ ਲੱਭੀਆਂ ਹੋਈਆਂ ਸਨ। ਉਨ੍ਹਾਂ ਦਾ ਸ਼ਿਕਾਰ ਬਣੇ ਕੁਝ ਭੋਲੇ-ਭਾਲੇ ਲੋਕ ਵੱਖ-ਵੱਖ ਥਾਈਂ ਫੜੇ ਗਏ ਸਨ, ਜਿਨ੍ਹਾਂ 'ਚੋਂ 17 ਨੂੰ ਕਈ ਮਹੀਨਿਆਂ ਦੀ ਪੁੱਛ-ਪੜਤਾਲ ਅਤੇ ਤਸੀਹੇ ਸਹਿਣ ਮਗਰੋਂ ਬੇਗੁਨਾਹੀ ਸਾਬਤ ਹੋਣ 'ਤੇ ਛੱਡਿਆ ਗਿਆ। ਮੀਡੀਆ ਅਦਾਰੇ ਅਤੇ ਹਵਾਈ ਅੱਡਾ ਸੁਰੱਖਿਆ ਅਧਿਕਾਰੀਆਂ ਨੇ ਯਾਤਰੀਆਂ ਨੂੰ ਚੌਕਸ ਕੀਤਾ ਹੈ ਕਿ ਉਹ ਆਪਣੇ ਸੂਟਕੇਸਾਂ ਨੂੰ ਟੈਗ ਲਵਾਉਣ ਮੌਕੇ ਉਸ ਦੀ ਵੀਡੀਓ ਬਣਾਉਣ ਅਤੇ ਕੁਝ ਤਸਵੀਰਾਂ ਖਿੱਚ ਕੇ ਉਸ ਨੂੰ ਮੰਜ਼ਿਲ 'ਤੇ ਪਹੁੰਚਣ ਤੱਕ ਜ਼ਰੂਰ ਸੰਭਾਲ ਕੇ ਰੱਖਣ।



**■ 17 ਯਾਤਰੀ ਬੇਗੁਨਾਹੀ ਸਾਬਤ ਹੋਣ ਮਗਰੋਂ ਘਰ ਪਰਤੇ**

# ਕਵਾਡ ਦੇਸ਼ਾਂ ਦੀ ਵੱਡੀ ਮੀਟਿੰਗ ਦੌਰਾਨ ਇੰਡੋ-ਪੈਸਿਫਿਕ ਸੁਰੱਖਿਆ, ਊਰਜਾ ਅਤੇ ਸਮੁੰਦਰੀ ਵਪਾਰ ਮਜ਼ਬੂਤ ਕਰਨ ਦਾ ਐਲਾਨ

**ਨਵੀਂ ਦਿੱਲੀ, (ਪੰਜਾਬ ਮੇਲ)-** ਮਾਰਕੋ ਰੂਬੀਓ, ਐੱਸ. ਜੈਸ਼ੰਕਰ, ਪੈਨੀ ਵੋਂਗ ਅਤੇ ਤੋਸ਼ੀਮਿਤਸੂ ਮੋਟੇਗੀ ਨੇ ਕਵਾਡ ਦੇਸ਼ਾਂ ਦੀ ਮਹੱਤਵਪੂਰਨ ਮੀਟਿੰਗ ਤੋਂ ਬਾਅਦ ਇੰਡੋ-ਪੈਸਿਫਿਕ ਖੇਤਰ ਦੀ ਸੁਰੱਖਿਆ, ਊਰਜਾ ਅਤੇ ਆਰਥਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦਾ ਐਲਾਨ ਕੀਤਾ।

ਭਾਰਤ ਵਿਚ ਹੋਈ ਇਸ ਮੀਟਿੰਗ ਦੌਰਾਨ ਚਾਰੇ ਦੇਸ਼ਾਂ ਨੇ ਕਿਹਾ ਕਿ ਇੰਡੋ-ਪੈਸਿਫਿਕ ਖੇਤਰ ਵਿਚ ਸਮੁੰਦਰੀ ਵਪਾਰ ਅਤੇ ਆਵਾਜਾਈ ਨੂੰ ਸੁਰੱਖਿਅਤ ਅਤੇ ਬਿਨਾਂ ਰੁਕਾਵਟ ਜਾਰੀ ਰੱਖਣਾ ਬਹੁਤ ਜ਼ਰੂਰੀ ਹੈ। ਖ਼ਾਸ ਕਰਕੇ ਸਟਰੇਟ ਆਫ ਹੋਮਰੁਜ਼ ਵਿਚ ਚੱਲ ਰਹੇ ਤਣਾਅ ਅਤੇ ਇਰਾਨ ਸੰਬੰਧੀ ਹਾਲਾਤਾਂ ਨੂੰ ਲੈ ਕੇ ਵੀ ਚਿੰਤਾ ਜਤਾਈ ਗਈ।

ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਕਵਾਡ ਦੇਸ਼ ਸਮੁੰਦਰੀ ਨਿਗਰਾਨੀ, ਲਾਜਿਸਟਿਕ ਨੈੱਟਵਰਕ, ਸਮੁੰਦਰ ਦੇ ਹੇਠਾਂ ਕੇਬਲ, ਸਿਖਲਾਈ ਅਤੇ ਮਾਨਵਤਾਵਾਦੀ ਸਹਾਇਤਾ ਵਿਚ ਸਹਿਯੋਗ ਹੋਰ ਵਧਾਉਣਗੇ। ਉਨ੍ਹਾਂ ਨੇ ਕਿਹਾ ਕਿ "ਅੱਤਵਾਦ ਖ਼ਿਲਾਫ਼ ਜ਼ੀਰੋ ਟੋਲਰੈਂਸ" ਦੀ ਨੀਤੀ ਜਾਰੀ ਰਹੇਗੀ ਅਤੇ ਹਰ ਦੇਸ਼ ਨੂੰ ਆਪਣੀ ਰੱਖਿਆ ਦਾ ਅਧਿਕਾਰ ਹੈ।

ਆਸਟ੍ਰੇਲੀਆ ਦੀ ਵਿਦੇਸ਼ ਮੰਤਰੀ ਪੈਨੀ ਵੋਂਗ ਨੇ ਕਿਹਾ ਕਿ ਕਵਾਡ ਹੁਣ "Quad Ports of the Future Partnership" ਸ਼ੁਰੂ ਕਰ ਰਿਹਾ ਹੈ, ਜਿਸ ਤਹਿਤ ਫਿਜ਼ੀ ਵਿਚ ਬੰਦਰਗਾਹ ਢਾਂਚੇ ਨੂੰ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਰਾਨ ਵੱਲੋਂ ਸਟਰੇਟ ਆਫ ਹੋਮਰੁਜ਼ ਬੰਦ ਕਰਨ ਦੀ ਸੰਭਾਵਨਾ ਕਾਰਨ ਊਰਜਾ ਸੁਰੱਖਿਆ ਇੱਕ ਵੱਡਾ ਮੁੱਦਾ ਬਣ ਚੁੱਕਾ ਹੈ। ਜਪਾਨ ਦੇ ਵਿਦੇਸ਼ ਮੰਤਰੀ ਤੋਸ਼ੀਮਿਤਸੂ ਮੋਟੇਗੀਨੇ ਕਿਹਾ ਕਿ ਕਵਾਡ ਦੇਸ਼ ਕਿਸੇ ਵੀ ਤਰ੍ਹਾਂ ਦੀ ਜ਼ਬਰਦਸਤੀ ਨਾਲ ਵਰਤਮਾਨ ਸਥਿਤੀ ਬਦਲਣ ਦੀ ਕੋਸ਼ਿਸ਼ ਦਾ ਵਿਰੋਧ ਕਰਦੇ ਹਨ। ਉਨ੍ਹਾਂ ਨੇ ਨੌਰਥ ਕੋਰੀਆ ਦੇ ਮਿਸਾਈਲ ਅਤੇ ਪਰਮਾਣੂ ਪ੍ਰੋਗਰਾਮ 'ਤੇ ਵੀ ਚਿੰਤਾ ਜਤਾਈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਕਵਾਡ ਹੁਣ ਸਿਰਫ਼ ਗੱਲਬਾਤ ਦਾ ਮੰਚ ਨਹੀਂ ਰਹੇਗਾ, ਸਗੋਂ "ਪਾਰਨਰਸ਼ਿਪ ਆਫ ਐਕਸ਼ਨ" ਵਜੋਂ ਕੰਮ ਕਰੇਗਾ। ਉਨ੍ਹਾਂ ਨੇ ਇੰਡੋ-ਪੈਸੀਫਿਕ ਮੈਰੀਟਾਈਮ ਸਰਵੀਲੈਂਸ ਇਨੀਸ਼ੀਏਟਿਵ, ਕ੍ਰਿਟੀਕਲ ਮਿਨਰਲਜ਼ ਫਰੇਮਵਰਕ ਅਤੇ ਇੰਡੋ-ਪੈਸੀਫਿਕ ਐਨਰਜੀ ਸਕਿਓਰਿਟੀ ਇਨੀਸ਼ੀਏਟਿਵ ਵਰਗੇ ਨਵੇਂ ਪ੍ਰੋਗਰਾਮਾਂ ਦਾ ਐਲਾਨ ਕੀਤਾ। ਮਾਰਕੋ ਰੂਬੀਓ ਨੇ ਕਿਹਾ ਕਿ ਦੁਨੀਆਂ ਦੇ ਲਗਭਗ 60 ਫੀਸਦੀ ਸਮੁੰਦਰੀ ਵਪਾਰ ਦਾ ਰਸਤਾ ਇੰਡੋ-ਪੈਸਿਫਿਕ ਖੇਤਰ ਵਿਚੋਂ ਲੰਘਦਾ ਹੈ, ਇਸ ਲਈ ਇਸ ਖੇਤਰ ਦੀ ਸੁਰੱਖਿਆ ਸਿਰਫ ਕਵਾਡ ਦੇਸ਼ਾਂ ਹੀ ਨਹੀਂ, ਸਗੋਂ ਪੂਰੀ ਦੁਨੀਆਂ ਲਈ ਮਹੱਤਵਪੂਰਨ ਹੈ।

# ਟਰੱਕ ਡਰਾਈਵਰਾਂ ਵੱਲੋਂ ਟਰੰਪ ਪ੍ਰਸ਼ਾਸਨ ਦੀ ਨਵੀਂ ਸੀ.ਡੀ.ਐੱਲ. ਪਾਬੰਦੀ "ਨਸਲੀ ਭੇਦਭਾਵ" ਕਰਾਰ

**ਵਾਸ਼ਿੰਗਟਨ, (ਪੰਜਾਬ ਮੇਲ)-**ਅਮਰੀਕਾ ਵਿਚ ਹਜ਼ਾਰਾਂ ਪ੍ਰਵਾਸੀ ਟਰੱਕ ਡਰਾਈਵਰਾਂ ਲਈ ਨਵਾਂ ਸੰਕਟ ਖੜ੍ਹਾ ਹੋ ਗਿਆ ਹੈ। ਯੂ.ਐੱਸ. ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ ਵੱਲੋਂ ਜਾਰੀ ਕੀਤੇ ਨਵੇਂ ਨਿਯਮਾਂ ਕਾਰਨ ਲਗਭਗ 2 ਲੱਖ ਟਰੱਕ ਡਰਾਈਵਰ ਆਪਣੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਗੁਆ ਸਕਦੇ ਹਨ।

ਮਾਰਚ 2026 ਤੋਂ ਲਾਗੂ ਹੋਏ ਇਸ ਨਿਯਮ ਅਨੁਸਾਰ ਹੁਣ ਕੇਵਲ ਕੁਝ ਖਾਸ ਇਮੀਗ੍ਰੇਸ਼ਨ ਵਰਕ ਅਥਰਾਈਜ਼ੇਸ਼ਨ ਵਾਲੇ ਲੋਕ ਹੀ ਸੀ.ਡੀ.ਐੱਲ. ਲਾਇਸੈਂਸ ਲੈ ਸਕਣਗੇ ਜਾਂ ਰੀਨਿਊ ਕਰਵਾ ਸਕਣਗੇ। ਇਸ ਦੇ ਨਾਲ ਹੀ ਸ਼ਰਨਾਰਥੀਆਂ, ਅਸਾਇਲਮ ਮੰਗਣ ਵਾਲਿਆਂ ਅਤੇ ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲ (DACA) ਹੇਠ ਰਹਿੰਦੇ ਲੋਕਾਂ ਨੂੰ ਵੱਡਾ ਝਟਕਾ ਲੱਗਿਆ ਹੈ।

ਕੈਲੀਫੋਰਨੀਆ ਵਿਚ ਪਿਛਲੇ 12 ਸਾਲਾਂ ਤੋਂ ਟਰੱਕ ਚਲਾ ਰਹੇ ਭਾਰਤੀ ਮੂਲ ਦੇ ਡਰਾਈਵਰ ਸਰਬਜੀਤ ਸਿੰਘ ਨੇ ਦੱਸਿਆ ਕਿ ਜਦੋਂ ਉਹ ਆਪਣਾ ਲਾਇਸੈਂਸ ਰੀਨਿਊ ਕਰਵਾਉਣ ਗਏ, ਤਾਂ ਉਨ੍ਹਾਂ ਨੂੰ ਇਨਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਪਤਨੀ ਕਵਿਤਾ ਪਟੇਲ ਨੇ ਕਿਹਾ ਕਿ ਇਸ ਫੈਸਲੇ ਨਾਲ ਪਰਿਵਾਰ ਆਰਥਿਕ ਅਤੇ ਮਾਨਸਿਕ ਤੌਰ 'ਤੇ ਤਬਾਹ ਹੋ ਗਿਆ ਹੈ। ਅਮਰੀਕੀ ਟਰਾਂਸਪੋਰਟੇਸ਼ਨ ਸੈਕਰਟਰੀ ਸੀਨ ਡਫੀ ਨੇ ਕਿਹਾ ਕਿ "ਖਤਰਨਾਕ ਵਿਦੇਸ਼ੀ ਡਰਾਈਵਰਾਂ" ਨੂੰ ਲਾਇਸੈਂਸ ਦਿੱਤੇ ਜਾ ਰਹੇ ਸਨ, ਜੋ ਸੜਕ ਸੁਰੱਖਿਆ ਲਈ ਖਤਰਾ ਹਨ। ਪਰ ਆਲੋਚਕਾਂ ਦਾ ਕਹਿਣਾ ਹੈ ਕਿ ਸਰਕਾਰ ਕੋਲ ਇਸ ਗੱਲ ਦਾ ਕੋਈ ਢੁੱਕਵਾਂ ਡਾਟਾ ਨਹੀਂ ਕਿ ਪ੍ਰਵਾਸੀ ਡਰਾਈਵਰ ਹੋਰਾਂ ਨਾਲੋਂ ਵੱਧ ਹਾਦਸੇ ਕਰਦੇ ਹਨ।

ਮਜ਼ਦੂਰ ਯੂਨੀਅਨ ਏ.ਐੱਫ.ਐੱਲ.-ਸੀ.ਆਈ.ਓ. ਨੇ ਕਾਂਗਰਸ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਸਰਕਾਰੀ ਡਾਟਾ ਮੁਤਾਬਕ ਜਿਨ੍ਹਾਂ ਡਰਾਈਵਰਾਂ ਨੂੰ ਹੁਣ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਹ ਘਾਤਕ ਹਾਦਸਿਆਂ ਵਿਚ ਹੋਰ ਡਰਾਈਵਰਾਂ ਨਾਲੋਂ ਘੱਟ ਸ਼ਾਮਲ ਰਹੇ ਹਨ।




# ਟਰੰਪ ਵੱਲੋਂ 18 ਟ੍ਰਿਲੀਅਨ ਅਮਰੀਕੀ ਡਾਲਰ ਦੇ ਨਿਵੇਸ਼ 'ਚ ਭਾਰੀ ਉਛਾਲ ਦਾ ਦਾਅਵਾ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ 20 ਮਈ ਨੂੰ ਅਮਰੀਕਾ ਲਈ ਮਜ਼ਬੂਤ ਆਰਥਿਕ ਵਿਕਾਸ ਦੀ ਭਵਿੱਖਬਾਣੀ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਵਿਚ ਟ੍ਰਿਲੀਅਨਾਂ ਡਾਲਰਾਂ ਦਾ ਨਿਵੇਸ਼ ਆ ਰਿਹਾ ਹੈ ਅਤੇ ਉਨ੍ਹਾਂ ਨੇ ਵਿਦੇਸ਼ੀ ਕੰਪਨੀਆਂ ਵੱਲੋਂ ਪੂਰੇ ਅਮਰੀਕਾ ਵਿਚ ਪਲਾਂਟ ਲਗਾਉਣ ਕਾਰਨ ਮੈਨੂਫੈਕਚਰਿੰਗ (ਉਦਯੋਗਿਕ ਨਿਰਮਾਣ) ਵਿਚ ਭਾਰੀ ਤੇਜ਼ੀ ਆਉਣ ਦੀ ਉਮੀਦ ਜਤਾਈ।

ਟਰੰਪ ਨੇ ਵ੍ਹਾਈਟ ਹਾਊਸ ਵਿਖੇ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕੀ ਆਰਥਿਕਤਾ ਇੱਕ ਬੇਮਿਸਾਲ ਵਿਸਤਾਰ ਦੇ ਦੌਰ ਵਿਚ ਪ੍ਰਵੇਸ਼ ਕਰ ਰਹੀ ਹੈ। ਉਨ੍ਹਾਂ ਕਿਹਾ, "ਸਾਡੇ ਕੋਲ 18 ਟ੍ਰਿਲੀਅਨ (ਡਾਲਰ) ਖਰਚ ਕੀਤੇ ਜਾ ਰਹੇ ਹਨ ਅਤੇ ਕਿਸੇ ਵੀ ਦੇਸ਼ ਵਿਚ ਅਜਿਹਾ ਕਦੇ ਨਹੀਂ ਹੋਇਆ।" ਉਨ੍ਹਾਂ ਨੇ ਆਟੋਮੋਬਾਈਲ (ਕਾਰ) ਨਿਰਮਾਣ ਨੂੰ ਨਵੇਂ ਉਦਯੋਗਿਕ ਨਿਵੇਸ਼ ਦੇ ਇੱਕ ਪ੍ਰਮੁੱਖ ਉਦਾਹਰਣ ਵਜੋਂ ਪੇਸ਼ ਕੀਤਾ। ਉਨ੍ਹਾਂ ਕਿਹਾ, "ਸਾਡੇ ਕੋਲ ਜਰਮਨੀ, ਦੱਖਣੀ ਕੋਰੀਆ ਅਤੇ ਜਾਪਾਨ ਤੋਂ ਕਾਰ ਕੰਪਨੀਆਂ ਅਤੇ ਪਲਾਂਟ ਅਰਬਾਂ ਡਾਲਰਾਂ ਦੇ ਨਿਵੇਸ਼ ਨਾਲ ਆ ਰਹੇ ਹਨ ਅਤੇ ਉਹ ਹੁਣ



ਬਣਾਏ ਜਾ ਰਹੇ ਹਨ।"

ਟਰੰਪ ਨੇ ਦਲੀਲ ਦਿੱਤੀ ਕਿ ਕੰਪਨੀਆਂ ਅਮਰੀਕੀ ਬਾਜ਼ਾਰ ਤੱਕ ਪਹੁੰਚ ਪ੍ਰਾਪਤ ਕਰਨ ਲਈ ਆਪਣੇ ਉਤਪਾਦਨ ਨੂੰ ਸੰਯੁਕਤ ਰਾਜ ਵਿਚ ਤਬਦੀਲ ਕਰ ਰਹੀਆਂ ਹਨ। ਉਨ੍ਹਾਂ ਕਿਹਾ, "ਉੱਥੇ ਹੋਣ ਦਾ ਕਾਰਨ ਇਹ ਹੈ ਕਿਉਂਕਿ ਉਹ ਸਾਡੇ ਬਾਜ਼ਾਰ ਵਿਚ (ਸਾਮਾਨ) ਵੇਚਣਾ ਚਾਹੁੰਦੇ ਹਨ।" ਰਾਸ਼ਟਰਪਤੀ ਨੇ ਕਿਹਾ ਕਿ ਅਮਰੀਕੀ ਲੋਕ ਅਜਿਹੇ ਆਰਥਿਕ ਵਿਕਾਸ ਦੇ ਗਵਾਹ ਬਣਨਗੇ, ਜੋ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਟਰੰਪ ਨੇ ਕਿਹਾ, "ਤੁਸੀਂ ਅਜਿਹੀਆਂ ਚੀਜ਼ਾਂ ਦੇਖਣ ਜਾ ਰਹੇ ਹੋ, ਜੋ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਸੰਭਵ ਹੋਣਗੀਆਂ। ਤੁਸੀਂ ਅਗਲੇ ਤਿੰਨ ਸਾਲਾਂ ਵਿਚ ਸਾਡੇ ਦੇਸ਼ ਲਈ ਬਹੁਤ ਸਾਰੀਆਂ ਸ਼ਾਨਦਾਰ ਚੀਜ਼ਾਂ ਦੇਖੋਗੇ।"

ਇਹ ਟਿੱਪਣੀਆਂ ਉਸ ਵੇਲੇ ਆਈਆਂ ਹਨ, ਜਦੋਂ ਟਰੰਪ ਵਪਾਰ, ਟੈਰਿਫ (ਟੈਕਸ) ਅਤੇ ਘਰੇਲੂ ਨਿਰਮਾਣ 'ਤੇ ਲਗਾਤਾਰ ਧਿਆਨ ਕੇਂਦਰਿਤ ਕਰਦੇ ਹੋਏ ਆਪਣੇ ਆਰਥਿਕ ਸੰਦੇਸ਼ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਪੂਰੀ ਗੱਲਬਾਤ ਦੌਰਾਨ, ਉਹ ਵਾਰ-ਵਾਰ ਵਿਦੇਸ਼ ਨੀਤੀ ਦੇ ਸਵਾਲਾਂ ਤੋਂ ਹਟ ਕੇ ਆਰਥਿਕ ਮੁੱਦਿਆਂ ਵੱਲ ਮੁੜਦੇ ਰਹੇ, ਜੋ ਇਹ ਸੰਕੇਤ ਦਿੰਦਾ ਹੈ ਕਿ ਨਿਵੇਸ਼ ਅਤੇ ਉਦਯੋਗਿਕ ਵਿਕਾਸ ਉਨ੍ਹਾਂ ਦੇ ਪ੍ਰਸ਼ਾਸਨ ਦੇ ਮੁੱਖ ਵਿਸ਼ੇ ਬਣੇ ਰਹਿਣਗੇ।

ਆਰਥਿਕ ਮੁੱਦਿਆਂ ਦੇ ਨਾਲ-ਨਾਲ, ਟਰੰਪ ਨੇ ਕੈਲੀਫੋਰਨੀਆ ਦੀ ਚੋਣ ਪ੍ਰਣਾਲੀ ਦੀ ਆਲੋਚਨਾ ਕੀਤੀ, ਇਸ ਨੂੰ "ਫਿਕਸਡ/ਧਾਂਦਲੀ ਵਾਲੀ" ਅਤੇ "ਸਭ ਤੋਂ ਬੇਈਮਾਨ ਪ੍ਰਣਾਲੀਆਂ ਵਿਚੋਂ ਇੱਕ" ਕਿਹਾ। ਉਨ੍ਹਾਂ ਦਾਅਵਾ ਕੀਤਾ ਕਿ ਰਿਪਬਲਿਕਨਾਂ ਨੂੰ ਰਾਜ ਦੀ ਵੋਟਿੰਗ ਪ੍ਰਕਿਰਿਆ ਵਿਚ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਟਰੰਪ ਨੇ ਕਿਹਾ, "ਰਿਪਬਲਿਕਨਾਂ ਨੂੰ ਆਵਾਜ਼ ਉਠਾਉਣੀ ਪਵੇਗੀ। ਇਹ ਇੱਕ ਪੱਖਪਾਤੀ ਪ੍ਰਣਾਲੀ ਹੈ।"

## ਗਰਭਵਤੀ ਔਰਤ ਤੇ ਉਸ ਦੀ ਧੀ ਦੀ ਹੱਤਿਆ ਦੇ ਮਾਮਲੇ 'ਚ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਫਲੋਰਿਡਾ 'ਚ 2000 ਵਿਚ ਇਕ ਗਰਭਵਤੀ ਔਰਤ ਤੇ ਉਸ ਦੀ ਧੀ ਦੀ ਹੱਤਿਆ ਦੇ ਮਾਮਲੇ ਵਿਚ ਹੋਈ ਫਾਂਸੀ ਦੀ ਸਜ਼ਾ ਉਪਰ ਅਮਲ ਕਰਦਿਆਂ ਦੋਸ਼ੀ 47 ਸਾਲਾ ਰਿਚਰਡ ਨਾਈਟ ਨੂੰ ਜ਼ਹਿਰ ਦਾ ਟੀਕਾ ਲਾ ਦਿੱਤਾ ਗਿਆ। ਉਸ ਨੂੰ ਸ਼ਾਮ 6.13 ਵਜੇ ਮ੍ਰਿਤਕ ਐਲਾਨ ਦਿੱਤਾ ਗਿਆ। 27 ਜੂਨ 2000 ਨੂੰ ਰਿਚਰਡ ਨਾਈਟ ਨੇ ਓਡੇਸੀਆ ਸਟੀਫਨਜ਼ ਤੇ ਉਸ ਦੀ 4 ਸਾਲ ਦੀ ਧੀ ਹਨੇਸੀਆ ਮਲਿੰਗਜ ਦੀ ਚਾਕੂ ਨਾਲ ਹੱਤਿਆ ਕਰ ਦਿੱਤੀ ਸੀ। ਸਟੀਫਨਜ਼ ਦੋਸ਼ੀ ਨਾਈਟ ਦੇ ਭਤੀਜੇ ਦੀ ਦੋਸਤ ਸੀ, ਜੋ ਹਮਲੇ ਸਮੇਂ ਘਰ ਵਿਚ ਨਹੀਂ ਸੀ। ਪੋਸਟ ਮਾਰਟਮ ਵਿਚ ਸਟੀਫਨਜ਼ ਦੇ 21 ਜ਼ਖਮ ਹੋਣ ਦੀ ਪੁਸ਼ਟੀ ਹੋਈ ਸੀ, ਜਿਨਾਂ ਵਿਚੋਂ 14 ਜ਼ਖਮ ਉਸ ਦੀ ਗਰਦਨ 'ਤੇ ਸਨ, ਜਦਕਿ ਬੱਚੀ ਦੀ ਛਾਤੀ ਤੇ ਗਰਦਨ 'ਤੇ ਵਾਰ ਕਰਕੇ ਉਸ ਦੀ ਹੱਤਿਆ ਕਰ ਦਿੱਤੀ ਸੀ। ਹੱਤਿਆ ਸਮੇਂ ਸਟੀਫਨਜ਼ 6 ਹਫਤੇ ਤੋਂ ਗਰਭਵਤੀ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# ਚੀਨ ਦੀ ਕੋਲਾ ਖਾਣ 'ਚ ਭਿਆਨਕ ਧਮਾਕਾ; ਮੌਤਾਂ ਦੀ ਗਿਣਤੀ 90 ਤੱਕ ਪੁੱਜੀ

**ਬੀਜਿੰਗ, (ਪੰਜਾਬ ਮੇਲ)-** ਚੀਨ ਦੇ ਉੱਤਰੀ ਸੂਬੇ ਸ਼ਾਂਕਸੀ 'ਚ ਇਕ ਕੋਲਾ ਖਾਣ ਵਿੱਚ ਹੋਏ ਭਿਆਨਕ ਗੈਸ ਧਮਾਕੇ ਤੋਂ ਬਾਅਦ ਮੌਤਾਂ ਦੀ ਗਿਣਤੀ ਵੱਧ ਕੇ 90 ਤੱਕ ਪੁੱਜ ਗਈ ਹੈ। ਇਹ ਹਾਦਸਾ ਪਿਛਲੇ ਕਈ ਸਾਲਾਂ ਵਿਚ ਚੀਨ ਦਾ ਸਭ ਤੋਂ ਵੱਡਾ ਮਾਈਨਿੰਗ ਹਾਦਸਾ ਮੰਨਿਆ ਜਾ ਰਿਹਾ ਹੈ।

ਰਿਪੋਰਟਾਂ ਮੁਤਾਬਕ ਇਹ ਧਮਾਕਾ ਚਾਂਗਜ਼ੀ ਸ਼ਹਿਰ ਦੇ Liushenyu ਕੋਲ ਮਾਈਨ 'ਚ ਹੋਇਆ। ਉਸ ਸਮੇਂ ਖਾਣ ਦੇ ਅੰਦਰ 247 ਮਜ਼ਦੂਰ ਕੰਮ ਕਰ ਰਹੇ ਸਨ। ਧਮਾਕੇ ਤੋਂ ਬਾਅਦ ਕਈ ਮਜ਼ਦੂਰ ਜ਼ਮੀਨ ਹੇਠਾਂ ਫਸ ਗਏ, ਜਦਕਿ ਸੈਂਕੜੇ ਲੋਕਾਂ ਨੂੰ ਰੈਸਕਿਊ ਕਰਕੇ ਬਾਹਰ ਕੱਢਿਆ ਗਿਆ। ਚੀਨੀ ਸਰਕਾਰੀ ਮੀਡੀਆ ਮੁਤਾਬਕ ਧਮਾਕੇ ਦਾ ਮੁੱਖ ਕਾਰਨ ਜ਼ਹਿਰੀਲੀ ਗੈਸ ਅਤੇ ਕਾਰਬਨ ਮੋਨੋਆਕਸਾਈਡ ਦੀ ਵੱਧ ਮਾਤਰਾ ਮੰਨੀ ਜਾ ਰਹੀ ਹੈ। ਕਈ ਮਜ਼ਦੂਰਾਂ ਨੂੰ ਜ਼ਹਿਰੀਲੀ ਗੈਸ ਸਾਹ ਰਾਹੀਂ ਅੰਦਰ ਜਾਣ ਕਾਰਨ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਤੁਰੰਤ "ਪੂਰੀ ਤਰ੍ਹਾਂ ਬਚਾਅ ਕਾਰਜ" ਦੇ ਹੁਕਮ ਦਿੱਤੇ

### ■ ਰੈਸਕਿਊ ਓਪਰੇਸ਼ਨ ਜਾਰੀ

ਹਨ ਅਤੇ ਦੇਸ਼ ਭਰ ਵਿਚ ਗੈਰ-ਕਾਨੂੰਨੀ ਮਾਈਨਿੰਗ ਖਿਲਾਫ਼ ਸਖ਼ਤ ਕਾਰਵਾਈ ਸ਼ੁਰੂ ਕਰਨ ਲਈ ਕਿਹਾ ਹੈ। ਚੀਨੀ ਸਰਕਾਰ ਨੇ ਇਸ ਹਾਦਸੇ ਦੀ ਉੱਚ ਪੱਧਰੀ ਜਾਂਚ ਦਾ ਐਲਾਨ ਵੀ ਕਰ ਦਿੱਤਾ ਹੈ।

ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਮਾਈਨ ਕੰਪਨੀ ਵੱਲੋਂ "ਗੰਭੀਰ ਸੁਰੱਖਿਆ ਉਲੰਘਣਾਵਾਂ" ਕੀਤੀਆਂ ਗਈਆਂ ਸਨ। ਕੁਝ ਮਾਈਨ ਅਧਿਕਾਰੀਆਂ ਨੂੰ ਹਿਰਾਸਤ ਵਿਚ ਵੀ ਲਿਆ ਗਿਆ ਹੈ।

ਰੈਸਕਿਊ ਟੀਮਾਂ ਲਈ ਸਭ ਤੋਂ ਵੱਡੀ ਚੁਣੌਤੀ ਖਾਣ ਦੇ ਅੰਦਰ ਜ਼ਹਿਰੀਲੀ ਗੈਸ, ਧੂੰਆਂ ਅਤੇ ਟੁੱਟੇ ਹੋਏ ਰਸਤੇ ਹਨ। ਸੈਂਕੜੇ ਐਮਰਜੈਂਸੀ ਕਰਮਚਾਰੀ ਅਤੇ ਮੈਡੀਕਲ ਟੀਮਾਂ ਮੌਕੇ 'ਤੇ ਤਾਇਨਾਤ ਹਨ ਅਤੇ ਬਚਾਅ ਕਾਰਜ ਲਗਾਤਾਰ ਜਾਰੀ ਹਨ।

ਚੀਨ ਵਿਚ ਪਹਿਲਾਂ ਵੀ ਕੋਲਾ ਖਾਣਾਂ ਵਿਚ ਵੱਡੇ ਹਾਦਸੇ ਹੁੰਦੇ ਰਹੇ ਹਨ, ਪਰ ਇਸ ਤਾਜ਼ਾ ਧਮਾਕੇ ਨੇ ਇਕ ਵਾਰ ਫਿਰ ਮਾਈਨਿੰਗ ਸੁਰੱਖਿਆ ਉੱਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।

# ਅਮਰੀਕੀ ਸੁਪਰੀਮ ਕੋਰਟ ਵੱਲੋਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਰਾਈਵਿੰਗ ਲਾਇਸੈਂਸ ਦੇਣ ਸਬੰਧੀ ਫਲੋਰੀਡਾ ਦਾ ਮੁਕੱਦਮਾ ਖਾਰਜ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੁਪਰੀਮ ਕੋਰਟ ਨੇ ਫਲੋਰੀਡਾ ਵੱਲੋਂ ਕੈਲੀਫੋਰਨੀਆ ਅਤੇ ਵਾਸ਼ਿੰਗਟਨ ਰਾਜਾਂ ਖ਼ਿਲਾਫ਼ ਦਾਇਰ ਕੀਤਾ ਗਿਆ ਉਹ ਮੁਕੱਦਮਾ ਖਾਰਜ ਕਰ ਦਿੱਤਾ ਹੈ, ਜਿਸ ਵਿਚ ਦੋਸ਼ ਲਗਾਇਆ ਗਿਆ ਸੀ ਕਿ ਇਹ ਰਾਜ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਏ ਲੋਕਾਂ ਨੂੰ ਕਮਰਸ਼ੀਅਲ ਟਰੱਕ ਡਰਾਈਵਿੰਗ ਲਾਇਸੈਂਸ ਜਾਰੀ ਕਰ ਰਹੇ ਹਨ।


ਇਹ ਮਾਮਲਾ ਪਿਛਲੇ ਸਾਲ ਫਲੋਰੀਡਾ ਵਿਚ ਵਾਪਰੇ ਇੱਕ ਭਿਆਨਕ ਹਾਦਸੇ ਤੋਂ ਬਾਅਦ ਚਰਚਾ ਵਿਚ ਆਇਆ ਸੀ। ਇਸ ਹਾਦਸੇ ਵਿਚ ਭਾਰਤੀ ਮੂਲ ਦੇ ਟਰੱਕ ਡਰਾਈਵਰ ਹਰਜਿੰਦਰ ਸਿੰਘ ਦੀ ਗੱਡੀ ਸ਼ਾਮਲ ਸੀ ਅਤੇ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਫਲੋਰੀਡਾ ਸਰਕਾਰ ਦਾ ਦਾਅਵਾ ਹੈ ਕਿ ਹਰਜਿੰਦਰ ਸਿੰਘ ਕੋਲ ਅਮਰੀਕਾ ਵਿਚ ਕਾਨੂੰਨੀ ਇਮੀਗ੍ਰੇਸ਼ਨ ਸਟੇਟਸ ਨਹੀਂ ਸੀ, ਫਿਰ ਵੀ ਉਸ ਨੂੰ ਕੈਲੀਫੋਰਨੀਆ ਅਤੇ ਵਾਸ਼ਿੰਗਟਨ ਵੱਲੋਂ ਕਮਰਸ਼ੀਅਲ ਲਾਇਸੈਂਸ ਜਾਰੀ ਕੀਤਾ ਗਿਆ। ਫਲੋਰੀਡਾ ਦੇ ਅਟਾਰਨੀ ਜਨਰਲ ਜੇਮਜ਼ ਉਥਮੀਅਰ ਨੇ ਇਹ ਕੇਸ ਸਿੱਧਾ ਸੁਪਰੀਮ ਕੋਰਟ ਵਿਚ ਦਾਇਰ ਕੀਤਾ ਸੀ। ਮੁਕੱਦਮੇ ਵਿਚ ਦਲੀਲ ਦਿੱਤੀ ਗਈ ਸੀ ਕਿ ਡੈਮੋਕ੍ਰੈਟਿਕ ਰਾਜ ਫੈਡਰਲ ਇਮੀਗ੍ਰੇਸ਼ਨ ਅਤੇ ਸੁਰੱਖਿਆ ਨਿਯਮਾਂ ਦੀ ਉਲੰਘਣਾ ਕਰ ਰਹੇ ਹਨ, ਜਿਸ ਨਾਲ ਅਜਿਹੇ ਲੋਕ ਟਰੱਕ ਚਲਾ ਰਹੇ ਹਨ, ਜਿਨ੍ਹਾਂ ਕੋਲ ਢੰਗ ਦੀ ਟ੍ਰੇਨਿੰਗ ਜਾਂ ਅੰਗਰੇਜ਼ੀ ਵਿਚ ਸੜਕ ਚਿੰਨ੍ਹਾਂ ਨੂੰ ਪੜ੍ਹਨ ਦੀ ਸਮਰੱਥਾ ਨਹੀਂ।

ਹਾਲਾਂਕਿ ਸੁਪਰੀਮ ਕੋਰਟ ਨੇ ਬਿਨਾਂ ਕੋਈ ਵਿਸਥਾਰਕ ਟਿੱਪਣੀ ਕੀਤੇ ਫਲੋਰੀਡਾ ਦੀ ਅਪੀਲ ਰੱਦ ਕਰ ਦਿੱਤੀ। ਪਰ ਕੰਜ਼ਰਵੇਟਿਵ ਜੱਜ ਕਲੇਰੈਂਸ ਥਾਮਸ ਨੇ ਵੱਖਰੀ ਰਾਏ ਦਿੰਦਿਆਂ ਕਿਹਾ ਕਿ ਕੋਰਟ ਨੂੰ ਇਹ ਕੇਸ ਸੁਣਨਾ ਚਾਹੀਦਾ ਸੀ। ਉਨ੍ਹਾਂ ਦੇ ਨਾਲ ਜਸਟਿਸ ਸੈਮੂਅਲ ਅਲੀਟੋ ਵੀ ਸਹਿਮਤ ਨਜ਼ਰ ਆਏ। ਕੈਲੀਫੋਰਨੀਆ ਅਤੇ ਵਾਸ਼ਿੰਗਟਨ ਦੇ ਵਕੀਲਾਂ ਨੇ ਇਸ ਮਾਮਲੇ ਨੂੰ "ਰਾਜਨੀਤਿਕ ਸਟੰਟ" ਕਰਾਰ ਦਿੱਤਾ। ਵਾਸ਼ਿੰਗਟਨ ਦੇ ਅਟਾਰਨੀ ਜਨਰਲ ਨਿਕੋਲਸ ਬ੍ਰਾਊਨ ਨੇ ਕਿਹਾ ਕਿ ਫਲੋਰੀਡਾ ਕੋਲ ਇਸ ਮਾਮਲੇ ਲਈ ਕੋਈ ਮਜ਼ਬੂਤ ਕਾਨੂੰਨੀ ਅਧਾਰ ਨਹੀਂ ਸੀ। ਇਸ ਹਾਦਸੇ ਤੋਂ ਬਾਅਦ ਗੈਰਕਾਨੂੰਨੀ ਇਮੀਗ੍ਰੇਸ਼ਨ ਅਤੇ ਕਮਰਸ਼ੀਅਲ ਡਰਾਈਵਰਾਂ ਲਈ ਅੰਗਰੇਜ਼ੀ ਭਾਸ਼ਾ ਦੀ ਲਾਜ਼ਮੀ ਸ਼ਰਤ ਨੂੰ ਲੈ ਕੇ ਅਮਰੀਕਾ ਵਿਚ ਨਵੀਂ ਰਾਜਨੀਤਿਕ ਚਰਚਾ ਸ਼ੁਰੂ ਹੋ ਗਈ ਹੈ।




# ਕੈਲੀਫੋਰਨੀਆ ਹਿੱਟ-ਐਂਡ-ਰਨ ਮਾਮਲੇ 'ਚ ICE ਵੱਲੋਂ ਭਾਰਤੀ ਨਾਗਰਿਕ ਗ੍ਰਿਫ਼ਤਾਰ

**ਫਰਿਜ਼ਨੋ, (ਪੰਜਾਬ ਮੇਲ)-** ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਨੇ ਦੱਸਿਆ ਕਿ ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਨੇ 13 ਮਈ ਨੂੰ ਇੱਕ ਭਾਰਤੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ 'ਤੇ ਕੈਲੀਫੋਰਨੀਆ ਦੇ ਫਰਿਜ਼ਨੋ ਵਿਚ ਇੱਕ ਹਿੱਟ-ਐਂਡ-ਰਨ ਹਾਦਸੇ ਦਾ ਦੋਸ਼ ਹੈ। ਇਸ ਹਾਦਸੇ ਵਿਚ ਇੱਕ 4 ਸਾਲਾ ਬੱਚਾ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਸੀ।



ਅਮਨ ਕੁਮਾਰ

ਡੀ.ਐੱਚ.ਐੱਸ. ਅਨੁਸਾਰ, ਅਮਨ ਕੁਮਾਰ ਨੂੰ ਫਰਿਜ਼ਨੋ ਸ਼ੈਰਿਫ ਵਿਭਾਗ ਨੇ 29 ਅਪ੍ਰੈਲ ਨੂੰ (ਕਥਿਤ ਹਾਦਸੇ ਦੇ ਇੱਕ ਦਿਨ ਬਾਅਦ) ਗ੍ਰਿਫ਼ਤਾਰ ਕੀਤਾ ਸੀ ਅਤੇ ਉਸ 'ਤੇ ਮੌਤ ਜਾਂ ਸੱਟ ਦਾ ਕਾਰਨ ਬਣਨ ਵਾਲੀ ਸੰਗੀਨ ਹਿੱਟ-ਐਂਡ-ਰਨ ਦੀ ਧਾਰਾ ਲਗਾਈ ਗਈ ਸੀ। ਹਾਲਾਂਕਿ, ਸੰਘੀ ਅਧਿਕਾਰੀਆਂ ਦਾ ਦਾਅਵਾ ਹੈ ਕਿ ਬਾਅਦ ਵਿਚ ਉਸਨੂੰ ਸਥਾਨਕ ਹਿਰਾਸਤ ਵਿਚੋਂ ਰਿਹਾਅ ਕਰ ਦਿੱਤਾ ਗਿਆ ਸੀ। ਡੀ.ਐੱਚ.ਐੱਸ. ਨੇ ਦੱਸਿਆ ਕਿ ਕੁਮਾਰ ਭਾਰਤ ਦਾ ਇੱਕ ਗੈਰ-ਕਾਨੂੰਨੀ ਪ੍ਰਵਾਸੀ ਹੈ, ਜਿਸ ਨੇ ਕਥਿਤ ਤੌਰ 'ਤੇ 2023 ਵਿਚ ਕੈਲੀਫੋਰਨੀਆ ਰਾਹੀਂ ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਪ੍ਰਵੇਸ਼ ਕੀਤਾ ਸੀ ਅਤੇ ਬਾਅਦ ਵਿਚ ਬਾਇਡਨ ਪ੍ਰਸ਼ਾਸਨ ਦੌਰਾਨ ਸੰਘੀ ਅਧਿਕਾਰੀਆਂ ਦੁਆਰਾ ਰਿਹਾਅ ਕਰ ਦਿੱਤਾ ਗਿਆ ਸੀ।

ਕਾਰਜਕਾਰੀ ਸਹਾਇਕ ਸਕੱਤਰ ਲੌਰੇਨ ਬਿਸ ਨੇ ਇੱਕ ਬਿਆਨ ਵਿਚ ਕੈਲੀਫੋਰਨੀਆ ਦੀਆਂ ਸੈਨਕਚੂਰੀ (ਸ਼ਰਨਾਰਥੀ) ਨੀਤੀਆਂ ਦੀ ਆਲੋਚਨਾ ਕੀਤੀ ਅਤੇ ਰਾਜ ਦੇ ਅਧਿਕਾਰੀਆਂ 'ਤੇ "ਇਸ ਅਪਰਾਧੀ ਗੈਰ-ਕਾਨੂੰਨੀ ਵਿਦੇਸ਼ੀ ਨੂੰ ਜੇਲ੍ਹ ਤੋਂ ਵਾਪਸ ਸੜਕਾਂ 'ਤੇ" ਰਿਹਾਅ ਕਰਨ ਦਾ ਦੋਸ਼ ਲਗਾਇਆ। ਬਿਸ ਨੇ ਕਿਹਾ, "ਇਸ ਦਰਿੰਦੇ 'ਤੇ, ਜਿਸ ਨੇ ਇੱਕ 4 ਸਾਲ ਦੇ ਬੱਚੇ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ, ਇੱਕ ਸੰਗੀਨ ਹਿੱਟ-ਐਂਡ-ਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ। ICE ਦੇ ਬਹਾਦਰ ਕਾਨੂੰਨ ਲਾਗੂ ਕਰਨ ਵਾਲੇ ਮੈਂਬਰਾਂ ਦਾ ਧੰਨਵਾਦ, ਜਿਨ੍ਹਾਂ ਸਦਕਾ ਇਸ ਅਪਰਾਧੀ ਗੈਰ-ਕਾਨੂੰਨੀ ਵਿਦੇਸ਼ੀ ਨੂੰ ਇੱਕ ਅਪਰਾਧਿਕ ਅਦਾਲਤ ਦੇ ਬਾਹਰੋਂ ਗ੍ਰਿਫ਼ਤਾਰ ਕੀਤਾ ਗਿਆ।" ਡੀ.ਐੱਚ.ਐੱਸ. ਦੇ ਅਨੁਸਾਰ, ਕੈਲੀਫੋਰਨੀਆ ਦੇ ਵੱਖ-ਵੱਖ ਖੇਤਰਾਂ ਵਿਚ ਇਸ ਵੇਲੇ 33,000 ਤੋਂ ਵੱਧ ਅਜਿਹੇ ਵਿਅਕਤੀ ਹਿਰਾਸਤ ਵਿਚ ਹਨ, ਜਿਨ੍ਹਾਂ ਦੇ ਖ਼ਿਲਾਫ਼ ICE ਦੇ ਡਿਟੇਨਰ (ਹਿਰਾਸਤ ਦੇ ਆਦੇਸ਼) ਸਰਗਰਮ ਹਨ। ਵਿਭਾਗ ਨੇ ਦੱਸਿਆ ਕਿ ਇਨ੍ਹਾਂ ਮਾਮਲਿਆਂ ਵਿਚ ਹੱਤਿਆ, ਹਮਲਾ, ਸੰਨ੍ਹਮਾਰੀ, ਲੁੱਟ-ਖੋਹ, ਨਸ਼ੀਲੇ ਪਦਾਰਥਾਂ ਦੇ ਅਪਰਾਧ, ਹਥਿਆਰਾਂ ਦੇ ਅਪਰਾਧ ਅਤੇ ਜਿਨਸੀ ਅਪਰਾਧਾਂ ਨਾਲ ਸਬੰਧਤ ਦੋਸ਼ ਜਾਂ ਸਜ਼ਾਵਾਂ ਸ਼ਾਮਲ ਹਨ।

# ਨੇਪਾਲ 'ਚ ਵਿਦੇਸ਼ੀਆਂ ਨਾਲ ਵਿਆਹਾਂ ਦਾ ਵਧਦਾ ਰੁਝਾਨ

**ਕਾਠਮੰਡੂ, (ਪੰਜਾਬ ਮੇਲ)-** ਨੇਪਾਲ ਵਿਚ ਪਿਛਲੇ ਕੁਝ ਸਾਲਾਂ ਦੌਰਾਨ ਵਿਦੇਸ਼ੀ ਨਾਗਰਿਕਾਂ ਅਤੇ ਨੇਪਾਲੀ ਨਾਗਰਿਕਾਂ ਦਰਮਿਆਨ ਵਿਆਹਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਖਾਸ ਕਰਕੇ ਅਮਰੀਕੀ ਨਾਗਰਿਕਾਂ ਨਾਲ ਹੋ ਰਹੇ ਵਿਆਹ ਸਭ ਤੋਂ ਵੱਧ ਦਰਜ ਕੀਤੇ ਗਏ ਹਨ। ਇਨ੍ਹਾਂ ਵਿਚ ਕਈ ਅਜਿਹੇ ਮਾਮਲੇ ਵੀ ਸਾਹਮਣੇ ਆ ਰਹੇ ਹਨ, ਜਿੱਥੇ ਦੋਵਾਂ ਜੀਵਨ ਸਾਥੀਆਂ ਵਿਚਾਲੇ 30 ਤੋਂ 50 ਸਾਲ ਤੱਕ ਦਾ ਉਮਰ ਅੰਤਰ ਹੈ, ਜਿਸ ਕਾਰਨ ਹੁਣ ਸਮਾਜਿਕ ਅਤੇ ਪ੍ਰਸ਼ਾਸਕੀ ਪੱਧਰ 'ਤੇ ਚਰਚਾ ਤੇ ਚਿੰਤਾ ਵਧ ਰਹੀ ਹੈ।

ਕਾਠਮੰਡੂ ਦੇ ਇਮੀਗ੍ਰੇਸ਼ਨ ਵਿਭਾਗ ਦੇ ਅਧਿਕਾਰੀਆਂ ਮੁਤਾਬਕ, ਉਨ੍ਹਾਂ ਕੋਲ ਅਕਸਰ ਅਜਿਹੇ ਜੋੜੇ ਆਉਂਦੇ

### ■ 50 ਸਾਲ ਤੱਕ ਦੇ ਉਮਰ ਅੰਤਰ ਵਾਲੇ ਵਿਆਹਾਂ ਨੇ ਖੜ੍ਹੇ ਕੀਤੇ ਸਵਾਲ

ਹਨ, ਜਿੱਥੇ ਵਿਦੇਸ਼ੀ ਪੁਰਸ਼ਾਂ ਦੀ ਉਮਰ 55 ਤੋਂ 75 ਸਾਲ ਤੱਕ ਹੁੰਦੀ ਹੈ, ਜਦਕਿ ਨੇਪਾਲੀ ਮਹਿਲਾਵਾਂ ਦੀ ਉਮਰ 22 ਤੋਂ 35 ਸਾਲ ਦਰਮਿਆਨ ਹੁੰਦੀ ਹੈ। ਇੱਕ ਹਾਲੀਆ ਮਾਮਲੇ ਵਿਚ 72 ਸਾਲਾ ਆਸਟ੍ਰੇਲੀਆਈ ਵਿਅਕਤੀ ਆਪਣੀ 20 ਸਾਲਾਂ ਦੀ ਨੇਪਾਲੀ ਪਤਨੀ ਨਾਲ ਵੀਜ਼ਾ ਵਧਾਉਣ ਲਈ ਦਫ਼ਤਰ ਪਹੁੰਚਿਆ। ਦੋਵਾਂ ਕੋਲ ਕਾਠਮੰਡੂ ਜ਼ਿਲ੍ਹਾ ਅਦਾਲਤ ਵੱਲੋਂ ਜਾਰੀ ਕੀਤਾ ਵਿਆਹ ਰਜਿਸਟ੍ਰੇਸ਼ਨ ਸਰਟੀਫਿਕੇਟ ਵੀ ਮੌਜੂਦ ਸੀ।

ਨੇਪਾਲ ਦੇ ਇਮੀਗ੍ਰੇਸ਼ਨ ਵਿਭਾਗ ਦੇ ਅੰਕੜਿਆਂ ਅਨੁਸਾਰ, ਸਾਲ 2025 ਵਿਚ 1,606 ਨੇਪਾਲੀ ਨਾਗਰਿਕਾਂ ਨੇ ਵਿਦੇਸ਼ੀਆਂ ਨਾਲ ਵਿਆਹ ਕੀਤੇ। ਇਨ੍ਹਾਂ ਵਿਚ ਸਭ ਤੋਂ ਵੱਧ 185 ਮੈਰਿਜ ਵੀਜ਼ੇ ਅਮਰੀਕੀ ਨਾਗਰਿਕਾਂ ਲਈ ਜਾਰੀ ਹੋਏ। ਇਸ ਤੋਂ ਬਾਅਦ ਜਪਾਨ, ਯੂਨਾਈਟਡ ਕਿੰਗਡਮ, ਚੀਨ, ਫਿਲੀਪੀਨਜ਼, ਆਸਟ੍ਰੇਲੀਆ, ਕੈਨੇਡਾ ਅਤੇ ਜਰਮਨੀ ਦੇ ਨਾਗਰਿਕਾਂ ਦੇ ਮਾਮਲੇ ਸਾਹਮਣੇ ਆਏ।

2026 ਦੇ ਸ਼ੁਰੂਆਤੀ ਮਹੀਨਿਆਂ ਵਿਚ ਹੀ 611 ਮੈਰਿਜ ਵੀਜ਼ੇ ਜਾਰੀ ਹੋ ਚੁੱਕੇ ਹਨ ਅਤੇ ਇਸ ਵਾਰ ਵੀ ਅਮਰੀਕਾ 108 ਮਾਮਲਿਆਂ ਨਾਲ ਸਭ ਤੋਂ ਉੱਪਰ ਹੈ। ਯੂ.ਕੇ., ਜਪਾਨ ਅਤੇ ਫਿਲੀਪੀਨਜ਼ ਵੀ ਸੂਚੀ ਵਿਚ ਅੱਗੇ ਹਨ।

ਸਫਾ 1 ਦਾ ਬਾਕੀ

## ਟਰੰਪ ਪ੍ਰਸ਼ਾਸਨ ਦੀ ਨਵੀਂ ਗ੍ਰੀਨ ਕਾਰਡ ਪਾਲਿਸੀ ਨਾਲ...

ਇਹ ਵੀ ਸਾਹਮਣੇ ਆਇਆ ਹੈ ਕਿ ਯੂ.ਐੱਸ.ਸੀ.ਆਈ.ਐੱਸ. ਇਸ ਵੇਲੇ ਕੇਸਾਂ ਦੇ ਭਾਰੀ ਬੈਕਲਾਗ ਨਾਲ ਜੂਝ ਰਹੀ ਹੈ। ਪਿਛਲੇ ਦਸ ਸਾਲਾਂ ਵਿਚ ਪੈਂਡਿੰਗ ਕੇਸਾਂ ਦੀ ਗਿਣਤੀ ਤਿੰਨ ਗੁਣਾ ਤੱਕ ਵੱਧ ਚੁੱਕੀ ਹੈ। ਇਸ ਦੌਰਾਨ ਟਰੰਪ ਪ੍ਰਸ਼ਾਸਨ ਦਾ ਇੱਕ ਹੋਰ "ਗੋਲਡ ਕਾਰਡ" ਪ੍ਰੋਗਰਾਮ ਵੀ ਚਰਚਾ ਵਿਚ ਹੈ, ਜਿਸ ਤਹਿਤ ਇੱਕ ਮਿਲੀਅਨ ਡਾਲਰ ਦੀ ਨਿਵੇਸ਼ ਰਕਮ ਦੇ ਬਦਲੇ ਫਾਸਟ-ਟਰੈਕ ਗ੍ਰੀਨ ਕਾਰਡ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਰਿਪੋਰਟਾਂ ਮੁਤਾਬਕ ਇਸ ਵਿਚ ਬਹੁਤ ਘੱਟ ਦਿਲਚਸਪੀ ਦਿਖਾਈ ਗਈ ਹੈ ਅਤੇ ਇਸ ਖ਼ਿਲਾਫ਼ ਫੈਡਰਲ ਮੁਕੱਦਮਾ ਵੀ ਚੱਲ ਰਿਹਾ ਹੈ।

ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਜਿਹੜੇ ਲੋਕ ਗ੍ਰੀਨ ਕਾਰਡ ਪ੍ਰਕਿਰਿਆ ਵਿਚ ਹਨ, ਉਨ੍ਹਾਂ ਨੂੰ ਹੁਣ ਆਪਣੀ ਇਮੀਗ੍ਰੇਸ਼ਨ ਸਥਿਤੀ ਬਾਰੇ ਤੁਰੰਤ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ, ਕਿਉਂਕਿ ਇਹ ਨਵੀਂ ਪਾਲਿਸੀ ਹਜ਼ਾਰਾਂ ਪਰਿਵਾਰਾਂ ਅਤੇ ਵਰਕਰਾਂ ਦੇ ਭਵਿੱਖ 'ਤੇ ਸਿੱਧਾ ਪ੍ਰਭਾਵ ਪਾ ਸਕਦੀ ਹੈ।

ਸਫਾ 1 ਦਾ ਬਾਕੀ

## ਇੰਡੀਆਨਾ 'ਚ 3 ਮਹੀਨਿਆਂ ਦੌਰਾਨ ਕਰੀਬ 300...

ਦੂਜੇ ਪਾਸੇ ਇੰਡੀਆਨਾ ਉਨ੍ਹਾਂ ਰਾਜਾਂ ਵਿਚੋਂ ਹੈ, ਜੋ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਕਿਸੇ ਵੀ ਕਿਸਮ ਦਾ ਡਰਾਈਵਿੰਗ ਲਾਇਸੈਂਸ ਜਾਰੀ ਨਹੀਂ ਕਰਦਾ। ਗਵਰਨਰ ਬ੍ਰਾਊਨ ਦੀ ਸਰਕਾਰ ਨੇ ਕਿਹਾ ਹੈ ਕਿ ਉਹ ਸੜਕ ਸੁਰੱਖਿਆ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ 'ਤੇ ਸਖ਼ਤੀ ਨਾਲ ਕੰਮ ਕਰ ਰਹੀ ਹੈ।

ਟੋਨੀ ਫੇਰਾਰੋ ਨੇ ਇਹ ਵੀ ਦੱਸਿਆ ਕਿ ਇੰਡੀਆਨਾ ਐਕਸਪ੍ਰੈੱਸਵੇਅ ਅਤੇ ਅੰਤਰਰਾਜੀ ਹਾਈਵੇਅ 'ਤੇ ਪੁਲਿਸ ਗਸ਼ਤ ਅਤੇ ਸਪੀਡ ਇਨਫੋਰਸਮੈਂਟ ਕਾਫ਼ੀ ਵਧਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ 14 ਸਾਲਾਂ ਵਿਚ ਇੰਨੀ ਵੱਡੀ ਪੁਲਿਸ ਮੌਜੂਦਗੀ ਪਹਿਲਾਂ ਕਦੇ ਨਹੀਂ ਦੇਖੀ ਗਈ। ਇਸ ਦਾ ਮਕਸਦ ਨਾ ਸਿਰਫ਼ ਤੇਜ਼ ਰਫ਼ਤਾਰ ਰੋਕਣਾ ਹੈ, ਸਗੋਂ ਇਮੀਗ੍ਰੇਸ਼ਨ ਅਤੇ ਹੋਰ ਸੰਭਾਵਿਤ ਉਲੰਘਣਾਂ ਦੀ ਜਾਂਚ ਕਰਨਾ ਵੀ ਹੈ।

ਫਿਲਹਾਲ ਇਹ ਸਪੱਸ਼ਟ ਨਹੀਂ ਹੈ ਕਿ ਫੜੇ ਗਏ ਡਰਾਈਵਰਾਂ ਨੂੰ ਸਿਰਫ਼ ਰਾਜੀ ਕਾਨੂੰਨਾਂ ਤਹਿਤ ਚਾਰਜ ਕੀਤਾ ਗਿਆ ਹੈ ਜਾਂ ਫਿਰ ਉਨ੍ਹਾਂ ਨੂੰ ICE ਹਵਾਲੇ ਵੀ ਕੀਤਾ ਗਿਆ ਹੈ। ਇਹ ਮਾਮਲਾ ਹੁਣ ਅਮਰੀਕਾ ਵਿਚ ਸੀ.ਡੀ.ਐੱਲ. ਲਾਇਸੈਂਸਿੰਗ ਅਤੇ ਇਮੀਗ੍ਰੇਸ਼ਨ ਨੀਤੀਆਂ 'ਤੇ ਚੱਲ ਰਹੀ ਵੱਡੀ ਚਰਚਾ ਦਾ ਹਿੱਸਾ ਬਣ ਗਿਆ ਹੈ।

ਸਫਾ 1 ਦਾ ਬਾਕੀ

## ਟਰੰਪ ਦੀ "ਨੋ-ਬਾਂਡ" ਇਮੀਗ੍ਰੇਸ਼ਨ ਨੀਤੀ 'ਤੇ ਵੱਡਾ...

ਪਿਛਲੇ ਸਾਲ ਜੁਲਾਈ ਵਿਚ ICE ਨੇ ਸਰਕਾਰੀ ਤੌਰ 'ਤੇ ਐਲਾਨ ਕੀਤਾ ਕਿ ਜਿਹੜੇ ਇਮੀਗ੍ਰੈਂਟ ਬਿਨਾਂ ਕਾਨੂੰਨੀ ਐਂਟਰੀ ਦੇ ਅਮਰੀਕਾ ਵਿਚ ਹਨ, ਉਨ੍ਹਾਂ ਨੂੰ "ਲਾਜ਼ਮੀ ਨਜ਼ਰਬੰਦੀ" ਦਾ ਸਾਹਮਣਾ ਕਰਨਾ ਪਵੇਗਾ ਅਤੇ ਉਨ੍ਹਾਂ ਨੂੰ ਬਾਂਡ ਸੁਣਵਾਈ ਦਾ ਹੱਕ ਨਹੀਂ ਮਿਲੇਗਾ। ਸਤੰਬਰ ਵਿਚ ਇਮੀਗ੍ਰੇਸ਼ਨ ਅਪੀਲ ਬੋਰਡ ਨੇ ਵੀ ICE ਦੀ ਇਸ ਦਲੀਲ ਨਾਲ ਸਹਿਮਤੀ ਜਤਾਈ।

ਇਸ ਨੀਤੀ ਦੇ ਬਾਅਦ ICE ਕਸਟਡੀ ਵਿਚ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਰਿਪੋਰਟ ਮੁਤਾਬਕ ਪਿਛਲੇ ਸਾਲ ਇਹ ਗਿਣਤੀ ਲਗਭਗ ਦੋਗੁਣੀ ਹੋ ਗਈ ਅਤੇ ਜਨਵਰੀ ਵਿਚ ਕਰੀਬ 75,000 ਲੋਕ ICE ਹਿਰਾਸਤ ਵਿਚ ਸਨ। ਹੁਣ ICE ਵੱਲੋਂ ਦੇਸ਼ ਭਰ 'ਚ ਵੱਡੇ "ਮੈਗਾਸੈਂਟਰ" ਬਣਾਉਣ ਦੀ ਯੋਜਨਾ ਵੀ ਚੱਲ ਰਹੀ ਹੈ, ਜਿੱਥੇ ਇੱਕ ਸਮੇਂ ਵਿਚ 10,000 ਤੱਕ ਲੋਕਾਂ ਨੂੰ ਰੱਖਿਆ ਜਾ ਸਕੇਗਾ।

ਅਦਾਲਤੀ ਰਿਕਾਰਡ ਮੁਤਾਬਕ ਟਰੰਪ ਦੇ ਵਾਪਸ ਸੱਤਾ 'ਚ ਆਉਣ ਤੋਂ ਬਾਅਦ 40,000 ਤੋਂ ਵੱਧ ਮਾਮਲੇ ਦਾਇਰ ਹੋ ਚੁੱਕੇ ਹਨ, ਜਿਨ੍ਹਾਂ ਵਿਚ ਲੋਕਾਂ ਨੇ ਗੈਰ-ਕਾਨੂੰਨੀ ਡਿਟੇਨਸ਼ਨ ਅਤੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਦੇ ਦੋਸ਼ ਲਗਾਏ ਹਨ।

ਇਸ ਮਹੀਨੇ ਟਰੰਪ ਪ੍ਰਸ਼ਾਸਨ ਨੂੰ ਇੱਕ ਵੱਡਾ ਕਾਨੂੰਨੀ ਝਟਕਾ ਵੀ ਲੱਗਿਆ, ਜਦੋਂ ਇੱਕ ਫੈਡਰਲ ਅਪੀਲਜ਼ ਕੋਰਟਸ ਨੇ "ਨੋ-ਬਾਂਡ" ਨੀਤੀ ਨੂੰ ਰੱਦ ਕਰ ਦਿੱਤਾ। ਹੁਣ ਮਾਮਲਾ ਸੰਭਾਵਤ ਤੌਰ 'ਤੇ ਅਮਰੀਕੀ ਸੁਪਰੀਮ ਕੋਰਟ ਤੱਕ ਪਹੁੰਚ ਸਕਦਾ ਹੈ, ਜਿੱਥੇ ਇਸ ਇਮੀਗ੍ਰੇਸ਼ਨ ਨੀਤੀ ਦਾ ਭਵਿੱਖ ਤੈਅ ਹੋਵੇਗਾ।

ਸਫਾ 1 ਦਾ ਬਾਕੀ

## ਕੈਨੇਡਾ 'ਚ ਟਰੱਕਿੰਗ ਕੰਪਨੀਆਂ ਨੂੰ ਨਿਸ਼ਾਨਾ ਬਣਾਕੇ ਵਸੂਲੀ...

ਪੁਲਿਸ ਨੇ ਦੱਸਿਆ ਕਿ ਜਿਹੜੇ ਟਰੱਕਿੰਗ ਜਾਂ ਰੈਸਟੋਰੈਂਟ ਕਾਰੋਬਾਰ ਮਾਲਕ ਪੈਸੇ ਦੇਣ ਤੋਂ ਇਨਕਾਰ ਕਰਦੇ ਸਨ, ਉਨ੍ਹਾਂ ਨੂੰ ਮੁੜ-ਮੁੜ ਨਿਸ਼ਾਨਾ ਬਣਾਇਆ ਜਾਂਦਾ ਸੀ। ਜਾਂਚ ਵਿਚ ਹੁਣ ਤੱਕ 24 ਘਟਨਾਵਾਂ ਨੂੰ ਇਸ ਗਿਰੋਹ ਨਾਲ ਜੋੜਿਆ ਗਿਆ ਹੈ, ਜਿਨ੍ਹਾਂ ਵਿਚ 16 ਹਿੰਸਕ ਵਾਰਦਾਤਾਂ ਸ਼ਾਮਲ ਹਨ। ਇਨ੍ਹਾਂ ਵਿਚ ਅੱਗਜ਼ਨੀ ਅਤੇ ਕਈ ਸ਼ੂਟਿੰਗਾਂ ਦੌਰਾਨ ਕੁੱਲ 324 ਗੋਲੀਆਂ ਚਲਾਈਆਂ ਗਈਆਂ।

ਇੱਕ ਮਾਮਲੇ ਵਿਚ ਦੋ ਮੁਲਜ਼ਮਾਂ ਨੇ ਪਹਿਲਾਂ ਕੈਲੀਡਨ ਵਿਚ ਇੱਕ ਰਿਹਾਇਸ਼ੀ ਘਰ 'ਤੇ ਗੋਲੀਬਾਰੀ ਅਤੇ ਅੱਗਜ਼ਨੀ ਕੀਤੀ ਅਤੇ ਕੁਝ ਮਿੰਟਾਂ ਬਾਅਦ ਬਰੈਂਪਟਨ ਵਿਚ ਇੱਕ ਕਾਰੋਬਾਰ ਨੂੰ ਨਿਸ਼ਾਨਾ ਬਣਾਇਆ।

ਇਸ ਜਾਂਚ ਲਈ ਦਸੰਬਰ 2025 'ਚ ਇੱਕ ਸਾਂਝਾ ਆਪਰੇਸ਼ਨ ਸ਼ੁਰੂ ਕੀਤਾ ਗਿਆ ਸੀ, ਜਿਸ ਵਿਚ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ, ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਅਤੇ ਕੈਨੇਡਾ ਦੀ ਵਿੱਤੀ ਨਿਗਰਾਨੀ ਏਜੰਸੀ ਫਿਨਟ੍ਰੈਕ ਵੀ ਸ਼ਾਮਲ ਸੀ।

ਅਪ੍ਰੈਲ 2026 ਵਿਚ ਕਈ ਥਾਵਾਂ 'ਤੇ ਛਾਪੇ ਮਾਰਕੇ 17 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੇ ਇਸ ਦੌਰਾਨ 6 ਹਥਿਆਰ, ਨਸ਼ੀਲੇ ਪਦਾਰਥ, ਮੋਬਾਈਲ ਫੋਨ, ਸਿਮ ਕਾਰਡ ਅਤੇ ਜਾਲਸਾਜ਼ੀ ਵਾਲੇ ਪਛਾਣ ਪੱਤਰ ਵੀ ਬਰਾਮਦ ਕੀਤੇ ਹਨ। ਪੁਲਿਸ ਮੁਤਾਬਕ 6 ਵਿਅਕਤੀਆਂ ਖ਼ਿਲਾਫ਼ ਇਮੀਗ੍ਰੇਸ਼ਨ ਕਾਰਵਾਈ ਵੀ ਹੋ ਸਕਦੀ ਹੈ ਅਤੇ ਉਨ੍ਹਾਂ ਨੂੰ ਕੇਸ ਖ਼ਤਮ ਹੋਣ ਤੋਂ ਬਾਅਦ ਡਿਪੋਰਟ ਕੀਤਾ ਜਾ ਸਕਦਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਇਮੀਗ੍ਰੇਸ਼ਨ ਕਾਨੂੰਨਾਂ ਤਹਿਤ 6 ਲੋਕਾਂ ਨੂੰ ਹਿਰਾਸਤ 'ਚ ਲਿਆ ਸੀ, ਜਿਨ੍ਹਾਂ ਵਿਚੋਂ ਤਿੰਨ ਨੂੰ ਦੇਸ਼ ਤੋਂ ਕੱਢਿਆ ਜਾ ਚੁੱਕਾ ਹੈ, ਦੋ ਹਾਲੇ ਹਿਰਾਸਤ ਵਿਚ ਹਨ ਅਤੇ ਇੱਕ ਵਿਅਕਤੀ ਨੂੰ ਸ਼ਰਤਾਂ ਨਾਲ ਰਿਹਾਅ ਕੀਤਾ ਗਿਆ ਹੈ। ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ 'ਚ ਇਕਬਾਲ ਸਿੰਘ ਬਰੈਂਪਟਨ (25), ਆਕਾਸ਼ਦੀਪ ਸਿੰਘ ਨੌਰਵਲ (24), ਰਾਵਿੰਦਰ ਸਿੰਘ ਸਰੀ (25), ਜਸ਼ਨਬੀਰ ਸਿੰਘ ਸਰੀ (21), ਦਿਲਾਵਰਪ੍ਰੀਤ ਸਿੰਘ ਬਰੈਂਪਟਨ (26), ਮਨਦੀਪ ਸਿੰਘ ਬਰੈਂਪਟਨ (21), ਪ੍ਰਭਦੀਪ ਸੋਹਲ ਬਰੈਂਪਟਨ (22), ਪ੍ਰਤਾਪਬੀਰ ਘੁੰਮਣ ਬਰੈਂਪਟਨ (22), ਅਜੇਦੀਪ ਸਿੰਘ ਬਰੈਂਪਟਨ (29), ਨਵਰੂਪ ਸਿੰਘ ਬਰੈਂਪਟਨ (24), ਬੈਰੀ ਦਾ ਰਾਜਨ ਸਿੰਘ (28), ਅੰਮ੍ਰਿਤਜੋਤ ਸਿੰਘ ਬਰੈਂਪਟਨ (22), ਜਸ਼ਨਪ੍ਰੀਤ ਸਿੰਘ ਬਰੈਂਪਟਨ (22), ਗੁਨੀਤ ਗੁਨੀਤ ਬਰੈਂਪਟਨ (27), ਸੁਖਵਿੰਦਰ ਸਿੰਘ ਬਰੈਂਪਟਨ (32), ਮੋਹਿੰਦਰ ਸਿੰਘ ਬਰੈਂਪਟਨ (30) ਅਤੇ ਕੈਲੀਫੋਰਨੀਆ ਦੇ ਮਨਟੀਕਾ ਦਾ ਗੌਤਮ ਗੌਤਮ (22) ਸ਼ਾਮਲ ਹਨ।

ਪੁਲਿਸ ਮੁਖੀ ਨਿਸ਼ਾਨ ਦੁਰਈਅੱਪਾ ਨੇ ਕਿਹਾ ਕਿ ਇਹ ਕਾਰਵਾਈ ਕਈ ਏਜੰਸੀਆਂ ਦੀ ਸਾਂਝੀ ਮਿਹਨਤ ਦਾ ਨਤੀਜਾ ਹੈ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਵਿਚ ਫੈਲੇ ਡਰ ਨੂੰ ਖ਼ਤਮ ਕਰਨ ਲਈ ਪੁਲਿਸ ਵਚਨਬੱਧ ਹੈ। ਉੱਥੇ ਹੀ ਕੈਰਨ ਗੋਨੋ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਵਸੂਲੀ ਵਾਲੀਆਂ ਘਟਨਾਵਾਂ ਮੱਧ ਅਤੇ ਪੱਛਮੀ ਓਨਟਾਰੀਓ 'ਚ ਲੋਕਾਂ ਦੀ ਸੁਰੱਖਿਆ ਲਈ ਵੱਡਾ ਖ਼ਤਰਾ ਬਣ ਰਹੀਆਂ ਹਨ ਅਤੇ ਪੁਲਿਸ ਇਨ੍ਹਾਂ ਗਿਰੋਹਾਂ ਨੂੰ ਪੂਰੀ ਤਰ੍ਹਾਂ ਤੋੜਨ ਲਈ ਕਾਰਵਾਈ ਜਾਰੀ ਰੱਖੇਗੀ।

ਸਫਾ 1 ਦਾ ਬਾਕੀ

## ਟੈਕਸ ਮਾਹਿਰਾਂ ਦੀ ਚਿਤਾਵਨੀ : ਬਿਨਾਂ ਦਸਤਾਵੇਜ਼ ਵਾਲੇ...

IRS ਦੇ ਆਪਣੇ ਅਨੁਮਾਨ ਮੁਤਾਬਕ, ਜੇ ਸਿਰਫ਼ 1 ਫੀਸਦੀ ਲੋਕ ਵੀ ਟੈਕਸ ਕਾਨੂੰਨਾਂ ਦੀ ਸਵੈ-ਇੱਛਾ ਨਾਲ ਪਾਲਣਾ ਘਟਾ ਦੇਣ, ਤਾਂ ਫੈਡਰਲ ਸਰਕਾਰ ਨੂੰ ਕਰੀਬ 46 ਬਿਲੀਅਨ ਡਾਲਰ ਘੱਟ ਆਮਦਨ ਹੋ ਸਕਦੀ ਹੈ।

ਗੈਰ-ਮੁਨਾਫ਼ਾ ਸੰਸਥਾ ਇੰਸਟੀਚਿਊਟ ਆਨ ਟੈਕਸੇਸ਼ਨ ਐਂਡ ਇਕਨੌਮਿਕ ਪਾਲਿਸੀ ਦੇ ਅੰਕੜਿਆਂ ਮੁਤਾਬਕ, ਅਮਰੀਕਾ ਵਿਚ ਰਹਿੰਦੇ ਲਗਭਗ ਅੱਧੇ ਬਿਨਾਂ ਦਸਤਾਵੇਜ਼ ਵਾਲੇ ਪਰਿਵਾਰ ਇਨਕਮ ਟੈਕਸ ਰਿਟਰਨ ਭਰਦੇ ਹਨ। ਸਾਲ 2022 ਵਿਚ ਹੀ ਅਜਿਹੇ ਪ੍ਰਵਾਸੀਆਂ ਨੇ ਲਗਭਗ 96.7 ਬਿਲੀਅਨ ਡਾਲਰ ਟੈਕਸ ਦੇ ਰੂਪ ਵਿਚ ਅਦਾ ਕੀਤੇ, ਹਾਲਾਂਕਿ ਉਨ੍ਹਾਂ ਨੂੰ ਬਹੁਤ ਸਾਰੀਆਂ ਸਰਕਾਰੀ ਛੋਟਾਂ ਅਤੇ ਫਾਇਦੇ ਨਹੀਂ ਮਿਲਦੇ।

ਇਸ ਅਧਿਐਨ ਅਨੁਸਾਰ, ਹਰ 10 ਲੱਖ ਬਿਨਾਂ ਦਸਤਾਵੇਜ਼ ਵਾਲੇ ਪ੍ਰਵਾਸੀਆਂ ਤੋਂ ਸਰਕਾਰ ਨੂੰ ਲਗਭਗ 8.9 ਬਿਲੀਅਨ ਡਾਲਰ ਵਾਧੂ ਟੈਕਸ ਰੈਵੇਨਿਊ ਮਿਲਦਾ ਹੈ।

ਮੈਰੀਲੈਂਡ ਅਤੇ ਵਰਜੀਨੀਆ ਵਿਚ ਲਾਤੀਨੋ ਭਾਈਚਾਰੇ ਨਾਲ ਕੰਮ ਕਰਨ ਵਾਲੇ ਟੈਕਸ ਸਲਾਹਕਾਰ ਐਡਗਰ ਵਿਲਾਕੋਰਟਾ ਨੇ ਕਿਹਾ ਕਿ ਇਸ ਸਾਲ ਉਸਦੇ 30 ਤੋਂ 40 ਫੀਸਦੀ ਗਾਹਕਾਂ ਨੇ ਟੈਕਸ ਨਹੀਂ ਭਰਿਆ। ਉਨ੍ਹਾਂ ਕਿਹਾ ਕਿ ਕਈ ਪਰਿਵਾਰਾਂ ਨੂੰ ਹੁਣ "ਚਾਈਲਡ ਟੈਕਸ ਕਰੈਡਿਟ" ਵਰਗੇ ਫਾਇਦੇ ਨਹੀਂ ਮਿਲ ਰਹੇ, ਭਾਵੇਂ ਉਨ੍ਹਾਂ ਦੇ ਬੱਚੇ ਅਮਰੀਕੀ ਨਾਗਰਿਕ ਹੀ ਕਿਉਂ ਨਾ ਹੋਣ। ਇਸ ਕਾਰਨ ਲੋਕਾਂ ਵਿਚ ਇਹ ਭਾਵਨਾ ਵਧ ਰਹੀ ਹੈ ਕਿ ਟੈਕਸ ਭਰਨ ਦਾ ਕੋਈ ਲਾਭ ਨਹੀਂ।

ਇਸ ਦੌਰਾਨ ਕੈਟੋ ਇੰਸਟੀਚਿਊਟ ਦੀ ਇੱਕ ਨਵੀਂ ਸਟੱਡੀ ਵਿਚ ਦਾਅਵਾ ਕੀਤਾ ਗਿਆ ਕਿ 1994 ਤੋਂ 2023 ਤੱਕ ਪ੍ਰਵਾਸੀਆਂ ਨੇ ਸਰਕਾਰ ਨੂੰ ਟੈਕਸ ਦੇ ਰੂਪ ਵਿਚ ਉਨ੍ਹਾਂ ਫਾਇਦਿਆਂ ਨਾਲੋਂ ਕਾਫ਼ੀ ਵੱਧ ਪੈਸਾ ਦਿੱਤਾ, ਜੋ ਉਨ੍ਹਾਂ ਨੇ ਸਰਕਾਰੀ ਯੋਜਨਾਵਾਂ ਤੋਂ ਲਿਆ। ਰਿਪੋਰਟ ਅਨੁਸਾਰ, ਪ੍ਰਵਾਸੀਆਂ ਨੇ ਇਸ ਸਮੇਂ ਦੌਰਾਨ ਫੈਡਰਲ, ਸੂਬਾਈ ਅਤੇ ਸਥਾਨਕ ਸਰਕਾਰਾਂ ਲਈ ਲਗਭਗ 10.6 ਟ੍ਰਿਲੀਅਨ ਡਾਲਰ ਵਾਧੂ ਰੈਵੇਨਿਊ ਪੈਦਾ ਕੀਤਾ।

ਸਟੱਡੀ ਵਿਚ ਕਿਹਾ ਗਿਆ ਕਿ ਪ੍ਰਵਾਸੀ ਆਮ ਤੌਰ 'ਤੇ ਕੰਮ ਕਰਨ ਵਾਲੀ ਉਮਰ ਵਿਚ ਹੁੰਦੇ ਹਨ, ਉਨ੍ਹਾਂ ਦੀ ਵਰਕਫੋਰਸ ਵਿਚ ਹਿਸੇਦਾਰੀ ਵੱਧ ਹੁੰਦੀ ਹੈ ਅਤੇ ਉਹ ਉਮਰ-ਸਬੰਧੀ ਸਰਕਾਰੀ ਫਾਇਦਿਆਂ 'ਤੇ ਘੱਟ ਨਿਰਭਰ ਰਹਿੰਦੇ ਹਨ। ਇਸ ਕਰਕੇ ਉਹ ਅਮਰੀਕੀ ਅਰਥਵਿਵਸਥਾ ਲਈ ਇੱਕ ਵੱਡਾ ਟੈਕਸ ਯੋਗਦਾਨ ਬਣਦੇ ਹਨ।

# ਅਮਰੀਕੀ ਇਮੀਗ੍ਰੇਸ਼ਨ ਕੋਰਟਾਂ 'ਚ "ਮੈਗਾ ਮਾਸਟਰ" ਸੁਣਵਾਈਆਂ ਸ਼ੁਰੂ

**■ ਇਕੱਠੇ 100 ਤੋਂ ਵੱਧ ਪ੍ਰਵਾਸੀਆਂ ਦੇ ਕੇਸ ਸੁਣੇ ਜਾਣਗੇ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਯੂ.ਐੱਸ. ਡਿਪਾਰਟਮੈਂਟ ਆਫ ਜਸਟਿਸ ਦੇ ਅਧੀਨ ਚੱਲ ਰਹੀਆਂ ਅਮਰੀਕੀ ਇਮੀਗ੍ਰੇਸ਼ਨ ਕੋਰਟਾਂ ਹੁਣ ਡਿਪੋਰਟੇਸ਼ਨ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਨਵਾਂ ਤਰੀਕਾ ਅਪਣਾ ਰਹੀਆਂ ਹਨ। ਰਿਪੋਰਟਾਂ ਮੁਤਾਬਕ ਹੁਣ "ਮੈਗਾ ਮਾਸਟਰ" ਸੁਣਵਾਈਆਂ ਕਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਇੱਕ ਸਮੇਂ 100 ਤੋਂ ਵੱਧ ਪ੍ਰਵਾਸੀਆਂ ਦੇ ਕੇਸ ਸੁਣੇ ਜਾਂਦੇ ਹਨ।

ਰਿਪੋਰਟ ਅਨੁਸਾਰ ਇਹ ਪ੍ਰਕਿਰਿਆ ਪਹਿਲਾਂ ਤੋਂ ਚੱਲ ਰਹੀਆਂ ਸਮੂਹਿਕ ਸੁਣਵਾਈਆਂ ਦਾ ਵਧਾਇਆ ਹੋਇਆ ਰੂਪ ਹੈ। ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਇਹ ਸੁਣਵਾਈਆਂ ਖ਼ਾਸ ਕਰਕੇ ਉਨ੍ਹਾਂ ਪ੍ਰਵਾਸੀਆਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਜਿਨ੍ਹਾਂ ਕੋਲ ਵਕੀਲ ਨਹੀਂ ਹਨ।

ਮਾਹਿਰਾਂ ਦੇ ਮੁਤਾਬਕ ਜੇ ਕੋਈ ਵਿਅਕਤੀ ਸੁਣਵਾਈ ਲਈ ਦੇਰ ਨਾਲ ਪਹੁੰਚਦਾ ਹੈ ਜਾਂ ਗੈਰਹਾਜ਼ਰ ਰਹਿੰਦਾ ਹੈ, ਤਾਂ ਉਸਦੇ ਖ਼ਿਲਾਫ਼ ਡਿਪੋਰਟੇਸ਼ਨ ਆਰਡਰ ਜਾਰੀ ਹੋ ਸਕਦਾ ਹੈ।

ਅਮਰੀਕੀ ਇਮੀਗ੍ਰੇਸ਼ਨ ਵਕੀਲ ਐਸੋਸੀਏਸ਼ਨ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਤਰੀਕੇ ਨਾਲ ਪਹਿਲਾਂ ਹੀ ਬਹੁਤ ਦਬਾਅ ਹੇਠ ਚੱਲ ਰਹੇ ਇਮੀਗ੍ਰੇਸ਼ਨ ਕੋਰਟ ਸਿਸਟਮ ਵਿਚ ਬਕਾਇਆ ਸੁਰੱਖਿਆ ਪ੍ਰਕਿਰਿਆ ਹੋਰ ਕਮਜ਼ੋਰ ਹੋ ਸਕਦੀਆਂ ਹਨ।

ਇਸੇ ਦੌਰਾਨ ਟਰੰਪ ਪ੍ਰਸ਼ਾਸਨ ਇਮੀਗ੍ਰੇਸ਼ਨ ਜੱਜਾਂ ਦੀ ਗਿਣਤੀ ਵੀ ਵਧਾ ਰਿਹਾ ਹੈ। ਐਗਜ਼ੀਕਿਊਟਿਵ ਆਫਿਸ ਆਫ ਇਮੀਗ੍ਰੇਸ਼ਨ ਰੀਵਿਊ ਨੇ ਪਿਛਲੇ ਹਫ਼ਤੇ ਐਲਾਨ ਕੀਤਾ ਕਿ 77 ਨਵੇਂ ਇਮੀਗ੍ਰੇਸ਼ਨ ਜੱਜ ਭਰਤੀ ਕੀਤੇ ਗਏ ਹਨ, ਜਦਕਿ ਪੰਜ ਅਸਥਾਈ ਜੱਜ ਵੀ ਨਿਯੁਕਤ ਕੀਤੇ ਗਏ ਹਨ, ਜੋ ਪਹਿਲਾਂ ਫੌਜੀ ਵਕੀਲ ਰਹਿ ਚੁੱਕੇ ਹਨ। ਇਹ ਕਦਮ ਡੋਨਾਲਡ ਟਰੰਪ ਪ੍ਰਸ਼ਾਸਨ ਦੀ ਵਧ ਰਹੀ ਸਖ਼ਤ ਇਮੀਗ੍ਰੇਸ਼ਨ ਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਹਾਲ ਹੀ ਵਿਚ ਸਰਕਾਰ ਨੇ ਇਹ ਵੀ ਐਲਾਨ ਕੀਤਾ ਸੀ ਕਿ ਅਮਰੀਕਾ ਵਿਚ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਨੂੰ ਗ੍ਰੀਨ ਕਾਰਡ ਲਈ ਆਪਣੇ ਮੂਲ ਦੇਸ਼ਾਂ ਵਿਚ ਵਾਪਸ ਜਾ ਕੇ ਅਰਜ਼ੀ ਦੇਣੀ ਪਵੇਗੀ।

# ਕੈਲੀਫੋਰਨੀਆ 'ਚ ਨਵੇਂ ਕਾਨੂੰਨਾਂ ਤੋਂ ਬਾਅਦ ਹਜ਼ਾਰਾਂ ਪ੍ਰਵਾਸੀਆਂ ਦਾ ਮੈਡੀ-ਕੈਲ ਕਵਰੇਜ ਖਤਮ

**ਸੈਕਰਾਮੈਂਟੋ, (ਪੰਜਾਬ ਮੇਲ)**- ਕੈਲੀਫੋਰਨੀਆ 'ਚ ਨਵੇਂ ਕਾਨੂੰਨਾਂ ਅਤੇ ਇਮੀਗ੍ਰੇਸ਼ਨ ਸੰਬੰਧੀ ਸਖ਼ਤ ਨੀਤੀਆਂ ਤੋਂ ਬਾਅਦ ਹਜ਼ਾਰਾਂ ਪ੍ਰਵਾਸੀਆਂ ਨੇ ਆਪਣਾ ਮੈਡੀ-ਕੈਲ ਸਿਹਤ ਬੀਮਾ ਕਵਰੇਜ ਗੁਆ ਦਿੱਤਾ ਹੈ ਜਾਂ ਉਨ੍ਹਾਂ ਨੂੰ ਇਸ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਨਵੀਂ ਰਿਪੋਰਟ ਮੁਤਾਬਕ ਜਨਵਰੀ ਅਤੇ ਫਰਵਰੀ 2026 ਦੌਰਾਨ 86 ਹਜ਼ਾਰ ਤੋਂ ਵੱਧ ਗੈਰ-ਦਸਤਾਵੇਜ਼ੀ ਪ੍ਰਵਾਸੀ ਮੈਡੀ-ਕੈਲ ਪ੍ਰੋਗਰਾਮ ਤੋਂ ਬਾਹਰ ਹੋ ਗਏ ਜਾਂ ਉਨ੍ਹਾਂ ਦੀਆਂ ਅਰਜ਼ੀਆਂ ਰੱਦ ਹੋ ਗਈਆਂ। ਇਹ ਗਿਰਾਵਟ ਹੋਰ ਲੋਕਾਂ ਨਾਲੋਂ 6 ਗੁਣਾ ਵੱਧ ਦਰ ਨਾਲ ਹੋਈ।

ਇਹ ਉਹੀ "ਹੈਲਥ ਕੇਅਰ ਫਾਰ ਆਲ" ਯੋਜਨਾ ਸੀ, ਜਿਸਨੂੰ ਗੈਵਿਨ ਨਿਊਸਮ ਨੇ ਵੱਡੇ ਪੱਧਰ 'ਤੇ ਅੱਗੇ ਵਧਾਇਆ ਸੀ ਅਤੇ ਜਿਸ ਤਹਿਤ 2024 ਵਿਚ ਘੱਟ ਆਮਦਨ ਵਾਲੇ ਲੋਕਾਂ ਨੂੰ ਇਮੀਗ੍ਰੇਸ਼ਨ ਸਟੇਟਸ ਤੋਂ ਬਿਨਾਂ ਮੈਡੀ-ਕੈਲ ਕਵਰੇਜ ਦਿੱਤੀ ਗਈ ਸੀ। ਪਰ ਹੁਣ ਨਵੇਂ ਫੈਡਰਲ ਅਤੇ ਰਾਜੀ ਕਦਮਾਂ ਕਾਰਨ ਲੋਕ ਡਰ ਅਤੇ ਅਨਿਸ਼ਚਿਤਤਾ ਵਿਚ ਹਨ।

ਰਿਪੋਰਟ ਅਨੁਸਾਰ ਜਦੋਂ ਇਹ ਖੁਲਾਸਾ ਹੋਇਆ ਕਿ ਟਰੰਪ ਪ੍ਰਸ਼ਾਸਨ ਮੈਡੀ-ਕੈਲ ਮੈਂਬਰਾਂ ਦੀ ਜਾਣਕਾਰੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਨਾਲ ਸਾਂਝੀ ਕਰ ਰਿਹਾ ਹੈ, ਉਸ ਤੋਂ ਬਾਅਦ ਬਹੁਤ ਸਾਰੇ ਪ੍ਰਵਾਸੀਆਂ ਨੇ ਕਵਰੇਜ ਛੱਡਣੀ ਸ਼ੁਰੂ ਕਰ ਦਿੱਤੀ।

ਇਸਦੇ ਨਾਲ ਹੀ ਕੈਲੀਫੋਰਨੀਆ ਨੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਲਈ ਨਵੀਆਂ ਮੈਡੀ-ਕੈਲ ਰਜਿਸਟ੍ਰੇਸ਼ਨਾਂ 'ਤੇ ਰੋਕ ਵੀ ਲਗਾ ਦਿੱਤੀ। ਹੁਣ ਜਿਹੜੇ ਲੋਕ ਕਾਗਜ਼ੀ ਕਾਰਵਾਈ ਜਾਂ ਭੁਗਤਾਨ ਵਿਚ 90 ਦਿਨਾਂ ਤੋਂ ਵੱਧ ਦੇਰੀ ਕਰਦੇ ਹਨ, ਉਹ ਆਪਣੀ ਕਵਰੇਜ ਸਦਾ ਲਈ ਗੁਆ ਸਕਦੇ ਹਨ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਅਗਲੇ ਚਾਰ ਸਾਲਾਂ ਵਿਚ ਲਗਭਗ 13 ਲੱਖ ਪ੍ਰਵਾਸੀਆਂ ਦੀ ਫੁੱਲ-ਸਕੋਪ ਮੈਡੀ-ਕੈਲ ਕਵਰੇਜ ਖਤਮ ਹੋ ਸਕਦੀ ਹੈ। ਇਸ ਨਾਲ ਲੋਕ ਲੰਬੇ ਸਮੇਂ ਦੀਆਂ ਬਿਮਾਰੀਆਂ ਦਾ ਇਲਾਜ ਛੱਡਣ ਜਾਂ ਐਮਰਜੈਂਸੀ ਤੱਕ ਇੰਤਜ਼ਾਰ ਕਰਨ ਲਈ ਮਜਬੂਰ ਹੋ ਸਕਦੇ ਹਨ। ਜੁਲਾਈ 2026 ਤੋਂ ਪ੍ਰਵਾਸੀਆਂ ਲਈ ਡੈਂਟਲ ਫਾਇਦੇ ਵੀ ਖਤਮ ਕੀਤੇ ਜਾ ਰਹੇ ਹਨ। ਇਹ ਕਟੌਤੀ ਨਾ ਸਿਰਫ ਗੈਰ-ਦਸਤਾਵੇਜ਼ੀ ਲੋਕਾਂ ਨੂੰ ਪ੍ਰਭਾਵਿਤ ਕਰੇਗੀ, ਸਗੋਂ ਕੁਝ ਗ੍ਰੀਨ ਕਾਰਡ ਹੋਲਡਰਾਂ ਅਤੇ ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲ (DACA) ਹੇਠ ਰਹਿੰਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰੇਗੀ।



# ਭਾਰਤ-ਅਮਰੀਕਾ ਮੁਲਾਕਾਤ ਦੌਰਾਨ ਇਮੀਗ੍ਰੇਸ਼ਨ ਸੰਬੰਧੀ ਮੁੱਦਾ ਰਿਹਾ ਅਹਿਮ




ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA




ਭਾਰਤ ਅਤੇ ਅਮਰੀਕਾ ਦੇ ਰਿਸ਼ਤਿਆਂ ਨੂੰ ਇੱਕ ਨਵੇਂ ਪੜਾਅ 'ਚ ਲੈ ਜਾਣ ਲਈ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦਾ ਭਾਰਤ ਦੌਰਾ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ। ਇਸ ਦੌਰੇ ਦੌਰਾਨ ਉਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਹੋਰ ਉੱਚ ਪੱਧਰੀ ਆਗੂਆਂ ਨਾਲ ਵਿਸਥਾਰ 'ਚ ਗੱਲਬਾਤ ਕੀਤੀ। ਇਹ ਮੁਲਾਕਾਤਾਂ ਸਿਰਫ ਰਸਮੀ ਨਹੀਂ ਸਨ, ਸਗੋਂ ਅਗਲੇ ਕਈ ਸਾਲਾਂ ਲਈ ਅਮਰੀਕਾ-ਭਾਰਤ ਸੰਬੰਧਾਂ ਦੀ ਦਿਸ਼ਾ ਤੈਅ ਕਰਨ ਵਾਲੀਆਂ ਮੰਨੀਆਂ ਜਾ ਰਹੀਆਂ ਹਨ। ਖਾਸ ਕਰਕੇ ਇਮੀਗ੍ਰੇਸ਼ਨ, ਵਪਾਰ, ਟੈਕਨਾਲੋਜੀ, ਚੀਨ ਦਾ ਵਧਦਾ ਪ੍ਰਭਾਵ, ਇਰਾਨ ਦੀ ਸਥਿਤੀ ਅਤੇ ਗਲੋਬਲ ਸੁਰੱਖਿਆ ਵਰਗੇ ਮੁੱਦੇ ਚਰਚਾ ਦੇ ਕੇਂਦਰ 'ਚ ਰਹੇ।

ਭਾਰਤ ਅਤੇ ਅਮਰੀਕਾ ਵਿਚਾਲੇ ਹੋਈਆਂ ਤਾਜ਼ਾ ਉੱਚ ਪੱਧਰੀ ਗੱਲਬਾਤਾਂ 'ਚ ਇਮੀਗ੍ਰੇਸ਼ਨ ਇੱਕ ਸਭ ਤੋਂ ਸੰਵੇਦਨਸ਼ੀਲ ਅਤੇ ਮਹੱਤਵਪੂਰਨ ਮੁੱਦੇ ਵਜੋਂ ਸਾਹਮਣੇ ਆਇਆ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੇ ਭਾਰਤ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਹੋਰ ਭਾਰਤੀ ਅਧਿਕਾਰੀਆਂ ਨਾਲ ਜਿਹੜੀ ਚਰਚਾ ਹੋਈ, ਉਸ ਵਿਚ ਕਾਨੂੰਨੀ ਇਮੀਗ੍ਰੇਸ਼ਨ, ਵੀਜ਼ਾ ਪ੍ਰਕਿਰਿਆ, ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ, ਐੱਚ-1ਬੀ ਵੀਜ਼ਾ ਪ੍ਰੋਗਰਾਮ, ਗ੍ਰੀਨ ਕਾਰਡ ਬੈਕਲਾਗ ਅਤੇ ਗੈਰਕਾਨੂੰਨੀ ਇਮੀਗ੍ਰੇਸ਼ਨ ਨਾਲ ਜੁੜੇ ਕਈ ਵੱਡੇ ਮੁੱਦੇ ਸ਼ਾਮਲ ਰਹੇ।

ਭਾਰਤੀ ਪੱਖ ਨੇ ਅਮਰੀਕੀ ਪ੍ਰਸ਼ਾਸਨ ਅੱਗੇ ਇਹ ਗੱਲ ਬਹੁਤ ਜ਼ੋਰ ਨਾਲ ਰੱਖੀ ਕਿ ਲੱਖਾਂ ਭਾਰਤੀ ਵਿਦਿਆਰਥੀ, ਇੰਜੀਨੀਅਰ, ਡਾਕਟਰ ਅਤੇ ਆਈ.ਟੀ. ਮਾਹਿਰ ਅਮਰੀਕੀ ਅਰਥਵਿਵਸਥਾ ਵਿਚ ਵੱਡਾ ਯੋਗਦਾਨ ਪਾ ਰਹੇ ਹਨ। ਸਿਲਿਕਾਨ ਵੈਲੀ ਤੋਂ ਲੈ ਕੇ ਅਮਰੀਕੀ ਹਸਪਤਾਲਾਂ ਅਤੇ ਯੂਨੀਵਰਸਿਟੀਆਂ ਤੱਕ ਭਾਰਤੀ ਮੂਲ ਦੇ ਲੋਕ ਅਹਿਮ ਭੂਮਿਕਾ ਨਿਭਾ ਰਹੇ ਹਨ। ਇਸ ਲਈ ਭਾਰਤ ਨੇ ਮੰਗ ਕੀਤੀ ਕਿ ਕਾਨੂੰਨੀ ਰਸਤੇ ਨਾਲ ਅਮਰੀਕਾ ਜਾਣ ਵਾਲੇ ਲੋਕਾਂ ਲਈ ਪ੍ਰਕਿਰਿਆ ਨੂੰ ਬਿਨਾਂ ਲੋੜ ਤੋਂ ਜ਼ਿਆਦਾ ਸਖ਼ਤ ਨਾ ਬਣਾਇਆ ਜਾਵੇ।

ਖਾਸ ਤੌਰ 'ਤੇ ਐੱਚ-1ਬੀ ਵੀਜ਼ਾ ਦਾ ਮਾਮਲਾ ਚਰਚਾ ਦੇ ਕੇਂਦਰ ਵਿਚ ਰਿਹਾ। ਪਿਛਲੇ ਕੁਝ ਸਾਲਾਂ ਦੌਰਾਨ ਐੱਚ-1ਬੀ ਅਰਜ਼ੀਆਂ ਦੀ ਜਾਂਚ ਕਾਫ਼ੀ ਵਧੀ ਹੈ। ਅਮਰੀਕੀ ਪ੍ਰਸ਼ਾਸਨ ਹੁਣ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਕੰਪਨੀਆਂ ਸਸਤੇ ਵਿਦੇਸ਼ੀ ਕਰਮਚਾਰੀਆਂ ਦੀ ਥਾਂ ਸੱਚਮੁੱਚ ਉੱਚ ਹੁਨਰ ਵਾਲੇ ਪ੍ਰੋਫੈਸ਼ਨਲਾਂ ਨੂੰ ਹੀ ਲਿਆ ਰਹੀਆਂ ਹਨ। ਇਸ ਕਾਰਨ ਕਈ ਭਾਰਤੀ ਆਈ.ਟੀ. ਕੰਪਨੀਆਂ ਅਤੇ ਉਮੀਦਵਾਰ ਚਿੰਤਤ ਹਨ। ਭਾਰਤੀ ਅਧਿਕਾਰੀਆਂ ਨੇ ਅਮਰੀਕੀ ਪੱਖ ਨੂੰ ਕਿਹਾ ਕਿ ਐੱਚ-1ਬੀ ਪ੍ਰੋਗਰਾਮ ਨੂੰ ਸਿਰਫ ਸੁਰੱਖਿਆ ਦੇ ਨਜ਼ਰੀਏ ਨਾਲ ਨਾ ਦੇਖਿਆ ਜਾਵੇ, ਕਿਉਂਕਿ ਇਹ ਦੋਵੇਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਨੂੰ ਜੋੜਦਾ ਹੈ।

ਗ੍ਰੀਨ ਕਾਰਡ ਬੈਕਲਾਗ ਦਾ ਮੁੱਦਾ ਵੀ ਬਹੁਤ ਗੰਭੀਰਤਾ ਨਾਲ ਉਠਾਇਆ ਗਿਆ। ਇਸ ਵੇਲੇ ਲੱਖਾਂ ਭਾਰਤੀ ਅਮਰੀਕਾ ਵਿਚ ਦਹਾਕਿਆਂ ਤੋਂ ਉਡੀਕ ਕਰ ਰਹੇ ਹਨ। ਖਾਸ ਕਰਕੇ ਈ.ਬੀ.-2 ਅਤੇ ਈ.ਬੀ.-3 ਕੈਟੇਗਰੀ ਵਿਚ ਕਈ ਪਰਿਵਾਰਾਂ ਨੂੰ 10 ਤੋਂ 20 ਸਾਲ ਤੱਕ ਉਡੀਕ ਕਰਨੀ ਪੈ ਰਹੀ ਹੈ। ਭਾਰਤੀ ਪੱਖ ਨੇ ਦਲੀਲ ਦਿੱਤੀ ਕਿ ਇਹ ਬੈਕਲਾਗ ਹੁਣ ਸਿਰਫ ਪ੍ਰਸ਼ਾਸਕੀ ਸਮੱਸਿਆ ਨਹੀਂ, ਸਗੋਂ ਮਨੁੱਖੀ ਅਤੇ ਆਰਥਿਕ ਮਸਲਾ ਬਣ ਗਿਆ ਹੈ। ਕਈ ਭਾਰਤੀ ਪਰਿਵਾਰਾਂ ਦੇ ਬੱਚੇ "ਏਜ ਆਊਟ" ਹੋ ਰਹੇ ਹਨ, ਜਿਸ ਨਾਲ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਖ਼ਤਰੇ ਵਿਚ ਪੈ ਜਾਂਦੀ ਹੈ। ਇਸ ਮਸਲੇ 'ਤੇ ਅਮਰੀਕੀ ਪੱਖ ਨੇ ਕਿਹਾ ਕਿ ਕਾਂਗਰਸ ਪੱਧਰ 'ਤੇ ਸੁਧਾਰਾਂ ਬਿਨਾਂ ਵੱਡਾ ਬਦਲਾਅ ਆਸਾਨ ਨਹੀਂ, ਪਰ ਚਰਚਾ ਜਾਰੀ ਹੈ।

F-1 ਵਿਦਿਆਰਥੀ ਵੀਜ਼ਾ ਅਤੇ ਓ.ਪੀ.ਟੀ. ਪ੍ਰੋਗਰਾਮ ਨੂੰ ਲੈ ਕੇ ਵੀ ਚਿੰਤਾ ਸਾਹਮਣੇ ਆਈ। ਪਿਛਲੇ ਕੁਝ ਮਹੀਨਿਆਂ ਦੌਰਾਨ ਕਈ ਅਮਰੀਕੀ ਯੂਨੀਵਰਸਿਟੀਆਂ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਵਿਦੇਸ਼ੀ ਵਿਦਿਆਰਥੀਆਂ ਦੀ ਵਧੀ ਹੋਈ ਜਾਂਚ ਸ਼ੁਰੂ ਕੀਤੀ ਹੈ। ਸੋਸ਼ਲ ਮੀਡੀਆ ਐਕਟੀਵਿਟੀ, ਫੰਡਿੰਗ ਦੇ ਸਰੋਤ, ਯੂਨੀਵਰਸਿਟੀ ਹਾਜ਼ਰੀ ਅਤੇ ਰੁਜ਼ਗਾਰ ਰਿਕਾਰਡ ਵਰਗੀਆਂ ਚੀਜ਼ਾਂ ਦੀ ਜਾਂਚ ਵਧ ਰਹੀ ਹੈ। ਭਾਰਤ ਨੇ ਇਹ ਮਸਲਾ ਵੀ ਉਠਾਇਆ ਕਿ ਭਾਰਤੀ ਵਿਦਿਆਰਥੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਨਾ ਦੇਖਿਆ ਜਾਵੇ। ਹਰ ਸਾਲ ਲੱਖਾਂ ਭਾਰਤੀ ਵਿਦਿਆਰਥੀ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਦਾਖਲਾ ਲੈਂਦੇ ਹਨ ਅਤੇ ਉਹ ਅਮਰੀਕੀ ਅਰਥਵਿਵਸਥਾ 'ਚ ਬਿਲੀਅਨ ਡਾਲਰ ਯੋਗਦਾਨ ਪਾਉਂਦੇ ਹਨ।

J-1 ਵੀਜ਼ਾ ਅਤੇ ਰਿਸਰਚ ਪ੍ਰੋਗਰਾਮਾਂ ਨਾਲ ਜੁੜੇ ਮਸਲੇ ਵੀ ਚਰਚਾ ਵਿਚ ਰਹੇ। ਅਮਰੀਕਾ ਹੁਣ ਕੁਝ ਖਾਸ ਖੇਤਰਾਂ, ਜਿਵੇਂ ਆਰਟੀਫੀਸ਼ਲ ਇੰਟੈਲੀਜੈਂਸ, ਸੈਮੀਕੰਡਕਟਰ, ਡਿਫੈਂਸ ਟੈਕਨਾਲੋਜੀ ਅਤੇ ਬਾਇਓਟੈਕ ਵਿਚ ਸੁਰੱਖਿਆ ਕਾਰਨਾਂ ਕਰਕੇ ਹੋਰ ਸਖ਼ਤ ਨਿਗਰਾਨੀ ਰੱਖ ਰਿਹਾ ਹੈ। ਇਸ ਕਾਰਨ ਕੁਝ ਭਾਰਤੀ ਰਿਸਰਚਰਾਂ ਅਤੇ ਵਿਦਿਆਰਥੀਆਂ ਲਈ ਪ੍ਰਕਿਰਿਆ ਹੌਲੀ ਹੋ ਰਹੀ ਹੈ। ਭਾਰਤ ਨੇ ਇਹ ਸਪੱਸ਼ਟ ਕੀਤਾ ਕਿ ਵਿਗਿਆਨਕ ਅਤੇ ਸਿੱਖਿਆਕ ਸਹਿਯੋਗ ਨੂੰ ਰੋਕਣਾ ਦੋਵੇਂ ਦੇਸ਼ਾਂ ਲਈ ਨੁਕਸਾਨਦਾਇਕ ਹੋ ਸਕਦਾ ਹੈ।

ਇੱਕ ਹੋਰ ਵੱਡਾ ਮੁੱਦਾ ਗੈਰਕਾਨੂੰਨੀ ਇਮੀਗ੍ਰੇਸ਼ਨ ਅਤੇ ਡਿਪੋਰਟੇਸ਼ਨ ਦਾ ਸੀ। ਅਮਰੀਕਾ ਨੇ ਭਾਰਤ ਨੂੰ ਕਿਹਾ ਕਿ ਜਿਹੜੇ ਭਾਰਤੀ ਨਾਗਰਿਕ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋ ਰਹੇ ਹਨ ਜਾਂ ਜਿਨ੍ਹਾਂ ਦੇ ਅਸਾਇਲਮ ਕੇਸ ਰੱਦ ਹੋ ਰਹੇ ਹਨ, ਉਨ੍ਹਾਂ ਨੂੰ ਵਾਪਸ ਲੈਣ ਵਿਚ ਭਾਰਤ ਸਹਿਯੋਗ ਕਰੇ। ਪਿਛਲੇ ਕੁਝ ਸਮੇਂ ਵਿਚ ਕਈ ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਗਿਆ ਹੈ, ਜਿਸ ਕਾਰਨ ਪੰਜਾਬ ਅਤੇ ਗੁਜਰਾਤ ਵਰਗੇ ਰਾਜਾਂ ਵਿਚ ਚਿੰਤਾ ਵਧੀ ਹੈ। ਭਾਰਤੀ ਪੱਖ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਅਤੇ ਮਰਿਆਦਾ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਅਤੇ ਡਿਪੋਰਟੇਸ਼ਨ ਕਾਰਵਾਈ ਨੂੰ ਬੇਇੱਜ਼ਤੀ ਵਾਲਾ ਰੂਪ ਨਾ ਦਿੱਤਾ ਜਾਵੇ।

ਚਰਚਾ ਦੌਰਾਨ ਅਮਰੀਕੀ ਪੱਖ ਨੇ ਇਹ ਵੀ ਜ਼ੋਰ ਦਿੱਤਾ ਕਿ ਭਵਿੱਖ ਦੀ ਇਮੀਗ੍ਰੇਸ਼ਨ ਨੀਤੀ "ਸਕਿੱਲ-ਬੇਸਡ" ਹੋਵੇਗੀ। ਅਮਰੀਕਾ ਚਾਹੁੰਦਾ ਹੈ ਕਿ ਉਨ੍ਹਾਂ ਲੋਕਾਂ ਨੂੰ ਤਰਜੀਹ ਦਿੱਤੀ ਜਾਵੇ, ਜਿਹੜੇ ਉੱਚ ਸਿੱਖਿਆ, ਟੈਕਨਾਲੋਜੀ ਅਤੇ ਵਿਸ਼ੇਸ਼ ਹੁਨਰ ਰੱਖਦੇ ਹਨ। ਇਸ ਵਿਚ ਭਾਰਤ ਲਈ ਇੱਕ ਮੌਕਾ ਵੀ ਹੈ ਕਿਉਂਕਿ ਭਾਰਤ ਦੁਨੀਆਂ ਦੇ ਸਭ ਤੋਂ ਵੱਡੇ ਟੈਕਨਾਲੋਜੀ ਅਤੇ ਇੰਜੀਨੀਅਰਿੰਗ ਟੈਲੈਂਟ ਪੂਲਾਂ ਵਿਚੋਂ ਇੱਕ ਹੈ।

ਇਸ ਪੂਰੀ ਗੱਲਬਾਤ ਦਾ ਇੱਕ ਰਾਜਨੀਤਿਕ ਪੱਖ ਵੀ ਹੈ। ਅਮਰੀਕਾ ਵਿਚ ਚੋਣਾਂ ਨੇੜੇ ਆਉਂਦਿਆਂ ਇਮੀਗ੍ਰੇਸ਼ਨ ਇੱਕ ਵੱਡਾ ਚੋਣ ਮੁੱਦਾ ਬਣਿਆ ਹੋਇਆ ਹੈ। ਇਸ ਲਈ ਵਾਸ਼ਿੰਗਟਨ ਇੱਕ ਪਾਸੇ ਕਾਨੂੰਨੀ ਇਮੀਗ੍ਰੇਸ਼ਨ ਨੂੰ ਜਾਰੀ ਰੱਖਣਾ ਚਾਹੁੰਦਾ ਹੈ, ਪਰ ਦੂਜੇ ਪਾਸੇ ਸਖ਼ਤ ਸੁਰੱਖਿਆ ਅਤੇ ਸਰਹੱਦੀ ਨੀਤੀਆਂ ਵੀ ਦਿਖਾਉਣਾ ਚਾਹੁੰਦਾ ਹੈ। ਭਾਰਤ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਅਮਰੀਕੀ ਅੰਦਰੂਨੀ ਰਾਜਨੀਤੀ ਦਾ ਨੁਕਸਾਨ ਕਾਨੂੰਨੀ ਭਾਰਤੀ ਇਮੀਗ੍ਰੈਂਟਾਂ ਨੂੰ ਨਾ ਝੱਲਣਾ ਪਵੇ।

ਭਵਿੱਖ ਵੱਲ ਦੇਖਿਆ ਜਾਵੇ ਤਾਂ ਇਮੀਗ੍ਰੇਸ਼ਨ ਭਾਰਤ-ਅਮਰੀਕਾ ਸੰਬੰਧਾਂ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਸੰਵੇਦਨਸ਼ੀਲ ਮੁੱਦਾ ਬਣਿਆ ਰਹੇਗਾ। ਦੋਵੇਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਹੁਣ ਇੰਨੀ ਗਹਿਰਾਈ ਨਾਲ ਜੁੜ ਚੁੱਕੀਆਂ ਹਨ ਕਿ ਵਿਦਿਆਰਥੀ, ਟੈਕਨਾਲੋਜੀ ਮਾਹਿਰ ਅਤੇ ਕਾਰੋਬਾਰੀ ਇਸ ਰਿਸ਼ਤੇ ਦੀ ਰੀੜ੍ਹ ਦੀ ਹੱਡੀ ਬਣ ਗਏ ਹਨ। ਇਸ ਲਈ ਆਉਣ ਵਾਲੇ ਮਹੀਨਿਆਂ ਵਿਚ ਐੱਚ-1ਬੀ, ਗ੍ਰੀਨ ਕਾਰਡ, ਵਿਦਿਆਰਥੀ ਵੀਜ਼ਾ ਅਤੇ ਇਮੀਗ੍ਰੇਸ਼ਨ ਜਾਂਚ ਨਾਲ ਜੁੜੀਆਂ ਨਵੀਆਂ ਨੀਤੀਆਂ 'ਤੇ ਪੂਰੀ ਦੁਨੀਆਂ ਦੀ ਨਜ਼ਰ ਰਹੇਗੀ।

ਅਮਰੀਕੀ ਪੱਖ ਵੱਲੋਂ ਇਹ ਸੰਦੇਸ਼ ਦਿੱਤਾ ਗਿਆ ਕਿ ਵਾਸ਼ਿੰਗਟਨ ਭਾਰਤ ਨੂੰ ਸਿਰਫ ਇੱਕ ਰਵਾਇਤੀ ਸਾਥੀ ਨਹੀਂ, ਸਗੋਂ 21ਵੀਂ ਸਦੀ ਦਾ ਸਭ ਤੋਂ ਮਹੱਤਵਪੂਰਨ ਰਣਨੀਤਿਕ ਭਾਈਵਾਲ ਮੰਨ ਰਿਹਾ ਹੈ। ਦੋਵੇਂ ਦੇਸ਼ ਚੀਨ ਦੇ ਵਧਦੇ ਪ੍ਰਭਾਵ ਨੂੰ ਧਿਆਨ ਵਿਚ ਰੱਖਦਿਆਂ ਇੰਡੋ-ਪੈਸਿਫਿਕ ਖੇਤਰ ਵਿਚ ਆਪਣੀ ਸਾਂਝ ਹੋਰ ਮਜ਼ਬੂਤ ਕਰਨਾ ਚਾਹੁੰਦੇ ਹਨ। ਇਸ ਲਈ ਰੱਖਿਆ, ਸੈਮੀਕੰਡਕਟਰ, ਆਰਟੀਫੀਸ਼ਲ ਇੰਟੈਲੀਜੈਂਸ, ਸਾਈਬਰ ਸੁਰੱਖਿਆ ਅਤੇ ਸਪੇਸ ਟੈਕਨਾਲੋਜੀ ਵਰਗੇ ਖੇਤਰਾਂ ਵਿਚ ਸਹਿਯੋਗ ਵਧਾਉਣ 'ਤੇ ਗੱਲ ਹੋਈ।

ਇਸ ਦੌਰੇ ਦਾ ਇੱਕ ਵੱਡਾ ਕੇਂਦਰ ਇਮੀਗ੍ਰੇਸ਼ਨ ਅਤੇ ਵੀਜ਼ਾ ਪ੍ਰਣਾਲੀ ਵੀ ਰਹੀ। ਭਾਰਤੀ ਪੱਖ ਵੱਲੋਂ ਅਮਰੀਕਾ 'ਚ ਪੜ੍ਹ ਰਹੇ ਅਤੇ ਕੰਮ ਕਰ ਰਹੇ ਭਾਰਤੀ ਵਿਦਿਆਰਥੀਆਂ ਅਤੇ ਪ੍ਰੋਫੈਸ਼ਨਲਾਂ ਦੀਆਂ ਚਿੰਤਾਵਾਂ ਉਠਾਈਆਂ ਗਈਆਂ। ਖਾਸ ਤੌਰ 'ਤੇ ਐੱਚ-1ਬੀ ਵੀਜ਼ਾ ਬੈਕਲਾਗ, ਗ੍ਰੀਨ ਕਾਰਡ ਦੀ ਲੰਮੀ ਉਡੀਕ, F-1 ਵਿਦਿਆਰਥੀ ਵੀਜ਼ਾ ਦੀ ਜਾਂਚ ਅਤੇ J-1 ਐਕਸਚੇਂਜ ਪ੍ਰੋਗਰਾਮਾਂ ਨਾਲ ਜੁੜੀਆਂ ਸਖ਼ਤੀਆਂ 'ਤੇ ਭਾਰਤ ਨੇ ਆਪਣੀ ਚਿੰਤਾ ਜਤਾਈ। ਪਿਛਲੇ ਕੁਝ ਮਹੀਨਿਆਂ ਦੌਰਾਨ ਅਮਰੀਕੀ ਇਮੀਗ੍ਰੇਸ਼ਨ ਨੀਤੀਆਂ ਵਿਚ ਵਧ ਰਹੀ ਜਾਂਚ ਅਤੇ ਸੁਰੱਖਿਆ ਸਕ੍ਰੀਨਿੰਗ ਕਾਰਨ ਕਈ ਭਾਰਤੀ ਪਰਿਵਾਰ ਚਿੰਤਤ ਹਨ। ਇਸ ਗੱਲਬਾਤ 'ਚ ਭਾਰਤੀ ਅਧਿਕਾਰੀਆਂ ਨੇ ਕਿਹਾ ਕਿ ਭਾਰਤੀ ਟੈਕਨਾਲੋਜੀ ਅਤੇ ਮੈਡੀਕਲ ਖੇਤਰ ਦੇ ਮਾਹਿਰ ਅਮਰੀਕੀ ਅਰਥਵਿਵਸਥਾ ਲਈ ਮਹੱਤਵਪੂਰਨ ਹਨ ਅਤੇ ਉਨ੍ਹਾਂ ਲਈ ਸਥਿਰ ਅਤੇ ਪਾਰਦਰਸ਼ੀ ਇਮੀਗ੍ਰੇਸ਼ਨ ਪ੍ਰਣਾਲੀ ਹੋਣੀ ਚਾਹੀਦੀ ਹੈ।

ਅਮਰੀਕੀ ਪੱਖ ਨੇ ਇਸ਼ਾਰਾ ਦਿੱਤਾ ਕਿ ਵਾਸ਼ਿੰਗਟਨ ਕਾਨੂੰਨੀ ਇਮੀਗ੍ਰੇਸ਼ਨ ਦੇ ਵਿਰੁੱਧ ਨਹੀਂ, ਪਰ ਸਿਸਟਮ ਨੂੰ ਹੋਰ ਸਖ਼ਤ ਅਤੇ "ਮੇਰਿਟ ਬੇਸਡ" ਬਣਾਉਣ ਵੱਲ ਵਧ ਰਿਹਾ ਹੈ। ਅਮਰੀਕਾ ਨੇ ਇਹ ਵੀ ਕਿਹਾ ਕਿ ਗੈਰਕਾਨੂੰਨੀ ਇਮੀਗ੍ਰੇਸ਼ਨ ਅਤੇ ਵੀਜ਼ਾ ਦੇ ਗਲਤ ਇਸਤੇਮਾਲ ਨੂੰ ਰੋਕਣ ਲਈ ਨਵੀਆਂ ਜਾਂਚ ਪ੍ਰਕਿਰਿਆਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਜੁੜੀਆਂ ਕਈ ਨਵੀਆਂ ਪਾਬੰਦੀਆਂ ਅਤੇ ਡਾਕੂਮੈਂਟ ਵੈਰੀਫਿਕੇਸ਼ਨ ਦੀਆਂ ਗੱਲਾਂ ਵੀ ਚਰਚਾ ਵਿਚ ਰਹੀਆਂ। ਹਾਲਾਂਕਿ ਭਾਰਤ ਨੇ ਸਾਫ ਕੀਤਾ ਕਿ ਕਾਨੂੰਨੀ ਰਸਤੇ ਨਾਲ ਅਮਰੀਕਾ ਜਾਣ ਵਾਲੇ ਵਿਦਿਆਰਥੀਆਂ ਅਤੇ ਪ੍ਰੋਫੈਸ਼ਨਲਾਂ ਨੂੰ ਬਿਨਾਂ ਲੋੜ ਦੇ ਮੁਸ਼ਕਲਾਂ ਨਹੀਂ ਆਉਣੀਆਂ ਚਾਹੀਦੀਆਂ।

ਦੋਵੇਂ ਦੇਸ਼ਾਂ ਵਿਚਕਾਰ ਵਪਾਰਕ ਸਬੰਧ ਵੀ ਵੱਡੇ ਚਰਚਾ ਦੇ ਵਿਸ਼ੇ ਰਹੇ। ਅਮਰੀਕਾ ਅਤੇ ਭਾਰਤ "ਮਿਸ਼ਨ 500" ਦੇ ਤਹਿਤ 2030 ਤੱਕ ਦੋਪੱਖੀ ਵਪਾਰ ਨੂੰ 500 ਬਿਲੀਅਨ ਡਾਲਰ ਤੱਕ ਲਿਜਾਣ ਦੀ ਯੋਜਨਾ 'ਤੇ ਕੰਮ ਕਰ ਰਹੇ ਹਨ। ਇਸ ਦੌਰਾਨ ਟੈਰਿਫ, ਮੈਨੂਫੈਕਚਰਿੰਗ, ਡਿਜ਼ੀਟਲ ਟ੍ਰੇਡ ਅਤੇ ਊਰਜਾ ਸਹਿਯੋਗ 'ਤੇ ਵੀ ਗੱਲਬਾਤ ਹੋਈ। ਅਮਰੀਕਾ ਚਾਹੁੰਦਾ ਹੈ ਕਿ ਭਾਰਤ ਹੋਰ ਅਮਰੀਕੀ ਊਰਜਾ ਖਰੀਦੇ, ਜਦਕਿ ਭਾਰਤ ਆਪਣੇ ਮੈਨੂਫੈਕਚਰਿੰਗ ਅਤੇ ਟੈਕਨਾਲੋਜੀ ਸੈਕਟਰ ਲਈ ਵਧੇਰੇ ਨਿਵੇਸ਼ ਚਾਹੁੰਦਾ ਹੈ।

ਇਰਾਨ ਦਾ ਮੁੱਦਾ ਵੀ ਗੱਲਬਾਤ ਦਾ ਇੱਕ ਅਹਿਮ ਹਿੱਸਾ ਬਣਿਆ। ਮੱਧ ਪੂਰਬ ਵਿਚ ਵਧ ਰਹੇ ਤਣਾਅ ਅਤੇ ਤੇਲ ਦੀਆਂ ਕੀਮਤਾਂ ਦੇ ਮਸਲੇ 'ਤੇ ਦੋਵੇਂ ਪੱਖਾਂ ਨੇ ਵਿਚਾਰ ਸਾਂਝੇ ਕੀਤੇ। ਅਮਰੀਕੀ ਵਿਦੇਸ਼ ਮੰਤਰੀ ਨੇ ਭਾਰਤ ਨੂੰ ਭਰੋਸਾ ਦਿੱਤਾ ਕਿ ਅਮਰੀਕਾ ਨਹੀਂ ਚਾਹੁੰਦਾ ਕਿ ਇਰਾਨ ਗਲੋਬਲ ਐਨਰਜੀ ਮਾਰਕੀਟ ਨੂੰ ਪ੍ਰਭਾਵਿਤ ਕਰੇ। ਭਾਰਤ ਲਈ ਇਹ ਮੁੱਦਾ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਭਾਰਤ ਆਪਣੀ ਵੱਡੀ ਤੇਲ ਦੀ ਲੋੜ ਵਿਦੇਸ਼ਾਂ ਤੋਂ ਪੂਰੀ ਕਰਦਾ ਹੈ। ਇਸ ਦੌਰਾਨ ਅਮਰੀਕਾ ਨੇ ਭਾਰਤ ਨੂੰ ਅਮਰੀਕੀ ਊਰਜਾ ਉਤਪਾਦਾਂ ਦੇ ਵਧੇਰੇ ਇਸਤੇਮਾਲ ਦਾ ਸੁਝਾਅ ਵੀ ਦਿੱਤਾ।

ਇਸ ਪੂਰੇ ਦੌਰੇ ਦੌਰਾਨ ਇੱਕ ਹੋਰ ਵੱਡੀ ਗੱਲ ਇਹ ਰਹੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਵ੍ਹਾਈਟ ਹਾਊਸ ਆਉਣ ਦਾ ਸੱਦਾ ਦਿੱਤਾ ਗਿਆ। ਇਹ ਸੱਦਾ ਸਿਰਫ ਰਸਮੀ ਨਹੀਂ ਮੰਨਿਆ ਜਾ ਰਿਹਾ, ਸਗੋਂ ਇਸਨੂੰ ਦੋਵੇਂ ਆਗੂਆਂ ਦੇ ਨਿੱਜੀ ਅਤੇ ਰਾਜਨੀਤਿਕ ਸਬੰਧਾਂ ਦੀ ਮਜ਼ਬੂਤੀ ਵਜੋਂ ਵੇਖਿਆ ਜਾ ਰਿਹਾ ਹੈ। ਖ਼ਬਰਾਂ ਅਨੁਸਾਰ ਦੋਵੇਂ ਆਗੂਆਂ ਵਿਚਕਾਰ ਟੈਲੀਫੋਨ 'ਤੇ ਵੀ ਵਿਸਥਾਰ ਨਾਲ ਗੱਲਬਾਤ ਹੋਈ, ਜਿਸ ਵਿਚ ਇਰਾਨ, ਇੰਡੋ-ਪੈਸਿਫਿਕ, ਵਪਾਰ ਅਤੇ ਸੁਰੱਖਿਆ ਮਾਮਲੇ ਸ਼ਾਮਲ ਰਹੇ।

ਇਸ ਤੋਂ ਇਲਾਵਾ ਅਮਰੀਕਾ ਦੇ 250ਵੇਂ ਸਥਾਪਨਾ ਦਿਵਸ ਨੂੰ ਲੈ ਕੇ ਵੀ ਦੋਵੇਂ ਦੇਸ਼ਾਂ ਵਿਚ ਪ੍ਰਤੀਕਾਤਮਕ ਅਤੇ ਰਣਨੀਤਿਕ ਗੱਲਬਾਤ ਹੋਈ। ਅਮਰੀਕਾ 2026 ਵਿਚ ਆਪਣੀ ਆਜ਼ਾਦੀ ਦੇ 250 ਸਾਲ ਪੂਰੇ ਕਰ ਰਿਹਾ ਹੈ ਅਤੇ ਇਸ ਮੌਕੇ ਨੂੰ ਅਮਰੀਕੀ ਪ੍ਰਸ਼ਾਸਨ ਦੁਨੀਆਂ ਭਰ ਦੇ ਆਪਣੇ ਭਾਈਵਾਲਾਂ ਨਾਲ ਨਵੇਂ ਸਬੰਧ ਮਜ਼ਬੂਤ ਕਰਨ ਦੇ ਤੌਰ 'ਤੇ ਦੇਖ ਰਿਹਾ ਹੈ। ਭਾਰਤ ਨੂੰ ਇਸ ਜਸ਼ਨ ਵਿਚ ਇੱਕ ਖਾਸ ਸਾਥੀ ਵਜੋਂ ਦੇਖਿਆ ਜਾ ਰਿਹਾ ਹੈ ਕਿਉਂਕਿ ਦੋਵੇਂ ਦੇਸ਼ ਆਪਣੇ ਆਪ ਨੂੰ ਦੁਨੀਆਂ ਦੀਆਂ ਵੱਡੀਆਂ ਲੋਕਤੰਤਰਿਕ ਤਾਕਤਾਂ ਵਜੋਂ ਪੇਸ਼ ਕਰ ਰਹੇ ਹਨ।

ਭਵਿੱਖ ਵੱਲ ਵੇਖਿਆ ਜਾਵੇ ਤਾਂ ਭਾਰਤ ਅਤੇ ਅਮਰੀਕਾ ਦੇ ਰਿਸ਼ਤੇ ਹੋਰ ਡੂੰਘੇ ਹੋਣ ਦੇ ਸੰਕੇਤ ਮਿਲ ਰਹੇ ਹਨ। ਇਮੀਗ੍ਰੇਸ਼ਨ ਦੇ ਮਸਲੇ ਅਜੇ ਵੀ ਚੁਣੌਤੀ ਬਣੇ ਰਹਿਣਗੇ, ਖਾਸ ਕਰਕੇ ਗ੍ਰੀਨ ਕਾਰਡ ਬੈਕਲਾਗ ਅਤੇ ਵੀਜ਼ਾ ਜਾਂਚ ਨੂੰ ਲੈ ਕੇ। ਪਰ ਦੋਵੇਂ ਦੇਸ਼ ਇਹ ਵੀ ਸਮਝਦੇ ਹਨ ਕਿ ਟੈਕਨਾਲੋਜੀ, ਸਿੱਖਿਆ, ਸਿਹਤ ਅਤੇ ਰੱਖਿਆ ਖੇਤਰਾਂ ਵਿਚ ਇਕ-ਦੂਜੇ ਤੋਂ ਬਿਨਾਂ ਅੱਗੇ ਵਧਣਾ ਆਸਾਨ ਨਹੀਂ। ਇਸ ਲਈ ਆਉਣ ਵਾਲੇ ਸਮੇਂ ਵਿਚ ਹੋਰ ਵੱਡੇ ਸਮਝੌਤੇ, ਨਿਵੇਸ਼ ਅਤੇ ਰਣਨੀਤਿਕ ਸਾਂਝ ਦੇਖਣ ਨੂੰ ਮਿਲ ਸਕਦੀ ਹੈ।

ਭਾਰਤੀ ਭਾਈਚਾਰੇ ਲਈ ਇਹ ਦੌਰਾ ਇਸ ਲਈ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ ਕਿਉਂਕਿ ਅਮਰੀਕਾ ਵਿਚ ਰਹਿੰਦੇ ਲੱਖਾਂ ਭਾਰਤੀ ਵਿਦਿਆਰਥੀ, ਆਈ.ਟੀ. ਪ੍ਰੋਫੈਸ਼ਨਲ ਅਤੇ ਕਾਰੋਬਾਰੀ ਇਨ੍ਹਾਂ ਨੀਤੀਆਂ ਨਾਲ ਸਿੱਧੇ ਤੌਰ 'ਤੇ ਪ੍ਰਭਾਵਿਤ ਹੁੰਦੇ ਹਨ। ਹੁਣ ਸਭ ਦੀ ਨਜ਼ਰ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਆਉਣ ਵਾਲੇ ਮਹੀਨਿਆਂ 'ਚ ਅਮਰੀਕਾ ਇਮੀਗ੍ਰੇਸ਼ਨ ਨੀਤੀਆਂ ਵਿਚ ਕੋਈ ਵੱਡੀ ਰਾਹਤ ਦਿੰਦਾ ਹੈ ਜਾਂ ਹੋਰ ਸਖ਼ਤੀ ਵੱਲ ਵਧਦਾ ਹੈ।

# ਸਿਆਸਤ ਦੀ ਲਾਡਲੀ ਜਾਂ ਸਿਰਫ਼ ਵੋਟ ਬੈਂਕ

ਔਰਤਾਂ ਨੂੰ ਅਸਲ ਤਾਕਤ ਅਤੇ ਆਤਮ-ਨਿਰਭਰਤਾ ਦੇਣ ਦੀ ਬਜਾਏ, ਉਨ੍ਹਾਂ ਨੂੰ ਵੱਖ-ਵੱਖ ਸਹਾਰਿਆਂ ਅਤੇ ਆਸਰਿਆਂ ’ਤੇ ਨਿਰਭਰ ਬਣਾਈ ਰੱਖਣ ਦੀ ਪ੍ਰਵਿਰਤੀ ਭਾਰਤ ਦੀਆਂ ਸਿਆਸੀ ਪਾਰਟੀਆਂ ਨੇ ਜਿਵੇਂ ਤਨੋਂ-ਮਨੋਂ ਅਪਣਾ ਲਈ ਹੈ। ਇਹ ਮਹਿਜ਼ ਇੱਕ ਸੰਜੋਗ ਹੀ ਨਹੀਂ ਹੈ ਕਿ ਜਦੋਂ ਵੀ ਚੋਣਾਂ ਦਾ ਮੌਸਮ ਆਉਂਦਾ ਹੈ, ਤਾਂ ਔਰਤਾਂ ਦੇ ਕਲਿਆਣ ਦੀਆਂ ਯੋਜਨਾਵਾਂ ਨੂੰ ਲੈ ਕੇ ਸਿਆਸੀ ਪਾਰਟੀਆਂ ਵਿਚ ਇੱਕ ਅਨੋਖੀ ਹੋੜ ਜਿਹੀ ਲੱਗ ਜਾਂਦੀ ਹੈ। ਹਰ ਕੋਈ ਔਰਤਾਂ ਨੂੰ ਵੱਖ-ਵੱਖ ਸਹੂਲਤਾਂ ਦਾ ਐਲਾਨ ਹੀ ਨਹੀਂ ਕਰ ਰਿਹਾ, ਸਗੋਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦਾ ਦਾਅਵਾ ਵੀ ਕਰ ਰਿਹਾ ਹੈ, ਤਾਂ ਜੋ ਉਨ੍ਹਾਂ ਦਾ ਅੱਧੀ ਆਬਾਦੀ ਵਾਲਾ ਵੋਟ ਬੈਂਕ ਪੂਰੀ ਤਰ੍ਹਾਂ ਪੱਕਾ ਹੋ ਸਕੇ।



> ਭਾਰਤ ਦੀ ਮੌਜੂਦਾ ਰਾਜਨੀਤੀ ਵਿਚ ਔਰਤ ਇਸ ਕਰਕੇ ‘ਲਾਡਲੀ’ ਜਾਂ ਪਿਆਰੀ ਨਹੀਂ ਬਣੀ ਕਿ ਸਿਆਸਤਦਾਨਾਂ ਦੇ ਦਿਲਾਂ ਵਿਚ ਉਨ੍ਹਾਂ ਲਈ ਕੋਈ ਸੱਚਾ ਸਤਿਕਾਰ ਹੈ ਜਾਂ ਉਨ੍ਹਾਂ ਦੇ ਪਿਛੜੇਪਣ ਨੂੰ ਲੈ ਕੇ ਕੋਈ ਅਸਲ ਦਰਦ ਹੈ।

ਭਾਜਪਾ ਹੋਵੇ ਜਾਂ ਕਾਂਗਰਸ, ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਹੋਵੇ ਜਾਂ ਆਮ ਆਦਮੀ ਪਾਰਟੀ -ਇਸ ਸਿਆਸੀ ਖੇਡ ਵਿਚ ਸਾਰੇ ਹੀ ਆਪਣੀ ਪੂਰੀ ਤਾਕਤ ਲਗਾ ਰਹੇ ਹਨ। ਚੋਣਾਂ ਤੋਂ ਠੀਕ ਪਹਿਲਾਂ ਜਾਂ ਬਾਅਦ ਵਿਚ, ਇੱਕ ਨਿਸ਼ਚਿਤ ਨਗਦ ਰਾਸ਼ੀ ਸਿੱਧੀ ਔਰਤਾਂ ਦੇ ਬੈਂਕ ਖ਼ਾਤਿਆਂ ਵਿਚ ਟਰਾਂਸਫਰ ਕਰ ਦਿੱਤੀ ਜਾਂਦੀ ਹੈ ਅਤੇ ਸਰਕਾਰੀ ਬੱਸਾਂ ਵਿਚ ਯਾਤਰਾ ਉਨ੍ਹਾਂ ਲਈ ਪੂਰੀ ਤਰ੍ਹਾਂ ਮੁਫ਼ਤ ਹੋ ਜਾਂਦੀ ਹੈ। ਅਸਲ ਵਿਚ, ਮੁਫ਼ਤ ਦੀਆਂ ਰਿਉੜੀਆਂ ਵੰਡਣ ਦੀ ਇਹ ਪ੍ਰਥਾ ਭਾਰਤੀ ਲੋਕਤੰਤਰ ਦਾ ਇੱਕ ਅਹਿਮ ਅਤੇ ਚਿੰਤਾਜਨਕ ਹਿੱਸਾ ਬਣ ਚੁੱਕੀ ਹੈ। ਭਾਰਤੀ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਵੀ ਮੁਫ਼ਤ ਤੋਹਫ਼ੇ ਪ੍ਰਦਾਨ ਕਰਨ ਦੀ ਇਸ ਸੰਸਕ੍ਰਿਤੀ ਨੂੰ ਲੈ ਕੇ ਕਈ ਵਾਰ ਡੂੰਘੀ ਚਿੰਤਾ ਪ੍ਰਗਟ ਕਰ ਚੁੱਕੇ ਹਨ, ਪਰ ਸਿਆਸੀ ਲਾਹੇ ਅੱਗੇ ਇਹ ਚਿੰਤਾਵਾਂ ਬੇਅਸਰ ਦਿਖਾਈ ਦਿੰਦੀਆਂ ਹਨ।

ਆਰਥਿਕ ਮਾਹਰਾਂ ਦਾ ਸਪੱਸ਼ਟ ਕਹਿਣਾ ਹੈ ਕਿ ਔਰਤਾਂ ਦੇ ਕਲਿਆਣ ਦੇ ਨਾਂ ’ਤੇ ਸ਼ੁਰੂ ਕੀਤੀ ਗਈ ਇਸ ਸਿਆਸੀ ਹੋੜ ਕਾਰਨ ਕਈ ਸੂਬੇ ਕਰਜ਼ੇ ਦੇ ਭਾਰੀ ਦਲਦਲ ਵਿਚ ਧਸਦੇ ਜਾ ਰਹੇ ਹਨ। ਵਿੱਤੀ ਅਨੁਸ਼ਾਸਨ, ਜੋ ਕਿਸੇ ਵੀ ਸੂਬੇ ਜਾਂ ਦੇਸ਼ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਰੀੜ੍ਹ ਦੀ ਹੱਡੀ ਵਾਂਗ ਹੁੰਦਾ ਹੈ, ਉਹ ਪੂਰੀ ਤਰ੍ਹਾਂ ਚਰਮਰਾ ਚੁੱਕਾ ਹੈ। ਹਾਲ ਹੀ ਵਿਚ ਹੋਏ ਕੁਝ ਆਰਥਿਕ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਔਰਤਾਂ ਨੂੰ 1,000 ਰੁਪਏ ਤੋਂ ਲੈ ਕੇ 2,500 ਰੁਪਏ ਤੱਕ ਮਹੀਨਾਵਾਰ ਦੇਣ ਵਾਲੀਆਂ ਇਨ੍ਹਾਂ ਸਕੀਮਾਂ ਨੇ ਸੂਬਿਆਂ ਦੇ ਵਿੱਤੀ ਖੇਤਰ ਵਿਚ ਇੱਕ ਤਰ੍ਹਾਂ ਦੀ ਸੁਨਾਮੀ ਲਿਆਂਦੀ ਹੈ। ਇਸ ਨਾਲ ਮੱਧ ਪ੍ਰਦੇਸ਼, ਪੰਜਾਬ, ਛੱਤੀਸਗੜ੍ਹ, ਮਹਾਰਾਸ਼ਟਰ, ਕਰਨਾਟਕ, ਤਾਮਿਲਨਾਡੂ, ਉੜੀਸਾ, ਪੱਛਮੀ ਬੰਗਾਲ, ਦਿੱਲੀ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਦਾ ਬਜਟ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

ਮੱਧ ਪ੍ਰਦੇਸ਼ ਦੀ ਬੇਹੱਦ ਚਰਚਿਤ ‘ਲਾਡਲੀ ਬਹਿਨਾ ਯੋਜਨਾ’ ਤਹਿਤ ਯੋਗ ਔਰਤਾਂ ਨੂੰ ਹਰ ਮਹੀਨੇ 1,000 ਰੁਪਏ (ਹੁਣ ਵਧਾਈ ਹੋਈ ਰਾਸ਼ੀ) ਦੇਣ ਨਾਲ ਸੂਬਾ ਸਰਕਾਰ ’ਤੇ ਸਾਲਾਨਾ ਲਗਭਗ 12,000 ਕਰੋੜ ਰੁਪਏ ਦਾ ਸਿੱਧਾ ਵਿੱਤੀ ਬੋਝ ਪੈ ਰਿਹਾ ਹੈ।

ਮਹਾਰਾਸ਼ਟਰ ਵਿਚ ਸ਼ੁਰੂ ਕੀਤੀ ਗਈ ਇਸੇ ਤਰ੍ਹਾਂ ਦੀ ਯੋਜਨਾ ’ਤੇ ਸੂਬੇ ਦੇ ਖ਼ਜ਼ਾਨੇ ਵਿਚੋਂ ਲਗਭਗ 46,000 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ, ਜਿਸ ਨਾਲ ਰਾਜ ਦੇ ਹੋਰ ਵਿਕਾਸ ਕਾਰਜ ਪ੍ਰਭਾਵਿਤ ਹੋ ਰਹੇ ਹਨ।

ਪੱਛਮੀ ਬੰਗਾਲ ਦੀ ‘ਅੰਨਪੂਰਨਾ ਭੰਡਾਰ’ ਯੋਜਨਾ ਲਈ 79,000 ਕਰੋੜ ਰੁਪਏ, ਬੇਰੁਜ਼ਗਾਰੀ ਭੱਤੇ ਲਈ 30,000 ਕਰੋੜ ਰੁਪਏ ਅਤੇ ਮਹਿੰਗਾਈ ਭੱਤੇ (ਡੀ.ਏ.) ਦੇ ਬਕਾਏ ਲਈ 62,000 ਕਰੋੜ ਰੁਪਏ ਦਾ ਪ੍ਰਬੰਧ ਹੈ। ਜੇਕਰ ਇਨ੍ਹਾਂ ਤਿੰਨਾਂ ਨੂੰ ਮਿਲਾ ਦਿੱਤਾ ਜਾਵੇ, ਤਾਂ ਇਹ ਰਾਸ਼ੀ 1,71,000 ਕਰੋੜ ਰੁਪਏ ਵਰਗੀ ਭਾਰੀ-ਭਰਕਮ ਰਕਮ ਬਣਦੀ ਹੈ।

ਸਵਾਲ ਇਹ ਉੱਠਦਾ ਹੈ ਕਿ ਕੀ ਇਹ ਰਿਆਇਤਾਂ ਅਤੇ ਮੁਫ਼ਤ ਯੋਜਨਾਵਾਂ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਸੂਬਿਆਂ ਵਿਚ ਇੱਕ ਗੰਭੀਰ ਵਿੱਤੀ ਐਮਰਜੈਂਸੀ ਵਰਗੀ ਸਥਿਤੀ ਪੈਦਾ ਨਹੀਂ ਕਰ ਦੇਣਗੀਆਂ? ਵੋਟਾਂ ਨੂੰ ਬਟੋਰਨ ਦੀ ਕਾਹਲ ਵਿਚ ਸੂਬਿਆਂ ਦੀ ਲੰਮੇ ਸਮੇਂ ਦੀ ਆਰਥਿਕ ਸਿਹਤ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਜਾ ਰਹੀ ਹੈ। ਸਿਆਸੀ ਲਾਭ ਲਈ ਬਣਾਈਆਂ ਗਈਆਂ ਇਹ ਯੋਜਨਾਵਾਂ ਸਮਾਜ ਅਤੇ ਸਰਕਾਰੀ ਤੰਤਰ ਵਿਚ ਇਸ ਕਦਰ ਆਪਣੀਆਂ ਜੜ੍ਹਾਂ ਜਮਾ ਲੈਂਦੀਆਂ ਹਨ ਕਿ ਬਾਅਦ ਵਿਚ ਕਿਸੇ ਵੀ ਸਰਕਾਰ ਲਈ ਇਨ੍ਹਾਂ ਨੂੰ ਵਾਪਸ ਲੈਣਾ ਜਾਂ ਬੰਦ ਕਰਨਾ ਸਿਆਸੀ ਤੌਰ ’ਤੇ ਲਗਭਗ ਅਸੰਭਵ ਹੋ ਜਾਂਦਾ ਹੈ।

ਉਦਾਹਰਨ ਲਈ, ਪੰਜਾਬ ਵਿਚ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਅਤੇ ਆਮ ਜਨਤਾ ਲਈ 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਕੀ ਕਦੇ ਕੋਈ ਸਰਕਾਰ ਬੰਦ ਕਰਨ ਦੀ ਹਿੰਮਤ ਕਰ ਸਕੇਗੀ? ਜਵਾਬ ਹੈ- ਬਿਲਕੁਲ ਨਹੀਂ, ਕਿਉਂਕਿ ਅਜਿਹਾ ਕਰਨਾ ਕਿਸੇ ਵੀ ਪਾਰਟੀ ਲਈ ਸਿਆਸੀ ਖ਼ੁਦਕੁਸ਼ੀ ਵਰਗਾ ਹੋਵੇਗਾ।

ਭਾਰਤ ਦੀ ਮੌਜੂਦਾ ਰਾਜਨੀਤੀ ਵਿਚ ਔਰਤ ਇਸ ਕਰਕੇ ‘ਲਾਡਲੀ’ ਜਾਂ ਪਿਆਰੀ ਨਹੀਂ ਬਣੀ ਕਿ ਸਿਆਸਤਦਾਨਾਂ ਦੇ ਦਿਲਾਂ ਵਿਚ ਉਨ੍ਹਾਂ ਲਈ ਕੋਈ ਸੱਚਾ ਸਤਿਕਾਰ ਹੈ ਜਾਂ ਉਨ੍ਹਾਂ ਦੇ ਪਿਛੜੇਪਣ ਨੂੰ ਲੈ ਕੇ ਕੋਈ ਅਸਲ ਦਰਦ ਹੈ। ਇਸਦੇ ਪਿੱਛੇ ਦਾ ਸਿੱਧਾ ਅਤੇ ਕੜਵਾ ਸੱਚ ਇਹ ਹੈ ਕਿ ਪਾਰਟੀਆਂ ਨੂੰ ਚੋਣਾਂ ਜਿੱਤਣ ਲਈ ਔਰਤਾਂ ਦਾ ਇੱਕਮੁਸ਼ਤ ਅਤੇ ਵਫ਼ਾਦਾਰ ਵੋਟ ਬੈਂਕ ਚਾਹੀਦਾ ਹੈ।

ਭਾਰਤੀ ਜਨਤਾ ਪਾਰਟੀ ਨੇ ਪਿਛਲੇ ਪਾਰਲੀਮੈਂਟ ਸੈਸ਼ਨ ਵਿਚ ਮਹਿਲਾ ਕਾਰਡ ਖੇਡਦੇ ਹੋਏ ਇੱਕ ਵੱਡਾ ਦਾਅ ਚੱਲਿਆ। ਪਹਿਲਾਂ ਹੀ ਸਿਧਾਂਤਕ ਰੂਪ ਵਿਚ ਪਾਸ ਕੀਤੇ ਜਾ ਚੁੱਕੇ 33% ਮਹਿਲਾ ਰਾਖਵਾਂਕਰਨ ਐਕਟ ’ਤੇ ਕੁਝ ਤਕਨੀਕੀ ਸੋਧਾਂ ਦਾ ਬਹਾਨਾ ਬਣਾ ਕੇ, ਪੱਛਮੀ ਬੰਗਾਲ, ਕੇਰਲ ਅਤੇ ਹੋਰ ਰਾਜਾਂ ਦੀਆਂ ਆਉਣ ਵਾਲੀਆਂ ਚੋਣਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਬਿੱਲ ਨੂੰ ਦੁਬਾਰਾ ਸੰਸਦ ਵਿਚ ਚਰਚਾ ਦੇ ਕੇਂਦਰ ਵਿਚ ਲਿਆਂਦਾ ਗਿਆ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਸਭ ਮਹਿਲਾ ਵੋਟਰਾਂ ਨੂੰ ਇਹ ਸੰਦੇਸ਼ ਦੇਣ ਲਈ ਕੀਤਾ ਗਿਆ ਕਿ ਸਿਰਫ਼ ਮੌਜੂਦਾ ਸਰਕਾਰ ਹੀ ਉਨ੍ਹਾਂ ਦੀ ਸੱਚੀ ਹਿਤੈਸ਼ੀ ਹੈ। ਕੀ ਇਹ ਨੀਤੀ ਇੱਕ ਸਿਆਸੀ ਵਿਅੰਗ




ਗੁਰਮੀਤ ਸਿੰਘ ਪਲਾਹੀ

# ਮੋਬਾਈਲ : 98158-02070

ਪੰਜਾਬ ਮੇਲ USA


ਵਰਗੀ ਨਹੀਂ ਲੱਗਦੀ?

ਜੇਕਰ ਅਸੀਂ ਇਤਿਹਾਸ ਵਿਚ ਜਾਈਏ ਕਿ ਔਰਤਾਂ ਅਚਾਨਕ ਰਾਜਨੀਤੀ ਦੀਆਂ ਇੰਨੀਆਂ ਲਾਡਲੀਆਂ ਕਦੋਂ ਤੋਂ ਬਣ ਗਈਆਂ, ਤਾਂ ਇਸਦਾ ਉੱਤਰ ਨਵੰਬਰ 2023 ਦੀਆਂ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਮਿਲਦਾ ਹੈ। ਚੋਣਾਂ ਤੋਂ ਠੀਕ ਪਹਿਲਾਂ ਸੱਤਾ ਵਿਰੋਧੀ ਲਹਿਰ ਤੋਂ ਘਬਰਾਈ ਤਤਕਾਲੀ ਸ਼ਿਵਰਾਜ ਸਿੰਘ ਚੌਹਾਨ ਦੀ ਸਰਕਾਰ ਨੇ ‘ਲਾਡਲੀ ਬਹਿਨਾ ਯੋਜਨਾ’ ਦਾ ਦਾਅ ਖੇਡਿਆ। ਇਸ ਤਹਿਤ 21 ਤੋਂ 60 ਸਾਲ ਦੀਆਂ ਔਰਤਾਂ ਦੇ ਖਾਤੇ ਵਿਚ ਸਿੱਧੇ ਪੈਸੇ ਟਰਾਂਸਫਰ ਕੀਤੇ ਗਏ। ਨਤੀਜਾ ਇਹ ਹੋਇਆ ਕਿ ਤਮਾਮ ਅੰਦਾਜ਼ਿਆਂ ਨੂੰ ਦਰਕਿਨਾਰ ਕਰਦੇ ਹੋਏ ਭਾਜਪਾ ਨੇ 230 ਵਿਚੋਂ 163 ਸੀਟਾਂ ਜਿੱਤ ਕੇ ਹੂੰਝਾਫੇਰ ਬਹੁਮਤ ਹਾਸਲ ਕੀਤਾ। ਇਸ ਜਿੱਤ ਨੂੰ ਪੂਰੀ ਤਰ੍ਹਾਂ ‘ਮਹਿਲਾ ਵੋਟਰਾਂ ਦਾ ਚਮਤਕਾਰ’ ਮੰਨਿਆ ਗਿਆ।

ਇਸ ਸਬੰਧ ਵਿਚ ਭਾਰਤੀ ਸਟੇਟ ਬੈਂਕ ਦੀ ਇੱਕ ਰਿਸਰਚ ਰਿਪੋਰਟ ਬੇਹੱਦ ਚੌਂਕਾਉਣ ਵਾਲੇ ਤੱਥ ਸਾਹਮਣੇ ਲਿਆਉਂਦੀ ਹੈ। ਰਿਪੋਰਟ ਅਨੁਸਾਰ, ਮੱਧ ਪ੍ਰਦੇਸ਼ ਦੇ ਜਿਨ੍ਹਾਂ ਜ਼ਿਲ੍ਹਿਆਂ ਵਿਚ ‘ਲਾਡਲੀ ਬਹਿਨਾ ਯੋਜਨਾ’ ਦੇ ਲਾਭਪਾਤਰੀਆਂ ਦੀ ਸੰਖਿਆ ਵਿਚ ਮਹਿਜ਼ 1% ਦਾ ਵਾਧਾ ਦੇਖਿਆ ਗਿਆ, ਉੱਥੇ ਸੱਤਾਧਾਰੀ ਦਲ ਦੇ ਵੋਟ ਸ਼ੇਅਰ ਅਤੇ ਸਫ਼ਲਤਾ ਦਰ ਵਿਚ 0.36% ਦਾ ਸਿੱਧਾ ਉਛਾਲ ਦਰਜ ਕੀਤਾ ਗਿਆ। ਇਸ ਯੋਜਨਾ ਨੇ ਔਰਤਾਂ ਨੂੰ ਨਾ ਸਿਰਫ਼ ਆਰਥਿਕ ਤੌਰ ’ਤੇ ਪ੍ਰਭਾਵਿਤ ਕੀਤਾ, ਸਗੋਂ ਉਨ੍ਹਾਂ ਨੂੰ ਆਪਣੇ ਘਰਾਂ ਤੋਂ ਬਾਹਰ ਨਿਕਲ ਕੇ ਭਾਰੀ ਸੰਖਿਆ ਵਿਚ ਪੋਲਿੰਗ ਬੂਥਾਂ ਤੱਕ ਜਾ ਕੇ ਇੱਕਤਰਫ਼ਾ ਵੋਟ ਪਾਉਣ ਲਈ ਵੀ ਪ੍ਰੇਰਿਤ ਕੀਤਾ।

ਇਸ ‘ਲਾਡਲੀ ਸਿਆਸਤ’ ਦੀ ਅਸਲੀ ਵਜ੍ਹਾ ਕੋਈ ਗੁਪਤ ਰਹੱਸ ਨਹੀਂ ਹੈ, ਸਗੋਂ ਇਹ ਮਹਿਲਾ ਵੋਟਰਾਂ ਦੇ ਤੇਜ਼ੀ ਨਾਲ ਬਦਲਦੇ ਅੰਕੜਿਆਂ ਨਾਲ ਜੁੜੀ ਹੋਈ ਹੈ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤ ਦੇ ਇਤਿਹਾਸ ਵਿਚ ਰਿਕਾਰਡ 31.2 ਕਰੋੜ ਔਰਤਾਂ ਨੇ ਆਪਣੇ ਮਤਾਧਿਕਾਰ ਦਾ ਇਸਤੇਮਾਲ ਕੀਤਾ। ਦੇਸ਼ ਦੇ 36 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚੋਂ 19 ਰਾਜਾਂ ਵਿਚ ਔਰਤਾਂ ਦਾ ਵੋਟਿੰਗ ਫ਼ੀਸਦੀ ਮਰਦਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸੀ। ਔਰਤਾਂ ਦੀ ਇਹ ਭਾਰੀ ਹਿੱਸੇਦਾਰੀ ਹੁਣ ਕਿਸੇ ਵੀ ਚੋਣ ਦਾ ਪਾਸਾ ਪਲਟਣ ਲਈ ਕਾਫ਼ੀ ਹੈ, ਅਤੇ ਇਹੀ ਵਜ੍ਹਾ ਹੈ ਕਿ ਸਿਆਸੀ ਰਣਨੀਤੀਕਾਰ ਹੁਣ ਆਪਣਾ ਪੂਰਾ ਏਜੰਡਾ ਔਰਤਾਂ ਨੂੰ ਕੇਂਦਰ ਵਿਚ ਰੱਖ ਕੇ ਤਿਆਰ ਕਰਦੇ ਹਨ।

ਜੇਕਰ ਅਸੀਂ ਅਤੀਤ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ, ਤਾਂ ਸਾਲ 1962 ਦੀਆਂ ਆਮ ਚੋਣਾਂ ਵਿਚ ਔਰਤਾਂ ਦਾ ਕੁੱਲ ਵੋਟਿੰਗ ਟਰਨਆਊਟ ਮਹਿਜ਼ 47% ਸੀ, ਜਦੋਂ ਕਿ ਮਰਦਾਂ ਦਾ 63% ਸੀ, ਯਾਨੀ ਦੋਵਾਂ ਵਿਚਕਾਰ 16% ਦਾ ਇੱਕ ਵੱਡਾ ਫ਼ਰਕ ਸੀ। ਪਰ ਸਾਲ 2019 ਦੀਆਂ ਚੋਣਾਂ ਵਿਚ ਪਹਿਲੀ ਵਾਰ ਇੱਕ ਨਵਾਂ ਇਤਿਹਾਸ ਬਣਿਆ, ਜਦੋਂ ਔਰਤਾਂ ਨੇ ਮਤਦਾਨ ਦੇ ਮਾਮਲੇ ਵਿਚ ਮਰਦਾਂ ਨੂੰ ਪਿੱਛੇ ਛੱਡ ਦਿੱਤਾ। ਸਾਲ 2024 ਵਿਚ ਇਹ ਅੰਤਰ ਹੋਰ ਵਧ ਗਿਆ ਅਤੇ ਦੇਸ਼ ਦੇ ਲਗਭਗ 137 ਲੋਕ ਸਭਾ ਖੇਤਰਾਂ ਵਿਚ ਔਰਤਾਂ ਨੇ ਮਰਦਾਂ ਦੀ ਤੁਲਨਾ ਵਿਚ ਬਹੁਤ ਜ਼ਿਆਦਾ ਮਤਦਾਨ ਕੀਤਾ। ਇਹ ਬਦਲਾਅ ਸਿਰਫ਼ ਸੰਖਿਆ ਦਾ ਨਹੀਂ ਹੈ, ਸਗੋਂ ਇਹ ਭਾਰਤੀ ਔਰਤਾਂ ਦੇ ਅੰਦਰ ਆਉਂਦੀ ਜਾ ਰਹੀ ਸਿਆਸੀ ਅਤੇ ਸਮਾਜਿਕ ਚੇਤਨਾ ਦਾ ਵੀ ਇੱਕ ਵੱਡਾ ਪ੍ਰਤੀਕ ਹੈ।

ਅੰਤਰਰਾਸ਼ਟਰੀ ਥਿੰਕ ਟੈਂਕ ‘ਕਾਰਨੇਗੀ ਐਂਡੋਮੈਂਟ ਫਾਰ ਇੰਟਰਨੈਸ਼ਨਲ ਪੀਸ’ ਦੇ ਇੱਕ ਵਿਆਪਕ ਅਧਿਐਨ ਅਨੁਸਾਰ, ਚੋਣਾਂ ਵਿਚ ਔਰਤਾਂ ਦੀ ਇਹ ਵਧਦੀ ਹੋਈ ਭਾਗੀਦਾਰੀ ਸਿੱਧੇ ਤੌਰ ’ਤੇ ਉਨ੍ਹਾਂ ਕਲਿਆਣਕਾਰੀ ਅਤੇ ਵਿੱਤੀ ਯੋਜਨਾਵਾਂ ਨਾਲ ਜੁੜੀ ਹੋਈ ਹੈ, ਜੋ ਸਿੱਧੇ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਪਰ ਇੱਥੇ ਇੱਕ ਬੁਨਿਆਦੀ ਅਤੇ ਨੈਤਿਕ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਭਾਰਤੀ ਔਰਤਾਂ ਸੱਚਮੁੱਚ ਸਿਆਸੀ ਤੌਰ ’ਤੇ ਜਾਗਰੂਕ ਅਤੇ ਸੁਤੰਤਰ ਹੋ ਗਈਆਂ ਹਨ, ਜਾਂ ਫਿਰ ਸਿਆਸਤਦਾਨਾਂ ਵੱਲੋਂ ਉਨ੍ਹਾਂ ਨੂੰ ਮੁਫ਼ਤ ਦੀਆਂ ਚੀਜ਼ਾਂ ਅਤੇ ਪੈਸਿਆਂ ਦਾ ਲਾਲਚ ਦੇ ਕੇ ਆਪਣੀ ਤਰਫ਼ ਖਿੱਚਿਆ ਜਾ ਰਿਹਾ ਹੈ?

ਹਾਲਾਂਕਿ, ਇੱਕ ਹੋਰ ਹਾਂ-ਪੱਖੀ ਪਹਿਲੂ ਇਹ ਵੀ ਹੈ ਕਿ ਸਾਲ 2014 ਅਤੇ 2019 ਦੇ ਵਿਚਕਾਰ ਕੀਤੇ ਗਏ ਕੁਝ ਸਰਵੇਖਣ ਦੱਸਦੇ ਹਨ ਕਿ ਲਗਭਗ 70% ਔਰਤਾਂ ਨੇ ਆਪਣੀ ਮਰਜ਼ੀ ਨਾਲ ਅਤੇ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਵੋਟ ਪਾਈ ਅਤੇ ਉਨ੍ਹਾਂ ਨੇ ਆਪਣੇ ਪਤੀ ਜਾਂ ਪਰਿਵਾਰ ਦੇ ਮਰਦਾਂ ਦੇ ਸਿਆਸੀ ਦਬਾਅ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। 2024 ਦੀਆਂ ਚੋਣਾਂ ਵਿਚ ਔਰਤਾਂ ਦੀ ਇਹ ਵੈਚਾਰਿਕ ਸੁਤੰਤਰਤਾ ਹੋਰ ਮਜ਼ਬੂਤ ਹੋ ਕੇ ਉਭਰੀ ਹੈ।

ਉਦਾਹਰਨ ਦੇ ਤੌਰ ’ਤੇ, ਤਾਮਿਲਨਾਡੂ ਵਿਚ ਡੀ.ਐੱਮ.ਕੇ. ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਫ਼ਤ ਬੱਸ ਸੇਵਾ ਦੇ ਨਤੀਜੇ ਸਮਾਜਿਕ ਤੌਰ ’ਤੇ ਕਾਫ਼ੀ ਉਤਸ਼ਾਹਜਨਕ ਰਹੇ। ਇਸ ਨਾਲ ਕੰਮਕਾਜੀ ਅਤੇ ਗਰੀਬ ਔਰਤਾਂ ਦੀ ਗਤੀਸ਼ੀਲਤਾ ਵਧੀ ਅਤੇ ਉਹ ਕੰਮ ਦੇ ਸਿਲਸਿਲੇ ਵਿਚ ਬਾਹਰ ਨਿਕਲਣ ਲੱਗੀਆਂ। ਪਰ ਇਸਦਾ ਦੂਜਾ ਪਹਿਲੂ ਇਹ ਵੀ ਹੈ ਕਿ ਇਸ ਨਾਲ ਸੂਬਾ ਟਰਾਂਸਪੋਰਟ ਨਿਗਮ ਅਤੇ ਸਰਕਾਰੀ ਖ਼ਜ਼ਾਨੇ ’ਤੇ ਸਾਲਾਨਾ 1,500 ਕਰੋੜ ਰੁਪਏ ਦੀ ਸਬਸਿਡੀ ਦਾ ਭਾਰੀ ਵਿੱਤੀ ਬੋਝ ਆ ਪਿਆ। ਇਸੇ ਤਰਜ਼ ’ਤੇ ਜੂਨ 2023 ਵਿਚ ਕਰਨਾਟਕ ਅਤੇ ਤੇਲੰਗਾਨਾ ਦੀਆਂ ਸਰਕਾਰਾਂ ਨੇ ਵੀ ਇਸ ਯੋਜਨਾ ਨੂੰ ਲਾਗੂ ਕੀਤਾ, ਜਿਸ ਨਾਲ ਉਨ੍ਹਾਂ ਦਾ ਬਜਟ ਘਾਟਾ ਵਧ ਗਿਆ।

ਇੱਥੇ ਸਭ ਤੋਂ ਵੱਡਾ ਅਤੇ ਗੰਭੀਰ ਸਵਾਲ ਇਹ ਹੈ ਕਿ ਕੀ ਮੁਫ਼ਤ ਦੀਆਂ ਇਹ ਲੋਕ-ਲੁਭਾਵਨ ਯੋਜਨਾਵਾਂ ਸੂਬਿਆਂ ਦੇ ਮੁੱਖ ਵਿਕਾਸ ਕਾਰਜਾਂ ਜਿਵੇਂ- ਗੁਣਵੱਤਾਪੂਰਨ ਸਿੱਖਿਆ, ਸਿਹਤ ਸਹੂਲਤਾਂ, ਹਸਪਤਾਲ ਅਤੇ ਬੁਨਿਆਦੀ ਢਾਂਚੇ ਦੇ ਨਿਰਮਾਣ ਨੂੰ ਬਹੁਤ ਪਿੱਛੇ ਨਹੀਂ ਧੱਕ ਰਹੀਆਂ? ਖ਼ਜ਼ਾਨੇ ਖਾਲੀ ਹੋਣ ਕਾਰਨ ਵਿਕਾਸ ਯੋਜਨਾਵਾਂ ਅਤੇ ਨਵੀਆਂ ਨੌਕਰੀਆਂ ਪੈਦਾ ਕਰਨ ਦੇ ਕੰਮ ਸਰਕਾਰਾਂ ਦੀ ਤਰਜੀਹੀ ਸੂਚੀ ਵਿਚ ਦੂਜੇ ਜਾਂ ਤੀਜੇ ਨੰਬਰ ’ਤੇ ਚਲੇ ਗਏ ਹਨ।


ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਹ ਮਹੀਨਾਵਾਰ ਭੱਤੇ ਅਤੇ ਮੁਫ਼ਤ ਯਾਤਰਾਵਾਂ ਗਰੀਬ ਔਰਤਾਂ ਨੂੰ ਤਤਕਾਲੀ ਰੂਪ ਵਿਚ ਇੱਕ ਵੱਡੀ ਆਰਥਿਕ ਰਾਹਤ ਦਿੰਦੀਆਂ ਹਨ। ਪਰ ਉਨ੍ਹਾਂ ਲੰਮੇ ਸਮੇਂ ਦੇ ਅਤੇ ਠੋਸ ਪ੍ਰੋਜੈਕਟਾਂ ਦਾ ਕੀ ਹੋਵੇਗਾ, ਜੋ ਔਰਤਾਂ ਦੇ ਸਥਾਈ ਸਸ਼ਕਤੀਕਰਨ ਅਤੇ ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣ ਲਈ ਬੇਹੱਦ ਜ਼ਰੂਰੀ ਹਨ? ਸਰਕਾਰਾਂ ਕੇਵਲ ਸ਼ਾਰਟ-ਟਰਮ (ਘੱਟ ਸਮੇਂ ਦੇ) ਫਾਇਦੇ ਦਿਖਾ ਕੇ ਅਤੇ ਵੋਟਰਾਂ ਨੂੰ ਪ੍ਰਭਾਵਿਤ ਕਰਕੇ ਸੱਤਾ ਦੀ ਕੁਰਸੀ ਹਥਿਆ ਰਹੀਆਂ ਹਨ।

ਔਰਤਾਂ ਨੂੰ ਬੱਸਾਂ ਵਿਚ ਸਿਰਫ਼ ਮੁਫ਼ਤ ਸਫ਼ਰ ਦਾ ਲਾਲਚ ਦੇਣ ਜਾਂ ਚੰਦ ਰੁਪਏ ਪ੍ਰਤੀ ਮਹੀਨਾ ਦੇਣ ਦੀ ਬਜਾਏ, ਉਨ੍ਹਾਂ ਨੂੰ ਸਮਾਜ ਵਿਚ ਬਿਹਤਰ ਅਤੇ ਉੱਚ ਸਿੱਖਿਆ ਕਿਉਂ ਨਹੀਂ ਦਿੱਤੀ ਜਾਂਦੀ? ਉਨ੍ਹਾਂ ਨੂੰ ਹਰ ਖੇਤਰ ਵਿਚ ਰੁਜ਼ਗਾਰ ਦੇ ਬਰਾਬਰ ਅਵਸਰ, ਬਰਾਬਰ ਕੰਮ ਲਈ ਬਰਾਬਰ ਤਨਖ਼ਾਹ, ਸਖ਼ਤ ਕਾਨੂੰਨੀ ਸੁਰੱਖਿਆ, ਸੁਰੱਖਿਅਤ ਮਾਹੌਲ ਅਤੇ ਦੇਸ਼ ਦੀ ਮੁੱਖ ਧਾਰਾ ਦੀ ਰਾਜਨੀਤੀ ਵਿਚ ਬਰਾਬਰ ਦੀ ਟਿਕਟ ਅਤੇ ਹਿੱਸੇਦਾਰੀ ਕਿਉਂ ਨਹੀਂ ਦਿੱਤੀ ਜਾਂਦੀ?

ਜਦੋਂ ਤੱਕ ਔਰਤਾਂ ਨੂੰ ਫੈਸਲੇ ਲੈਣ ਵਾਲੇ ਉੱਚ ਪ੍ਰਸ਼ਾਸਨਿਕ ਅਹੁਦਿਆਂ ਅਤੇ ਨੀਤੀ-ਘੜਨ ਵਾਲੀਆਂ ਕਮੇਟੀਆਂ ਵਿਚ ਅਸਲ ਨੁਮਾਇੰਦਗੀ ਨਹੀਂ ਮਿਲਦੀ, ਉਦੋਂ ਤੱਕ ਅਜਿਹੀਆਂ ਸਕੀਮਾਂ ਸਿਰਫ਼ ਸਿਆਸੀ ਹੱਥਕੰਡਾ ਹੀ ਰਹਿਣਗੀਆਂ।

ਅੱਜ ਦੇ ਸਿਆਸਤਦਾਨ ਔਰਤਾਂ ਨੂੰ ਕੇਵਲ ਇੱਕ ‘ਲਾਭਪਾਤਰੀ’ ਵਰਗ ਜਾਂ ਕੈਟੇਗਰੀ ਵਿਚ ਉਲਝਾ ਕੇ ਰੱਖ ਰਹੇ ਹਨ, ਜਿਸ ਨਾਲ ਉਹ ਦੇਸ਼ ਦੀ ਮੁੱਖ ਰਾਜਨੀਤੀ ਅਤੇ ਨੀਤੀ-ਨਿਰਧਾਰਨ ਦੀ ਪ੍ਰਕਿਰਿਆ ਤੋਂ ਦੂਰ ਰਹਿਣ। ਭਾਰਤੀ ਔਰਤਾਂ ਨੂੰ ਹੁਣ ਇਹ ਡੂੰਘਾਈ ਨਾਲ ਸਮਝਣਾ ਹੋਵੇਗਾ ਕਿ ਇਹ ਮੁਫ਼ਤ ਦੀਆਂ ਸਹੂਲਤਾਂ ਅਤੇ ਖ਼ੈਰਾਤ ਉਨ੍ਹਾਂ ਦੀ ਆਰਥਿਕ ਤੰਗੀ ਨੂੰ ਕੁਝ ਸਮੇਂ ਲਈ ਘੱਟ ਕਰਨ ਦਾ ਇੱਕ ਜ਼ਰੀਆ ਤਾਂ ਹੋ ਸਕਦੀਆਂ ਹਨ, ਪਰ ਇਹ ਉਨ੍ਹਾਂ ਦੀ ਪ੍ਰਗਤੀ ਦੀ ਅਸਲੀ ਮੰਜ਼ਿਲ ਜਾਂ ਵਾਸਤਵਿਕ ਸਸ਼ਕਤੀਕਰਨ ਕਦਾਚਿਤ ਨਹੀਂ ਹੈ। ਸੱਚੀ ਆਜ਼ਾਦੀ ਅਤੇ ਬਰਾਬਰੀ ਮੁਫ਼ਤ ਦੇ ਭੱਤਿਆਂ ਤੋਂ ਨਹੀਂ, ਬਲਕਿ ਸਿੱਖਿਆ, ਅਧਿਕਾਰ ਅਤੇ ਆਤਮ-ਨਿਰਭਰਤਾ ਨਾਲ ਹੀ ਹਾਸਲ ਕੀਤੀ ਜਾ ਸਕਦੀ ਹੈ।

# ਅਜੋਕੇ ਸਮੇਂ ਅੰਦਰ ਕੀ ਹੋਵੇਗਾ ਪੰਜਾਬੀ ਨੌਜਵਾਨਾਂ ਦਾ ਭਵਿੱਖ





ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ ਅਮਰੀਕਾ
559-285-0841
ਪੰਜਾਬ ਮੇਲ USA


> ਪਿਛਲੇ ਸਮੇਂ ਅੰਦਰ ਕਿਸੇ ਵੀ ਪਰਿਵਾਰ ਦਾ ਇੱਕ ਮੁਖੀ ਬਾਹਰਲੇ ਮੁਲਕ ਵਿਚ ਜਾ ਕੇ ਉਥੋਂ ਪੈਸੇ ਕਮਾ ਕੇ ਆਪਣੇ ਪਰਿਵਾਰ ਦਾ ਪੇਟ ਪਾਲ ਲੈਂਦਾ ਸੀ। ਉਨ੍ਹਾਂ ਸਮਿਆਂ ਵਿਚ ਉਸ ਪਰਿਵਾਰ ਦੇ ਮੁਖੀ ਵੱਲੋਂ ਸਾਇਦ 15 ਤੋਂ 20 ਸਾਲ ਬਾਹਰਲੇ ਮੁਲਕ ਵਿਚ ਲਗਾ ਕੇ ਆਪਣੇ ਬੱਚਿਆਂ ਦੇ ਭਵਿੱਖ ਅਤੇ ਪਰਿਵਾਰ ਨੂੰ ਉਜਲਾ ਬਣਾ ਲਿਆ ਜਾਂਦਾ ਸੀ ਪਰ ਸਮਾਂ ਬਦਲਦਿਆਂ ਦੇਰ ਨਾ ਲੱਗੀ। ਕਹਾਣੀ ਬੇਹੱਦ ਦਰਦਨਾਕ ਢੰਗ ਨਾਲ ਬਦਲਦੀ ਚਲੀ ਗਈ ਕਿ ਸਾਡੀ ਨੌਜਵਾਨੀ ਹੋਰਾਂ ਮੁਲਕਾਂ ਦੇ ਰਾਹ ਦੀ ਆਦੀ ਹੋ ਗਈ। ਇਹ ਅਜਿਹਾ ਜਾਗ ਲੱਗਿਆ ਕਿ ਸਭ ਕੁਝ ਤਹਿਸ-ਨਹਿਸ ਹੁੰਦਾ ਚਲਿਆ ਗਿਆ।

ਅਜੋਕੇ ਸਮੇਂ ਅੰਦਰ ਪੰਜਾਬੀ ਨੌਜਵਾਨਾਂ ਦੇ ਭਵਿੱਖ ਨੂੰ ਵੇਖ ਕੇ ਕਿਸੇ ਵੀ ਚਿੰਤਾ ਕਰਨ ਵਾਲੇ ਇਨਸਾਨ ਦੇ ਲੂ ਕੰਡੇ ਖੜ੍ਹੇ ਹੋ ਜਾਂਦੇ ਹਨ। ਨੌਜਵਾਨਾਂ ਦਾ ਭਵਿੱਖ ਇਸ ਮੌਜੂਦਾ ਸਮੇਂ ਬੇਹੱਦ ਸੰਕਟ ਵਿਚ ਚੱਲ ਰਿਹਾ ਹੈ। ਕਿਸੇ ਵੀ ਖੇਤਰ ਦੇ ਅੰਦਰ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਵਿਖਾਈ ਨਹੀਂ ਦਿੰਦਾ। ਕੋਈ ਵੀ ਦੇਸ਼ ਹੋਵੇ, ਚਾਰੇ ਪਾਸੇ ਇੱਕੋ ਜਿਹਾ ਮਾਹੌਲ ਚੱਲ ਰਿਹਾ ਹੈ। ਗੱਲ ਪੰਜਾਬ ਤੋਂ ਸ਼ੁਰੂ ਕਰੀਏ ਤਾਂ ਬਾਹਰਲੇ ਮੁਲਕਾਂ ਦੇ ਅੰਦਰ ਵੀ ਨੌਜਵਾਨਾਂ ਦਾ ਭਵਿੱਖ ਬੇਹੱਦ ਗਹਿਰਾਈ ਵੱਲ ਜਾ ਰਿਹਾ ਹੈ। ਕਿਸੇ ਸਮੇਂ ਪੰਜਾਬ ਤੋਂ ਲੈ ਕੇ ਬਾਹਰਲੇ ਸੂਬਿਆਂ ਤੋਂ ਇਲਾਵਾ ਬਾਹਰਲੇ ਮੁਲਕਾਂ ਤੱਕ ਵੀ ਨੌਜਵਾਨਾਂ ਦੀ ਤੂਤੀ ਬੋਲਦੀ ਸੀ। ਨੌਜੁਆਨਾਂ ਦੇ ਭਲਵਾਨਾਂ ਵਰਗੇ ਸਰੀਰ ਦਰਸਣੀ ਰੂਹਾਂ ਦੇ ਵਜੋਂ ਜਾਣੇ ਜਾਂਦੇ ਸਨ ਪਰ ਪਤਾ ਨਹੀਂ ਕੀ ਨਜ਼ਰ ਲੱਗੀ ਕਿ ਨੌਜਵਾਨਾਂ ਦਾ ਭਵਿੱਖ ਉਜਲਾ ਹੋਣ ਦੀ ਬਜਾਏ, ਉਲਝਦਾ ਹੀ ਚਲਿਆ ਗਿਆ, ਇਸ ਨੂੰ ਬਦਕਿਸਮਤੀ ਆਖ ਸਕਦੇ ਹਾਂ।

ਗੱਲ ਕਰੀਏ ਉਨ੍ਹਾਂ ਨੌਜਵਾਨਾਂ ਦੀ, ਜਿਹੜੇ ਬਾਹਰ ਜਾਣ ਦੀ ਆਸ ਦੇ ਵਿਚ ਆਪਣਾ ਕਾਫੀ ਵੱਡਾ ਨੁਕਸਾਨ ਕਰਵਾ ਬੈਠੇ ਹਨ। ਪਹਿਲਾਂ ਤਾਂ ਉਨ੍ਹਾਂ ਵੱਲੋਂ ਕਈ ਲੱਖਾਂ ਰੁਪਈਏ ਲਾ ਕੇ ਆਇਲੈਟਸ ਕੀਤਾ ਜਾਂਦਾ ਹੈ। ਫਿਰ ਉਸ ਤੋਂ ਬਾਅਦ ਸ਼ੁਰੂ ਹੁੰਦੀ ਹੈ ਵੀਜਾ ਨਾ ਲੱਗਣ ਦੀ ਕਹਾਣੀ। ਉਹਦੇ ਵਿਚ ਵੀ ਸਾਡੇ ਨੌਜਵਾਨਾਂ ਨੇ ਵੱਡਾ ਨੁਕਸਾਨ ਕਰਵਾਇਆ ਹੈ। ਅਮਰੀਕਾ, ਕੈਨੇਡਾ, ਇੰਗਲੈਂਡ ਵਰਗੇ ਮੁਲਕਾਂ ਨੂੰ ਕਰੋੜਾਂ ਰੁਪਏ ਭੇਜ ਕੇ ਪੰਜਾਬ ਨੂੰ ਬਰਬਾਦੀ ਦੇ ਕੰਢੇ 'ਤੇ ਪਹੁੰਚਾ ਦਿੱਤਾ ਹੈ ਸਾਡੇ ਏਜੰਟਾਂ ਨੇ। ਉਨ੍ਹਾਂ ਵੱਲੋਂ ਨੌਜਵਾਨੀ ਨੂੰ ਸਬਜ਼ਬਾਗ ਹੀ ਅਜਿਹੇ ਵਿਖਾ ਦਿੱਤੇ ਗਏ ਕਿ ਜਿਵੇਂ ਉੱਥੇ ਡਾਲਰ ਦਰੱਖਤਾਂ ਨੂੰ ਲੱਗੇ ਹੋਣ। ਕੈਨੇਡਾ, ਇੰਗਲੈਂਡ ਵਰਗੇ ਮੁਲਕਾਂ ਨੂੰ ਕਰੋੜਾਂ ਰੁਪਏ ਖਰਚਣ ਤੋਂ ਬਾਅਦ ਨੌਜਵਾਨੀ ਦੇ ਪਿੜ ਪੱਲੇ ਕੁਝ ਵੀ ਪੈਂਦਾ ਵਿਖਾਈ ਨਹੀਂ ਦੇ ਰਿਹਾ।

ਪਿਛਲੇ ਸਮੇਂ ਅੰਦਰ ਕਿਸੇ ਵੀ ਪਰਿਵਾਰ ਦਾ ਇੱਕ ਮੁਖੀ ਬਾਹਰਲੇ ਮੁਲਕ ਵਿਚ ਜਾ ਕੇ ਉਥੋਂ ਪੈਸੇ ਕਮਾ ਕੇ ਆਪਣੇ ਪਰਿਵਾਰ ਦਾ ਪੇਟ ਪਾਲ ਲੈਂਦਾ ਸੀ। ਉਨ੍ਹਾਂ ਸਮਿਆਂ ਵਿਚ ਉਸ ਪਰਿਵਾਰ ਦੇ ਮੁਖੀ ਵੱਲੋਂ ਸਾਇਦ 15 ਤੋਂ 20 ਸਾਲ ਬਾਹਰਲੇ ਮੁਲਕ ਵਿਚ ਲਗਾ ਕੇ ਆਪਣੇ ਬੱਚਿਆਂ ਦੇ ਭਵਿੱਖ ਅਤੇ ਪਰਿਵਾਰ ਨੂੰ ਉਜਲਾ ਬਣਾ ਲਿਆ ਜਾਂਦਾ ਸੀ ਪਰ ਸਮਾਂ ਬਦਲਦਿਆਂ ਦੇਰ ਨਾ ਲੱਗੀ। ਕਹਾਣੀ ਬੇਹੱਦ ਦਰਦਨਾਕ ਢੰਗ ਨਾਲ ਬਦਲਦੀ ਚਲੀ ਗਈ ਕਿ ਸਾਡੀ ਨੌਜਵਾਨੀ ਹੋਰਾਂ ਮੁਲਕਾਂ ਦੇ ਰਾਹ ਦੀ ਆਦੀ ਹੋ ਗਈ। ਇਹ ਅਜਿਹਾ ਜਾਗ ਲੱਗਿਆ ਕਿ ਸਭ ਕੁਝ ਤਹਿਸ-ਨਹਿਸ ਹੁੰਦਾ ਚਲਿਆ ਗਿਆ। ਅੱਜ ਹਾਲਾਤ ਇਥੋਂ ਤੱਕ ਬਣ ਚੁੱਕੇ ਹਨ ਕਿ ਨਸ਼ਾ, ਪੈਸਾ ਅਤੇ ਸ਼ੋਹਰਤ ਨੂੰ ਮੁੱਖ ਰੱਖ ਕੇ ਨੌਜਵਾਨ ਉਜੜੇ ਰਾਹਾਂ ਦੇ ਪਾਂਧੀ ਬਣਦੇ ਜਾ ਰਹੇ ਹਨ। ਇਹ ਬਿਲਕੁਲ ਗਲਤ ਵਰਤਾਰਾ ਹੈ। ਮਾਪਿਆਂ ਦੇ ਬਲੀ ਪੁੱਤ ਵਿਦੇਸ਼ਾਂ ਅੰਦਰ ਵੱਡਾ ਨੁਕਸਾਨ ਚੱਲ ਰਹੇ ਹਨ।

ਬਹੁਤ ਸਾਰੇ ਨੌਜਵਾਨ ਅਜਿਹੇ ਵੀ ਹਨ, ਜਿਨਾਂ ਨੂੰ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਰਗੇ ਮੁਲਖਾਂ ਅੰਦਰ ਰਹਿੰਦਿਆਂ ਕਈ-ਕਈ ਸਾਲ ਬੀਤ ਗਏ ਪਰ ਉਨ੍ਹਾਂ ਦੇ ਵੀਜ਼ੇ ਹੁਣ ਅੱਗੇ ਨਹੀਂ ਵਧ ਰਹੇ। ਨਾ ਉਹ ਪੀ.ਆਰ. ਹੋ ਰਹੇ ਹਨ। ਇਹ ਵਰਤਾਰਾ ਪੰਜਾਬ ਦੀ ਨੌਜਵਾਨੀ ਦੇ ਨਾਲ ਵੱਡੇ ਪੱਧਰ 'ਤੇ ਵਾਪਰ ਰਿਹਾ ਹੈ। ਕੈਨੇਡਾ ਦੀ ਧਰਤੀ ਉੱਤੇ ਬਹੁਤ ਸਾਰੇ ਨੌਜਵਾਨ ਅਜਿਹੇ ਹਨ, ਜਿਨ੍ਹਾਂ ਦੇ ਵਰਕ ਵੀਜ਼ੇ ਖਤਮ ਹੋ ਚੁੱਕੇ ਹਨ ਤੇ ਉਹ ਧਰਨੇ 'ਤੇ ਬੈਠੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨਾਂ ਵੱਲੋਂ ਹਰ ਰੋਜ਼ ਕੈਨੇਡਾ ਦੇ ਅੰਦਰ ਧਰਨਾ ਦਿੱਤਾ ਜਾ ਰਿਹਾ ਹੈ। ਇਹ ਵਰਤਾਰਾ ਪਿਛਲੇ ਸਮੇਂ ਤੋਂ ਚੱਲ ਰਿਹਾ ਹੈ। ਇਹੀ ਹਾਲ ਕਈ ਮੁਲਕਾਂ ਅੰਦਰ ਹੈ। ਇਹ ਗੱਲ ਠੀਕ ਹੈ ਕਿ ਧਰਨਾ ਲਗਾਉਣਾ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦਾ ਪਰ ਜੇਕਰ ਕਿਸੇ ਦੀ ਕੋਈ ਸੁਣਵਾਈ ਨਾ ਹੋਵੇ, ਤਾਂ ਉਸਦੇ ਕੋਲ ਚਾਰਾ ਵੀ ਕੋਈ ਨਹੀਂ ਰਹਿ ਜਾਂਦਾ। ਪੰਜਾਬ ਦੇ ਨੌਜਵਾਨ ਆਪਣਾ ਲੱਖਾਂ ਰੁਪਿਆਂ ਖਰਚ ਕੇ ਵਿਦੇਸ਼ਾਂ ਅੰਦਰ ਗਏ ਸੀ।

ਉਥੋਂ ਪੀ.ਆਰ. ਨਾ ਮਿਲਣ ਕਾਰਨ ਉਨ੍ਹਾਂ ਕੋਲੇ ਕੋਈ ਵੀ ਰਾਹ ਨਹੀਂ ਬਚਿਆ। ਬਹੁਤ ਸਾਰੇ ਬੱਚੇ ਨਸ਼ੇ ਦੇ ਆਦੀ ਹੋ ਚੁੱਕੇ ਹਨ। ਬਹੁਤ ਸਾਰੇ ਲੜਾਈਆਂ-ਝਗੜਿਆਂ ਦੇ ਵਿਚ ਉਲਝ ਕੇ ਜੇਲ੍ਹਾਂ ਵਿਚ ਜਾ ਚੁੱਕੇ ਹਨ ਅਤੇ ਬਹੁਤ ਸਾਰੇ ਖੁਦਕੁਸ਼ੀਆਂ ਵਰਗੇ ਗਲਤ ਕਦਮ ਚੁੱਕ ਰਹੇ ਹਨ। ਇਹ ਵਰਤਾਰਾ ਬੇਹੱਦ ਖਤਰਨਾਕ ਹੈ। ਇਹ ਕਹਾਣੀ ਕੋਈ ਇੱਕ ਦਿਨ ਦੀ ਨਹੀਂ ਹੈ, ਇਹ ਵਰਤਾਰਾ ਪਿਛਲੇ ਲੰਬੇ ਸਮੇਂ ਤੋਂ ਵਾਪਰ ਰਿਹਾ ਹੈ। ਨਾ ਸਾਡੇ ਆਗੂਆਂ ਨੇ ਧਿਆਨ ਦਿੱਤਾ ਤੇ ਨਾ ਸਾਡੇ ਮਾਪਿਆਂ ਨੇ ਧਿਆਨ ਦਿੱਤਾ। ਕਹਾਣੀ ਉਲਝਦੀ ਹੀ ਚਲੀ ਗਈ। ਕਿਸੇ ਨੂੰ ਕੀ ਆਖੀਏ, ਅਸੀਂ ਸਾਰੇ ਆਪ ਦੋਸ਼ੀ ਹਾਂ। ਅਸੀਂ ਆਪਣੇ ਧੀਆਂ-ਪੁੱਤਰਾਂ ਦਾ ਘਾਣ ਕਰਵਾ ਰਹੇ ਹਾਂ, ਸਿਰਫ ਤੇ ਸਿਰਫ ਪੈਸੇ ਪਿੱਛੇ। ਹੁਣ ਬਾਹਰਲੇ ਮੁਲਖਾਂ ਅੰਦਰ ਪੈਸਾ ਵੀ ਨਹੀਂ ਰਿਹਾ। ਇਹ ਠੀਕ ਹੈ ਕਿ ਆਪਣੇ ਪਰਿਵਾਰਾਂ ਨੂੰ ਪਾਲਣ ਦੇ ਲਈ ਬਹੁਤ ਕੁਝ ਕਰਨਾ ਪੈਂਦਾ ਹੈ ਪਰ ਨੌਜਵਾਨੀ ਦਾ ਹੋ ਰਿਹਾ ਘਾਣ ਵੀ ਸਾਡੇ ਵਸ ਤੋਂ ਬਾਹਰ ਦੀ ਗੱਲ ਹੈ।

ਸਾਡੇ ਪਿੜ ਪੱਲੇ ਵੀ ਕੁਝ ਨਹੀਂ ਰਿਹਾ। ਕਹਾਣੀ ਬੇਹੱਦ ਗਲਤ ਹੋ ਚੁੱਕੀ ਹੈ। ਪੰਜਾਬੀਓ, ਜੇਕਰ ਸੰਭਲਣਾ ਚਾਹੁੰਦੇ ਹੋ, ਤਾਂ ਸੰਭਲ ਜਾਓ। ਨਹੀਂ ਸਮਾਂ ਰੇਤ ਦੀ ਮੁੱਠੀ ਵਾਂਗੂੰ ਤੁਹਾਡੇ ਹੱਥ ਦੇ ਵਿਚੋਂ ਕਿਰਦਾ ਜਾ ਰਿਹਾ ਹੈ। ਨੌਜਵਾਨੀ ਗਲਤ ਸੰਗਤ ਵਿਚ ਪੈ ਕੇ ਬੇਹੱਦ ਗਲਤ ਰਾਹ 'ਤੇ ਪੈ ਚੁੱਕੀ ਹੈ। ਨਸ਼ੇ ਨੇ ਵੱਡੇ ਪੱਧਰ 'ਤੇ ਘਰ ਕਰ ਲਿਆ ਹੈ। ਗੁਰਦੁਆਰਿਆਂ ਵਿਚ ਲੜਾਈਆਂ ਹੋ ਰਹੀਆਂ ਹਨ, ਪੰਜਾਬੀ ਜੇਲ੍ਹ ਦੇ ਵਿਚ ਜਾ ਰਹੇ ਹਨ ਅਤੇ ਬਹੁਤ ਸਾਰੇ ਨੌਜਵਾਨ ਖੁਦਕਸ਼ੀ ਕਰ ਰਹੇ ਹਨ। ਇਹ ਵਰਤਾਰਾ ਆਖਰ ਕਦੋਂ ਤੱਕ ਚੱਲੇਗਾ, ਕਿਸੇ ਨੂੰ ਵੀ ਇਸ ਦਾ ਕੋਈ ਹੱਲ ਵਿਖਾਈ ਨਹੀਂ ਦਿੰਦਾ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਬਾਹਰਲੀਆਂ ਸਰਕਾਰਾਂ ਦੇ ਨਾਲ ਸੰਪਰਕ ਸਾਧ ਕੇ ਨੌਜਵਾਨਾਂ ਦੇ ਖਰਾਬ ਹੋ ਰਹੇ ਭਵਿੱਖ ਸਬੰਧੀ ਚਿੰਤਾ ਕਰਕੇ ਕੋਈ ਸਖਤ ਕਦਮ ਚੁੱਕੇ ਜਾਣ। ਇਸ ਲਈ ਗੁਰਬਾਣੀ ਦੇ ਫਲਸਫੇ ਅਨੁਸਾਰ ਆਓ ਸਾਰੇ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰੀਏ ਤੇ ਗੁਰੂ ਸਾਹਿਬ ਦੇ ਦੱਸੇ ਹੋਏ ਰਸਤੇ 'ਤੇ ਚੱਲੀਏ, ਇਹ ਹੀ ਅੱਜ ਸਮੇਂ ਦੀ ਲੋੜ ਹੈ ।

# ਇਲੈਕਸ਼ਨ ਤੇ ਬਾਹੂਬਲੀ

## ਕੰਡੇ ਦਾ ਕੰਡਾ : ਡਾ. ਅਮਰੀਕ ਸਿੰਘ ਕੰਡਾ


-ਡਾ.ਅਮਰੀਕ ਸਿੰਘ ਕੰਡਾ
1764 ਗੁਰੂ ਰਾਮ ਦਾਸ ਨਗਰ ਨੇੜੇ
ਨੈਸ਼ਲੇ ਮੋਗਾ-142001 ਪੰਜਾਬ
98557-35666
ਪੰਜਾਬ ਮੇਲ USA



ਕੋਰਾ ਅਨਪੜ੍ਹ, ਵਿਹਲਾ ਲੰਬਾ ਲੰਜਾ, ਸਿਰ ਤੋਂ ਗੰਜਾ, ਚੰਗੇ ਕੱਦ-ਕਾਠ ਵਾਲਾ, ਚੰਗਾ ਭਾਰਾ, ਜੁਗਾੜੂ, ਨਸ਼ੇੜੀ, ਮੌਕਾਪ੍ਰਸਤ, ਐਸ਼ਪ੍ਰਸ਼ਤ, ਸਰਕਾਰੀ ਤੰਤਰ 'ਚ ਪੈਰ ਰੱਖਣ ਵਾਲਾ, ਗੈਰ ਕਾਨੂੰਨੀ ਕੰਮਾਂ ਨੂੰ ਅੰਜਾਮ ਦੇਣਾ ਵਾਲਾ, ਭਾਰੀ ਆਵਾਜ਼ ਵਾਲਾ, ਕਾਤਲਾਨਾ ਹਮਲੇ 'ਚ ਮਾਹਿਰ, ਹਰ ਰੋਜ਼ ਥਾਣੇ ਜਾਣ ਵਾਲਾ, ਪੁਲਿਸ 'ਤੇ ਰੋਅਬ ਝਾੜਨ ਵਾਲਾ, ਜਨਤਾ ਨੂੰ ਮੂਰਖ ਬਣਾ ਅਗਵਾਈ ਕਰਨ ਵਾਲਾ, ਸਮਾਜਿਕ ਸੰਸਥਾ, ਸਿੱਖਿਆ ਸੰਸਥਾ, ਰਾਜਨੀਤਿਕ ਮੰਚ ਮਤਲਬ ਮੰਚ ਕੋਈ ਵੀ ਹੋਵੇ, ਉਸ 'ਚ ਦਖਲ ਦੇਣ ਵਾਲਾ, ਬਣਦੇ ਕੰਮ 'ਚ ਵਿਘਨ ਪਾਉਣ ਵਾਲਾ, ਇਹੋ ਜਿਹਾ ਸੁਭਾਅ ਹੋਵੇ। ਮਡੀਰ ਇਕੱਠੀ ਕਰਨ 'ਚ ਮਾਹਿਰ, ਸ਼ਰੀਫ ਸੰਸਥਾਵਾਂ 'ਤੇ ਰੋਅਬ ਝਾੜਨ ਤੇ ਦੂਜਿਆਂ ਆਮ ਲੋਕਾਂ 'ਚ ਦਹਿਸ਼ਤ ਪਾਉਣ ਵਾਲੇ ਬਾਹੂਬਲੀਆਂ ਦੀ ਆ ਰਹੇ ਇਲੈਕਸ਼ਨਾਂ 'ਚ ਜ਼ਰੂਰਤ ਹੈ। ਆਪਣੇ-ਆਪਣੇ ਐੱਮ.ਐੱਲ.ਏ. ਨੂੰ ਸੰਪਰਕ ਕਰਕੇ ਦਰਖਾਸ਼ਤਾਂ ਦੇਣ। ਬਾਹੂਬਲੀਆਂ ਦਾ ਖਾਸ ਧਿਆਨ ਰੱਖਿਆ ਜਾਵੇਗਾ, ਇਹ ਪ੍ਰਧਾਨ ਜੀ ਦਾ ਹੁਕਮ ਸਮਝੋ। ਪ੍ਰਧਾਨ ਜੀ ਨੇ ਕਿਹਾ ਹੈ ਕਿ ਬਾਹੂਬਲੀਆਂ ਦੀ ਸੰਖਿਆ ਵਧਾਉਣ ਲਈ ਹਰ ਐਸ਼ਪ੍ਰਸ਼ਤੀ ਕਰਵਾਈ ਜਾਵੇਗੀ।

ਨੋਟ- ਮੈਰਿਟ ਦੇ ਆਧਾਰ 'ਤੇ ਜੀਹਨੂੰ ਲੋਕ ਮਨ ਹੀ ਮਨ ਗੰਦੀਆਂ ਗਾਲ੍ਹਾਂ ਕੱਢਦੇ ਹੋਣ, ਕੁੜਦੇ ਹੋਣ, ਵੱਧ ਤੋਂ ਵੱਧ ਪਰਚੇ ਦਰਜ ਹੋਣ, ਉਹੀ ਸੰਪਰਕ ਕਰਨ, ਪਰਚੇ ਦਰਜ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ। ਕੋਈ ਸਿਫਾਰਿਸ਼ ਨਹੀਂ ਚੱਲੇਗੀ।



# ਭਾਰਤੀ ਪ੍ਰਧਾਨਗੀ ਹੇਠ ਆਯੋਜਿਤ ਕਵਾਡ ਸੰਮੇਲਨ, ਇੰਡੋ-ਪੈਸੀਫਿਕ ਤੋਂ ਮੱਧ ਪੂਰਬ ਤੱਕ, ਬਦਲਦੀ ਗਲੋਬਲ ਰਣਨੀਤੀ ਦਾ ਇੱਕ ਨਵਾਂ ਸੰਕੇਤ



ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ
ਗੋਂਡੀਆ, ਮਹਾਰਾਸ਼ਟਰ
92841-41425
ਪੰਜਾਬ ਮੇਲ USA



**26** ਮਈ, 2026 ਨੂੰ ਨਵੀਂ ਦਿੱਲੀ ਵਿਚ ਹੋਈ ਕਵਾਡ ਵਿਦੇਸ਼ ਮੰਤਰੀਆਂ ਦੀ ਮੀਟਿੰਗ, ਸਿਰਫ਼ ਇੱਕ ਕੂਟਨੀਤਕ ਰਸਮ ਨਹੀਂ ਸੀ, ਸਗੋਂ ਚਾਰ ਪ੍ਰਮੁੱਖ ਲੋਕਤੰਤਰੀ ਸ਼ਕਤੀਆਂ: ਭਾਰਤ, ਸੰਯੁਕਤ ਰਾਜ, ਜਾਪਾਨ ਅਤੇ ਆਸਟ੍ਰੇਲੀਆ ਵਿਚਕਾਰ ਇੱਕ ਰਣਨੀਤਕ ਬ੍ਰੇਨਸਟਾਰਮਿੰਗ ਸੈਸ਼ਨ ਸੀ, ਜੋ ਤੇਜ਼ੀ ਨਾਲ ਬਦਲ ਰਹੇ ਵਿਸ਼ਵ ਸ਼ਕਤੀ ਸੰਤੁਲਨ ਦੇ ਵਿਚਕਾਰ ਸੀ। ਇੱਕ ਅਜਿਹੇ ਸਮੇਂ ਵਿਚ ਜਦੋਂ ਪੱਛਮੀ ਏਸ਼ੀਆ ਵਿਚ ਜੰਗ ਅਤੇ ਤਣਾਅ ਨੇ ਵਿਸ਼ਵ ਊਰਜਾ ਸੁਰੱਖਿਆ, ਸਮੁੰਦਰੀ ਵਪਾਰ ਅਤੇ ਸਪਲਾਈ ਚੇਨਾਂ ਨੂੰ ਅਸਥਿਰ ਕਰ ਦਿੱਤਾ ਹੈ, ਚੀਨ ਦੇ ਵਧ ਰਹੇ ਹਮਲਾਵਰਤਾ, ਸਮੁੰਦਰੀ ਵਿਸਥਾਰਵਾਦ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿਚ ਭੂ-ਰਾਜਨੀਤਿਕ ਮੁਕਾਬਲੇ ਨੇ ਵਿਸ਼ਵ ਸ਼ਕਤੀਆਂ ਦੀਆਂ ਚਿੰਤਾਵਾਂ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਇਸ ਪਿਛੋਕੜ ਦੇ ਵਿਰੁੱਧ, ਦਿੱਲੀ ਵਿਚ ਚਾਰ ਦੋਸਤ ਨਾ ਸਿਰਫ਼ ਬਿਆਨਾਂ ਦਾ ਆਦਾਨ-ਪ੍ਰਦਾਨ ਕਰਨ ਲਈ, ਸਗੋਂ ਭਵਿੱਖ ਦੇ ਵਿਸ਼ਵ ਵਿਵਸਥਾ ਲਈ ਨਵਾਂ ਰਸਤਾ ਤਿਆਰ ਕਰਨ ਲਈ ਇੱਕ ਪਲੇਟਫਾਰਮ 'ਤੇ ਪ੍ਰਗਟ ਹੋਏ। ਭਾਰਤੀ ਵਿਦੇਸ਼ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਅਤੇ ਸਾਂਝੀ ਪ੍ਰੈੱਸ ਕਾਨਫਰੰਸ ਨੇ ਸਪੱਸ਼ਟ ਤੌਰ 'ਤੇ ਸੰਕੇਤ ਦਿੱਤਾ ਕਿ ਕਵਾਡ ਹੁਣ ਸਿਰਫ਼ ਇੱਕ ਗੱਲਬਾਤ ਪਲੇਟਫਾਰਮ ਨਹੀਂ ਹੈ, ਸਗੋਂ ਵਿਸ਼ਵ ਰਣਨੀਤਕ ਸਥਿਰਤਾ, ਸਮੁੰਦਰੀ ਸੁਰੱਖਿਆ, ਤਕਨੀਕੀ ਸਹਿਯੋਗ ਅਤੇ ਇੱਕ ਨਿਯਮ-ਆਧਾਰਿਤ ਅੰਤਰਰਾਸ਼ਟਰੀ ਵਿਵਸਥਾ ਲਈ ਇੱਕ ਪ੍ਰਭਾਵਸ਼ਾਲੀ ਸਮੂਹ ਬਣ ਗਿਆ ਹੈ। ਮੈਂ, ਵਕੀਲ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਮੱਧ ਪੂਰਬ ਵਿਚ ਵਧ ਰਹੇ ਤਣਾਅ, ਅਮਰੀਕੀ ਫੌਜੀ ਗਤੀਵਿਧੀਆਂ, ਊਰਜਾ ਸੰਕਟ ਦੇ ਡਰ ਅਤੇ ਹਿੰਦ-ਪ੍ਰਸ਼ਾਂਤ ਵਿਚ ਵਧ ਰਹੀ ਮੁਕਾਬਲੇਬਾਜ਼ੀ ਦੇ ਵਿਚਕਾਰ, ਦਿੱਲੀ ਵਿਚ ਇਸ ਵਿਚਾਰ-ਵਟਾਂਦਰੇ ਨੂੰ ਵਿਸ਼ਵ ਰਾਜਨੀਤੀ ਦੇ ਭਵਿੱਖ ਦੇ ਰਾਹ ਨੂੰ ਆਕਾਰ ਦੇਣ ਵਿਚ ਇੱਕ ਮਹੱਤਵਪੂਰਨ ਮੀਲ ਪੱਥਰ ਮੰਨਿਆ ਜਾਂਦਾ ਹੈ।

ਦੋਸਤੋ, ਭਾਰਤ ਦੀ ਪ੍ਰਧਾਨਗੀ ਹੇਠ ਹੋਏ ਇਸ ਸਿਖਰ ਸੰਮੇਲਨ ਵਿਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਆਸਟ੍ਰੇਲੀਆਈ ਵਿਦੇਸ਼ ਮੰਤਰੀ ਪੈਨੀ ਵੋਂਗ ਅਤੇ ਜਾਪਾਨੀ ਵਿਦੇਸ਼ ਮੰਤਰੀ ਤੋਸ਼ੀਮਿਤਸੁ ਮੋਟੇਗੀ ਦੀ ਮੌਜੂਦਗੀ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਕਵਾਡ ਦੇਸ਼ਾਂ ਵਿਚ ਰਣਨੀਤਕ ਤਾਲਮੇਲ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਹੈ। ਇਹ ਮੀਟਿੰਗ ਅਜਿਹੇ ਸਮੇਂ ਹੋਈ ਜਦੋਂ ਪੂਰੀ ਦੁਨੀਆਂ ਪੱਛਮੀ ਏਸ਼ੀਆ ਦੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ। ਈਰਾਨ, ਅਮਰੀਕੀ ਫੌਜੀ ਗਤੀਵਿਧੀਆਂ ਅਤੇ ਊਰਜਾ ਸਪਲਾਈ ਰੂਟਾਂ ਲਈ ਵਧ ਰਹੇ ਖਤਰਿਆਂ ਨੇ ਵਿਸ਼ਵ ਆਰਥਿਕ ਅਸਥਿਰਤਾ ਦੇ ਡਰ ਨੂੰ ਵਧਾ ਦਿੱਤਾ ਹੈ। ਸਿੱਟੇ ਵਜੋਂ, ਨਵੀਂ ਦਿੱਲੀ ਵਿਚ ਇਹ ਮੀਟਿੰਗ ਸਿਰਫ਼ ਇੰਡੋ-ਪੈਸੀਫਿਕ ਤੱਕ ਸੀਮਤ ਨਹੀਂ ਸੀ, ਸਗੋਂ ਵਿਸ਼ਵ ਭੂ-ਰਾਜਨੀਤਿਕ ਚੁਣੌਤੀਆਂ ਅਤੇ ਆਰਥਿਕ ਸੁਰੱਖਿਆ ਦੇ ਵਿਆਪਕ ਪਹਿਲੂਆਂ ਨੂੰ ਵੀ ਸੰਬੋਧਿਤ ਕੀਤਾ ਗਿਆ ਸੀ। ਆਪਣੇ ਸ਼ੁਰੂਆਤੀ ਬਿਆਨ ਵਿਚ, ਭਾਰਤੀ ਵਿਦੇਸ਼ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਇੰਡੋ-ਪੈਸੀਫਿਕ ਖੇਤਰ ਵਿਸ਼ਵ ਵਿਕਾਸ ਅਤੇ ਸਥਿਰਤਾ ਦਾ ਇੱਕ ਮੁੱਖ ਇੰਜਣ ਬਣ ਗਿਆ ਹੈ। ਉਨ੍ਹਾਂ ਨੇ ਖੇਤਰ ਵਿਚ ਇੱਕ ਆਜ਼ਾਦ, ਖੁੱਲ੍ਹਾ ਅਤੇ ਸਮਾਵੇਸ਼ੀ ਵਾਤਾਵਰਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਇਹ ਨੋਟ ਕੀਤਾ ਕਿ ਕਿਸੇ ਵੀ ਤਰ੍ਹਾਂ ਦਾ ਦਬਾਅ, ਹਮਲਾਵਰਤਾ, ਜਾਂ ਇਕਪਾਸੜ ਸ਼ਕਤੀ ਪ੍ਰੋਜੈਕਟ ਖੇਤਰੀ ਸੰਤੁਲਨ ਲਈ ਖ਼ਤਰਾ ਪੈਦਾ ਕਰਦਾ ਹੈ। ਉਨ੍ਹਾਂ ਨੇ ਇੱਕ ਭਰੋਸੇਮੰਦ ਅਤੇ ਪਾਰਦਰਸ਼ੀ ਭਾਈਵਾਲੀ ਨੂੰ ਸਮੇਂ ਦੀ ਸਭ ਤੋਂ ਜ਼ਰੂਰੀ ਲੋੜ ਦੱਸਿਆ। ਉਨ੍ਹਾਂ ਦੇ ਬਿਆਨ ਨੂੰ ਚੀਨ ਦੀਆਂ ਹਮਲਾਵਰ ਨੀਤੀਆਂ ਅਤੇ ਵਿਸਥਾਰਵਾਦੀ ਰਣਨੀਤੀ ਦੇ ਅਸਿੱਧੇ ਸੰਦਰਭ ਵਜੋਂ ਦੇਖਿਆ ਗਿਆ। ਭਾਰਤ ਨੇ ਸਪੱਸ਼ਟ ਸੁਨੇਹਾ ਭੇਜਿਆ ਕਿ ਉਹ ਹਿੰਦ-ਪ੍ਰਸ਼ਾਂਤ ਖੇਤਰ ਵਿਚ ਕਿਸੇ ਵੀ ਅਸਥਿਰਤਾ ਨੂੰ ਸਵੀਕਾਰ ਨਹੀਂ ਕਰੇਗਾ ਅਤੇ ਖੇਤਰੀ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ।

ਦੋਸਤੋ, ਕਵਾਡ ਮੀਟਿੰਗ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਸਮੁੰਦਰੀ ਸੁਰੱਖਿਆ ਅਤੇ ਨੈਵੀਗੇਸ਼ਨ ਦੀ ਆਜ਼ਾਦੀ 'ਤੇ ਵਿਆਪਕ ਚਰਚਾ ਸੀ। ਹਿੰਦ-ਪ੍ਰਸ਼ਾਂਤ ਖੇਤਰ ਦੁਨੀਆਂ ਦਾ ਸਭ ਤੋਂ ਵੱਡਾ ਸਮੁੰਦਰੀ ਰਸਤਾ ਹੈ, ਜੋ ਵਿਸ਼ਵ ਵਪਾਰ ਦਾ ਇੱਕ ਮਹੱਤਵਪੂਰਨ ਹਿੱਸਾ ਲੈ ਕੇ ਜਾਂਦਾ ਹੈ। ਦੱਖਣੀ ਚੀਨ ਸਾਗਰ ਤੋਂ ਹਿੰਦ ਮਹਾਸਾਗਰ ਤੱਕ ਵਧਦੀ ਫੌਜੀ ਗਤੀਵਿਧੀ ਅਤੇ ਰਣਨੀਤਕ ਮੁਕਾਬਲੇ ਨੇ ਇਨ੍ਹਾਂ ਸਮੁੰਦਰੀ ਮਾਰਗਾਂ ਦੀ ਸੁਰੱਖਿਆ ਨੂੰ ਅੰਤਰਰਾਸ਼ਟਰੀ ਚਿੰਤਾ ਦਾ ਵਿਸ਼ਾ ਬਣਾ ਦਿੱਤਾ ਹੈ। ਮੀਟਿੰਗ ਵਿਚ ਅੰਤਰਰਾਸ਼ਟਰੀ ਸਮੁੰਦਰੀ ਕਾਨੂੰਨਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਕਿਸੇ ਵੀ ਦੇਸ਼ ਨੂੰ ਇਕਪਾਸੜ ਤੌਰ 'ਤੇ ਸਮੁੰਦਰੀ ਨਿਯੰਤਰਣ ਸਥਾਪਤ ਕਰਨ ਤੋਂ ਰੋਕਣ 'ਤੇ ਸਹਿਮਤੀ ਹੋਈ। ਇਸ ਸੰਦੇਸ਼ ਨੂੰ ਸਪੱਸ਼ਟ ਤੌਰ 'ਤੇ ਚੀਨ ਦੀਆਂ ਸਮੁੰਦਰੀ ਗਤੀਵਿਧੀਆਂ ਅਤੇ ਇਸਦੇ ਵਧਦੇ ਪ੍ਰਭਾਵ ਨੂੰ ਸੰਤੁਲਿਤ ਕਰਨ ਦੇ ਤਰੀਕੇ ਵਜੋਂ ਦੇਖਿਆ ਜਾ ਰਿਹਾ ਹੈ।

ਦੋਸਤੋ, ਮੀਟਿੰਗ ਵਿਚ ਵਿਸ਼ਵਵਿਆਪੀ ਸਪਲਾਈ ਚੇਨਾਂ ਨੂੰ ਮਜ਼ਬੂਤ ਕਰਨ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਰੂਸ-ਯੂਕਰੇਨ ਯੁੱਧ ਅਤੇ ਪੱਛਮੀ ਏਸ਼ੀਆ ਸੰਕਟ ਤੋਂ ਬਾਅਦ ਆਈ ਕੋਵਿਡ ਮਹਾਂਮਾਰੀ ਨੇ ਸਾਬਤ ਕਰ ਦਿੱਤਾ ਹੈ ਕਿ ਦੁਨੀਆਂ ਕਿਸੇ ਇੱਕ ਦੇਸ਼ ਜਾਂ ਖੇਤਰ 'ਤੇ ਬਹੁਤ ਜ਼ਿਆਦਾ ਨਿਰਭਰ ਨਹੀਂ ਹੋ ਸਕਦੀ। ਕਵਾਡ ਦੇਸ਼ ਮਹੱਤਵਪੂਰਨ ਖਣਿਜਾਂ ਅਤੇ ਦੁਰਲੱਭ ਧਰਤੀਆਂ ਲਈ ਸਪਲਾਈ ਚੇਨ ਨੂੰ ਮਜ਼ਬੂਤ ਕਰਨ ਲਈ ਸਹਿਮਤ ਹੋਏ। ਇਹ ਖਣਿਜ ਆਧੁਨਿਕ ਤਕਨਾਲੋਜੀ, ਇਲੈਕਟ੍ਰਿਕ ਵਾਹਨਾਂ, ਸੈਮੀਕੰਡਕਟਰਾਂ ਅਤੇ ਰੱਖਿਆ ਉਪਕਰਣਾਂ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਹੁਣ ਤੱਕ, ਇਨ੍ਹਾਂ ਖੇਤਰਾਂ ਵਿਚ ਚੀਨ ਨੂੰ ਪ੍ਰਮੁੱਖ ਮੰਨਿਆ ਜਾਂਦਾ ਰਿਹਾ ਹੈ, ਪਰ ਕਵਾਡ ਦੀ ਨਵੀਂ ਰਣਨੀਤੀ ਦਾ ਉਦੇਸ਼ ਕਿਸੇ ਇੱਕ ਦੇਸ਼ 'ਤੇ ਨਿਰਭਰਤਾ ਘਟਾਉਣ ਲਈ ਵਿਕਲਪਕ ਸਪਲਾਈ ਚੇਨਾਂ ਵਿਕਸਿਤ ਕਰਨਾ ਹੈ।

ਦੋਸਤੋ, ਭਾਰਤ ਅਤੇ ਅਮਰੀਕਾ ਵਿਚਕਾਰ ਮਹੱਤਵਪੂਰਨ ਖਣਿਜ ਸਪਲਾਈ ਲੜੀ 'ਤੇ ਹੋਏ ਸਮਝੌਤੇ ਨੂੰ ਇਸ ਮੀਟਿੰਗ ਦੀ ਇੱਕ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਇਹ ਸਮਝੌਤਾ ਨਾ ਸਿਰਫ਼ ਆਰਥਿਕ ਦ੍ਰਿਸ਼ਟੀਕੋਣ ਤੋਂ, ਸਗੋਂ ਰਣਨੀਤਕ ਦ੍ਰਿਸ਼ਟੀਕੋਣ ਤੋਂ ਵੀ ਮਹੱਤਵਪੂਰਨ ਹੈ। ਭਾਰਤ ਇੱਕ ਤੇਜ਼ੀ ਨਾਲ ਉੱਭਰ ਰਹੀ ਨਿਰਮਾਣ ਸ਼ਕਤੀ ਬਣਨ ਦੀ ਇੱਛਾ ਰੱਖਦਾ ਹੈ ਅਤੇ ਇਸਨੂੰ ਸੁਰੱਖਿਅਤ ਅਤੇ ਭਰੋਸੇਮੰਦ ਸਰੋਤ ਸਪਲਾਈ ਦੀ ਲੋੜ ਹੈ। ਇਸ ਦੌਰਾਨ, ਸੰਯੁਕਤ ਰਾਜ ਅਮਰੀਕਾ ਚੀਨ 'ਤੇ ਨਿਰਭਰਤਾ ਘਟਾਉਣ ਲਈ ਇੱਕ ਵਿਸ਼ਵਵਿਆਪੀ ਰਣਨੀਤੀ ਅਪਣਾ ਰਿਹਾ ਹੈ। ਸਿੱਟੇ ਵਜੋਂ, ਦੋਵਾਂ ਦੇਸ਼ਾਂ ਵਿਚਕਾਰ ਇਹ ਸਹਿਯੋਗ ਭਵਿੱਖ ਦੀ ਤਕਨੀਕੀ ਅਤੇ ਉਦਯੋਗਿਕ ਭਾਈਵਾਲੀ ਨੂੰ ਨਵੀਆਂ ਉਚਾਈਆਂ ਤੱਕ ਉੱਚਾ ਚੁੱਕ ਸਕਦਾ ਹੈ। ਮੀਟਿੰਗ ਵਿਚ ਉੱਭਰ ਰਹੀਆਂ ਤਕਨਾਲੋਜੀਆਂ ਅਤੇ ਸਾਈਬਰ ਸੁਰੱਖਿਆ 'ਤੇ ਵੀ ਵਿਆਪਕ ਚਰਚਾ ਕੀਤੀ ਗਈ। ਆਰਟੀਫੀਸ਼ੀਅਲ ਇੰਟੈਲੀਜੈਂਸ, ਕੁਆਂਟਮ ਕੰਪਿਊਟਿੰਗ, ਸੈਮੀਕੰਡਕਟਰ, ਸਾਈਬਰ ਰੱਖਿਆ ਅਤੇ ਡਿਜੀਟਲ ਬੁਨਿਆਦੀ ਢਾਂਚਾ ਗਲੋਬਲ ਪਾਵਰ ਸੰਤੁਲਨ ਲਈ ਨਵੇਂ ਸਾਧਨ ਬਣ ਗਏ ਹਨ। ਕਵਾਡ ਦੇਸ਼ ਇਨ੍ਹਾਂ ਖੇਤਰਾਂ ਵਿਚ ਸਹਿਯੋਗ ਵਧਾਉਣ ਅਤੇ ਇੱਕ ਸੁਰੱਖਿਅਤ ਤਕਨੀਕੀ ਈਕੋਸਿਸਟਮ ਵਿਕਸਤ ਕਰਨ ਲਈ ਸਹਿਮਤ ਹੋਏ। ਖਾਸ ਤੌਰ 'ਤੇ, ਸਾਈਬਰ ਅਪਰਾਧ ਅਤੇ ਡਿਜੀਟਲ ਜਾਸੂਸੀ ਸੰਬੰਧੀ ਸਾਂਝੀਆਂ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ। ਡਿਜੀਟਲ ਦੁਨੀਆਂ ਵਿਚ ਵਧ ਰਹੇ ਖਤਰਿਆਂ ਨੂੰ ਦੇਖਦੇ ਹੋਏ, ਇਹ ਸਹਿਯੋਗ ਭਵਿੱਖ ਵਿਚ ਰਣਨੀਤਕ ਮਹੱਤਵ ਦੀ ਨੀਂਹ ਬਣ ਸਕਦਾ ਹੈ।

ਦੋਸਤੋ, ਅੱਤਵਾਦ ਵਿਰੁੱਧ ਜ਼ੀਰੋ ਸਹਿਣਸ਼ੀਲਤਾ ਦੀ ਨੀਤੀ ਨੂੰ ਦੁਹਰਾਉਣਾ ਵੀ ਇਸ ਮੀਟਿੰਗ ਦਾ ਇੱਕ ਮਹੱਤਵਪੂਰਨ ਸੰਦੇਸ਼ ਸੀ। ਕਵਾਡ ਦੇਸ਼ਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕਿਸੇ ਵੀ ਕਿਸਮ ਦਾ ਅੱਤਵਾਦ ਮਨੁੱਖਤਾ ਅਤੇ ਵਿਸ਼ਵ ਸਥਿਰਤਾ ਲਈ ਖ਼ਤਰਾ ਪੈਦਾ ਕਰਦਾ ਹੈ। ਭਾਰਤ ਨੇ ਲੰਬੇ ਸਮੇਂ ਤੋਂ ਅੰਤਰਰਾਸ਼ਟਰੀ ਮੰਚਾਂ 'ਤੇ ਸਰਹੱਦ ਪਾਰ ਅੱਤਵਾਦ ਦੇ ਮੁੱਦੇ ਨੂੰ ਉਠਾਇਆ ਹੈ, ਅਤੇ ਇਸ ਵਾਰ ਵੀ, ਇਸਨੇ ਅੱਤਵਾਦ ਵਿਰੁੱਧ ਮਜ਼ਬੂਤ ਵਿਸ਼ਵਵਿਆਪੀ ਸਹਿਯੋਗ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਇਹ ਸੰਦੇਸ਼ ਖੇਤਰੀ ਸੁਰੱਖਿਆ ਤੱਕ ਸੀਮਤ ਨਹੀਂ ਸੀ, ਸਗੋਂ ਉਨ੍ਹਾਂ ਸ਼ਕਤੀਆਂ ਨੂੰ ਵੀ ਸੰਕੇਤ ਦਿੱਤਾ ਗਿਆ ਸੀ, ਜੋ ਅਸਿੱਧੇ ਤੌਰ 'ਤੇ ਅੱਤਵਾਦ ਦਾ ਸਮਰਥਨ ਕਰਦੀਆਂ ਹਨ। ਮੱਧ ਪੂਰਬ, ਜਾਂ ਪੱਛਮੀ ਏਸ਼ੀਆ ਦੀ ਸਥਿਤੀ 'ਤੇ ਚਰਚਾ ਨੇ ਮੀਟਿੰਗ ਨੂੰ ਹੋਰ ਵੀ ਵੱਡਾ ਵਿਸ਼ਵਵਿਆਪੀ ਮਹੱਤਵ ਦਿੱਤਾ। ਈਰਾਨ, ਅਮਰੀਕੀ ਫੌਜੀ ਹਮਲਿਆਂ ਅਤੇ ਖੇਤਰੀ ਟਕਰਾਵਾਂ ਨਾਲ ਸਬੰਧਤ ਤਣਾਅ ਨੇ ਵਿਸ਼ਵਵਿਆਪੀ ਤੇਲ ਸਪਲਾਈ ਅਤੇ ਸਮੁੰਦਰੀ ਵਪਾਰ ਮਾਰਗਾਂ ਵਿਚ ਵਿਘਨ ਪਾਉਣ ਦਾ ਡਰ ਪੈਦਾ ਕੀਤਾ ਹੈ। ਕਵਾਡ ਦੇਸ਼ਾਂ ਨੇ ਚਿੰਤਾ ਪ੍ਰਗਟ ਕੀਤੀ ਕਿ ਜੇਕਰ ਇਹ ਸੰਕਟ ਡੂੰਘਾ ਹੁੰਦਾ ਹੈ, ਤਾਂ ਇਸਦਾ ਵਿਸ਼ਵ ਅਰਥਵਿਵਸਥਾ 'ਤੇ ਗੰਭੀਰ ਪ੍ਰਭਾਵ ਪੈ ਸਕਦਾ ਹੈ। ਵਧਦੀਆਂ ਊਰਜਾ ਕੀਮਤਾਂ, ਸਪਲਾਈ ਲੜੀ ਵਿਚ ਵਿਘਨ ਅਤੇ ਆਰਥਿਕ ਅਸਥਿਰਤਾ ਪੂਰੀ ਦੁਨੀਆਂ ਨੂੰ ਪ੍ਰਭਾਵਤ ਕਰ ਸਕਦੀ ਹੈ। ਇਹੀ ਕਾਰਨ ਹੈ ਕਿ ਦਿੱਲੀ ਮੀਟਿੰਗ ਵਿਚ ਪੱਛਮੀ ਏਸ਼ੀਆ ਦੇ ਮੁੱਦੇ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ।

ਦੋਸਤੋ, ਮੀਟਿੰਗ ਨੇ ਇਹ ਵੀ ਸਪੱਸ਼ਟ ਕੀਤਾ ਕਿ ਕਵਾਡ ਹੁਣ ਸਿਰਫ਼ ਸੁਰੱਖਿਆ ਸਹਿਯੋਗ ਤੱਕ ਸੀਮਤ ਨਹੀਂ ਰਹਿਣਾ ਚਾਹੁੰਦਾ, ਸਗੋਂ ਆਰਥਿਕ, ਤਕਨੀਕੀ ਅਤੇ ਰਣਨੀਤਕ ਭਾਈਵਾਲੀ ਦੇ ਇੱਕ ਵਿਸ਼ਾਲ ਢਾਂਚੇ ਦੇ ਅੰਦਰ ਵਿਕਸਤ ਹੋ ਰਿਹਾ ਹੈ। ਇਹ ਸਮੂਹ ਲੋਕਤੰਤਰੀ ਮੁੱਲਾਂ, ਪਾਰਦਰਸ਼ਤਾ ਅਤੇ ਨਿਯਮ-ਅਧਾਰਤ ਵਿਵਸਥਾ 'ਤੇ ਆਧਾਰਿਤ ਇੱਕ ਵਿਕਲਪਿਕ ਵਿਸ਼ਵਵਿਆਪੀ ਸਹਿਯੋਗ ਮਾਡਲ ਵਜੋਂ ਉੱਭਰ ਰਿਹਾ ਹੈ। ਕਵਾਡ ਦੀ ਵਧਦੀ ਸਰਗਰਮੀ ਦਰਸਾਉਂਦੀ ਹੈ ਕਿ ਭਵਿੱਖ ਵਿਚ ਵਿਸ਼ਵ ਸ਼ਕਤੀ ਸੰਤੁਲਨ ਬਹੁ-ਧਰੁਵੀ ਵੱਲ ਤਬਦੀਲ ਹੋ ਸਕਦਾ ਹੈ। ਹਾਲਾਂਕਿ ਇਸ ਵਾਰ ਨੇਤਾਵਾਂ ਦਾ ਪੂਰਾ ਸੰਮੇਲਨ ਨਹੀਂ ਹੋ ਸਕਿਆ, ਪਰ ਵਿਦੇਸ਼ ਮੰਤਰੀਆਂ ਦੀ ਮੀਟਿੰਗ ਨੇ ਸਾਬਤ ਕੀਤਾ ਕਿ ਕਵਾਡ ਦੀ ਗਤੀ ਘੱਟ ਨਹੀਂ ਹੋਈ ਹੈ। ਭਾਰਤ ਨੇ ਰਸਮੀ ਤੌਰ 'ਤੇ ਕਵਾਡ ਦੀ ਪ੍ਰਧਾਨਗੀ ਆਸਟ੍ਰੇਲੀਆ ਨੂੰ ਸੌਂਪ ਦਿੱਤੀ। ਇਹ ਤਬਾਦਲਾ ਸਿਰਫ਼ ਪ੍ਰਕਿਰਿਆਤਮਕ ਨਹੀਂ ਹੈ, ਸਗੋਂ ਨਿਰੰਤਰ ਸਹਿਯੋਗ ਦਾ ਪ੍ਰਤੀਕ ਵੀ ਹੈ। ਆਸਟ੍ਰੇਲੀਆ ਦੀ ਨਵੀਂ ਭੂਮਿਕਾ ਭਵਿੱਖ ਵਿਚ ਇੰਡੋ-ਪੈਸੀਫਿਕ ਰਣਨੀਤੀ ਨੂੰ ਹੋਰ ਸਰਗਰਮ ਕਰ ਸਕਦੀ ਹੈ। ਇਹ ਮੀਟਿੰਗ ਭਾਰਤ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ ਕਿਉਂਕਿ ਇਸਨੇ ਇੱਕ ਵਾਰ ਫਿਰ ਗਲੋਬਲ ਕੂਟਨੀਤੀ ਵਿਚ ਆਪਣੀ ਕੇਂਦਰੀ ਭੂਮਿਕਾ ਸਥਾਪਤ ਕੀਤੀ ਹੈ। ਨਵੀਂ ਦਿੱਲੀ ਹੁਣ ਸਿਰਫ਼ ਦੱਖਣੀ ਏਸ਼ੀਆ ਦੀ ਰਾਜਨੀਤਿਕ ਰਾਜਧਾਨੀ ਨਹੀਂ ਹੈ, ਸਗੋਂ ਗਲੋਬਲ ਰਣਨੀਤਕ ਚਰਚਾ ਦਾ ਇੱਕ ਮਹੱਤਵਪੂਰਨ ਕੇਂਦਰ ਵੀ ਬਣ ਰਹੀ ਹੈ। ਰੂਸ-ਯੂਕਰੇਨ ਯੁੱਧ ਤੋਂ ਲੈ ਕੇ ਪੱਛਮੀ ਏਸ਼ੀਆ ਸੰਕਟ ਅਤੇ ਇੰਡੋ-ਪੈਸੀਫਿਕ ਸੁਰੱਖਿਆ ਤੱਕ, ਭਾਰਤ ਨੇ ਸੰਤੁਲਿਤ ਅਤੇ ਬਹੁਪੱਖੀ ਕੂਟਨੀਤੀ ਦਾ ਪ੍ਰਦਰਸ਼ਨ ਕੀਤਾ ਹੈ। ਕਵਾਡ ਮੀਟਿੰਗ ਦੀ ਸਫਲ ਮੇਜ਼ਬਾਨੀ ਨੇ ਇੱਕ ਸੰਦੇਸ਼ ਦਿੱਤਾ ਕਿ ਭਾਰਤ ਕੋਲ ਵਿਸ਼ਵ ਰਾਜਨੀਤੀ ਵਿਚ ਫੈਸਲਾਕੁੰਨ ਭੂਮਿਕਾ ਨਿਭਾਉਣ ਦੀ ਸਮਰੱਥਾ ਹੈ। ਕਵਾਡ ਬਾਰੇ ਚੀਨ ਦੀਆਂ ਚਿੰਤਾਵਾਂ ਵੀ ਵਧ ਰਹੀਆਂ ਹਨ। ਚੀਨ ਨੇ ਲੰਬੇ ਸਮੇਂ ਤੋਂ ਸਮੂਹ ਨੂੰ ਇੱਕ ਕਿਸਮ ਦਾ ਏਸ਼ੀਆਈ ਨਾਟੋ ਦੱਸਿਆ ਹੈ, ਹਾਲਾਂਕਿ ਕਵਾਡ ਦੇਸ਼ਾਂ ਨੇ ਲਗਾਤਾਰ ਕਿਹਾ ਹੈ ਕਿ ਇਹ ਕਿਸੇ ਦੇ ਵਿਰੁੱਧ ਫੌਜੀ ਗਠਜੋੜ ਨਹੀਂ ਹੈ। ਫਿਰ ਵੀ, ਅਸਲੀਅਤ ਇਹ ਹੈ ਕਿ ਹਿੰਦ-ਪ੍ਰਸ਼ਾਂਤ ਖੇਤਰ ਵਿਚ ਚੀਨ ਦੀ ਵਧਦੀ ਸ਼ਕਤੀ ਅਤੇ ਹਮਲਾਵਰ ਰਣਨੀਤੀ ਨੇ ਕਵਾਡ ਨੂੰ ਹੋਰ ਵੀ ਢੁਕਵਾਂ ਬਣਾ ਦਿੱਤਾ ਹੈ। ਦੱਖਣੀ ਚੀਨ ਸਾਗਰ, ਤਾਈਵਾਨ ਜਲਡਮਰੂ ਅਤੇ ਹਿੰਦ ਮਹਾਸਾਗਰ ਵਿਚ ਵਧਦੀਆਂ ਗਤੀਵਿਧੀਆਂ ਨੇ ਖੇਤਰੀ ਦੇਸ਼ਾਂ ਨੂੰ ਇੱਕ ਸਮੂਹਿਕ ਰਣਨੀਤੀ ਅਪਣਾਉਣ ਲਈ ਪ੍ਰੇਰਿਤ ਕੀਤਾ ਹੈ। ਦਿੱਲੀ ਵਿਚ ਇਹ ਮੀਟਿੰਗ ਵਿਸ਼ਵ ਰਾਜਨੀਤੀ ਵਿਚ ਇੱਕ ਪਰਿਵਰਤਨਸ਼ੀਲ ਦੌਰ ਨੂੰ ਵੀ ਦਰਸਾਉਂਦੀ ਹੈ, ਜਿੱਥੇ ਸੁਰੱਖਿਆ, ਤਕਨਾਲੋਜੀ, ਅਰਥਵਿਵਸਥਾ ਅਤੇ ਊਰਜਾ ਡੂੰਘਾਈ ਨਾਲ ਜੁੜੇ ਹੋਏ ਹਨ। ਜੰਗਾਂ ਹੁਣ ਸਿਰਫ਼ ਸਰਹੱਦਾਂ 'ਤੇ ਨਹੀਂ ਲੜੀਆਂ ਜਾਂਦੀਆਂ, ਸਗੋਂ ਸਪਲਾਈ ਚੇਨਾਂ, ਡੇਟਾ, ਸਾਈਬਰਸਪੇਸ ਅਤੇ ਸਮੁੰਦਰੀ ਮਾਰਗਾਂ 'ਤੇ ਵੀ ਸ਼ਕਤੀ ਸੰਘਰਸ਼ ਹੋ ਰਹੇ ਹਨ। ਕਵਾਡ ਦੀ ਨਵੀਂ ਰਣਨੀਤੀ ਇਸ ਬਦਲਦੀ ਹੋਈ ਵਿਸ਼ਵਵਿਆਪੀ ਹਕੀਕਤ ਨੂੰ ਦਰਸਾਉਂਦੀ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਬਿਰਤਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਨਵੀਂ ਦਿੱਲੀ ਵਿਚ ਹੋਈ ਕਵਾਡ ਵਿਦੇਸ਼ ਮੰਤਰੀਆਂ ਦੀ ਮੀਟਿੰਗ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਵਿਸ਼ਵ ਰਾਜਨੀਤੀ ਇੱਕ ਨਵੇਂ ਮੋੜ 'ਤੇ ਹੈ। ਇੰਡੋ-ਪੈਸੀਫਿਕ ਸੁਰੱਖਿਆ, ਪੱਛਮੀ ਏਸ਼ੀਆ ਵਿਚ ਸੰਕਟ, ਊਰਜਾ ਸਪਲਾਈ, ਸਾਈਬਰ ਸੁਰੱਖਿਆ, ਮਹੱਤਵਪੂਰਨ ਖਣਿਜ ਅਤੇ ਗਲੋਬਲ ਸਪਲਾਈ ਚੇਨ ਵਰਗੇ ਮੁੱਦੇ ਹੁਣ ਵੱਖਰੇ ਨਹੀਂ ਹਨ। ਇਨ੍ਹਾਂ ਸਾਰੀਆਂ ਚੁਣੌਤੀਆਂ ਦੇ ਹੱਲ ਸਮੂਹਿਕ ਸਹਿਯੋਗ ਅਤੇ ਭਰੋਸੇਯੋਗ ਭਾਈਵਾਲੀ ਵਿਚ ਹਨ। ਦਿੱਲੀ ਵਿਚ ਇਹ ਰਣਨੀਤਕ ਵਿਚਾਰ-ਵਟਾਂਦਰਾ ਆਉਣ ਵਾਲੇ ਸਾਲਾਂ ਲਈ ਗਲੋਬਲ ਰਾਜਨੀਤੀ ਦੀ ਨੀਂਹ ਬਣ ਸਕਦਾ ਹੈ। ਭਾਰਤ ਦੀ ਸਰਗਰਮ ਭੂਮਿਕਾ, ਅਮਰੀਕਾ ਦੀਆਂ ਰਣਨੀਤਕ ਤਰਜੀਹਾਂ, ਜਾਪਾਨ ਦੀਆਂ ਸੁਰੱਖਿਆ ਚਿੰਤਾਵਾਂ ਅਤੇ ਆਸਟ੍ਰੇਲੀਆ ਦੀ ਖੇਤਰੀ ਸ਼ਮੂਲੀਅਤ ਇਕੱਠੇ ਇੱਕ ਨਵੇਂ ਗਲੋਬਲ ਢਾਂਚੇ ਵੱਲ ਇਸ਼ਾਰਾ ਕਰਦੀ ਹੈ, ਜਿੱਥੇ ਲੋਕਤੰਤਰੀ ਸ਼ਕਤੀਆਂ ਵਿਸ਼ਵ ਵਿਵਸਥਾ ਵਿਚ ਸੰਤੁਲਨ ਬਣਾਈ ਰੱਖਣ ਲਈ ਇਕੱਠੇ ਕੰਮ ਕਰ ਰਹੀਆਂ ਹਨ।





ਡਾਕਟਰ ਅਜੀਤ ਸਿੰਘ ਕੋਟਕਪੂਰਾ
ਮੋਬਾਈਲ : +1-657-464-4066
ਪੰਜਾਬ ਮੇਲ USA



# ਸੂਝ ਬੂਝ

## ਬੱਚਿਆਂ ਲਈ ਕਹਾਣੀ

ਹਰਲਾਭ ਸਿੰਘ ਹੁਣ ਇਕ ਆਜ਼ਾਦ ਪੰਛੀ ਸੀ। ਪਹਿਲਾਂ ਉਸ 'ਤੇ ਸਰਕਾਰ ਵਲੋਂ ਲਾਈਆਂ ਪਾਬੰਦੀਆਂ ਸਨ। ਸਮੇਂ ਸਿਰ ਸਕੂਲ ਜਾਣਾ, ਉਥੇ ਬੱਚਿਆਂ ਨਾਲ ਦੋਸਤੀ ਬਣਾਉਣੀ, ਉਨ੍ਹਾਂ ਨੂੰ ਪੰਜਾਬੀ ਪੜ੍ਹਾਉਣੀ, ਸਵਾਲ ਕਢਵਾਉਣੇ, ਬੱਚਿਆਂ ਦੀਆਂ ਮੁਸ਼ਕਲਾਂ ਹੱਲ ਕਰਨੀਆਂ ਪੈਂਦੀਆਂ ਸਨ ਅਤੇ ਸਕੂਲ ਵਿਚੋਂ ਛੁੱਟੀ ਹੋਣ ਦਾ ਸਮਾਂ ਵੀ ਨਿਸ਼ਚਿਤ ਸੀ ਅਤੇ ਆਪਣੀ ਮਰਜ਼ੀ ਨਾਲ ਨਾ ਸਕੂਲ ਪਹੁੰਚਣ ਦਾ ਸਮਾਂ ਤੇ ਨਾ ਹੀ ਛੁੱਟੀ ਹੋਣ ਦਾ ਸਮਾਂ ਬਦਲ ਸਕਦਾ ਸੀ। ਭਾਵੇਂ ਉਸ ਨੂੰ ਆਪਣੇ ਵਿਦਿਆਰਥੀਆਂ ਨਾਲ ਸਮਾਂ ਬਿਤਾ ਕੇ ਅਤੇ ਉਨ੍ਹਾਂ ਦੀਆਂ ਪੜ੍ਹਾਈ ਸਬੰਧੀ ਨਿੱਕੀਆਂ ਵੱਡੀਆਂ ਮੁਸ਼ਕਲਾਂ ਹੱਲ ਕਰਕੇ ਖੁਸ਼ੀ ਮਿਲਦੀ ਸੀ। ਪ੍ਰੰਤੂ ਉਹ ਸਮੇਂ ਦੇ ਬੰਧਨ ਵਿਚ ਬੱਝਾ ਹੋਇਆ ਸੀ। ਹੁਣ ਉਸ ਦੀ ਸੇਵਾ ਨਵਿਰਤੀ ਹੋ ਜਾਣ ਕਾਰਨ ਸਮੇਂ ਦੇ ਬੰਧਨ ਵਿਚੋਂ ਛੁਟਕਾਰਾ ਪਾ ਚੁੱਕਾ ਸੀ। ਹੁਣ ਉਸ ਨੇ ਆਪਣਾ ਨਿਤਨੇਮ ਬਦਲ ਲਿਆ ਸੀ। ਪਹਿਲਾਂ ਦੀ ਤਰ੍ਹਾਂ ਹੀ ਸਵੇਰੇ ਉੱਠ ਕੇ ਸੈਰ ਨੂੰ ਚਲੇ ਜਾਂਦੇ ਸਨ। ਖੇਤਾਂ ਦੀ ਹਰਿਆਲੀ ਨੂੰ ਮਾਣਦੇ ਹੋਏ ਆਲਾ-ਦੁਆਲਾ ਦੇਖਦੇ ਹੋਏ ਅੱਗੇ ਵਧਦੇ ਜਾਂਦੇ ਸਨ। ਖੇਤਾਂ ਵਿਚ ਕੰਮ ਕਰਦੇ ਕਾਮਿਆਂ ਨਾਲ ਗੱਲਾਂ ਕਰਦੇ ਹੋਏ ਆਪਣੀ ਸੈਰ ਪੂਰੀ ਕਰ ਘਰ ਵਾਪਸ ਆ ਜਾਇਆ ਕਰਦੇ ਸਨ। ਫਿਰ ਇਸ਼ਨਾਨ ਪਾਣੀ ਕਰਨ ਤੋਂ ਬਾਅਦ ਹੁਣ ਥੋੜ੍ਹਾ ਸਮਾਂ ਆਪਣੇ ਪ੍ਰਮਾਤਮਾ ਨੂੰ ਯਾਦ ਕਰਨ 'ਚ ਬਿਤਾਇਆ ਕਰਦੇ ਸਨ। ਉਸ ਤੋਂ ਬਾਅਦ ਨਾਸ਼ਤਾ ਕਰਦੇ ਸਨ। ਇਸ ਤਰ੍ਹਾਂ ਨਾਲ ਉਨ੍ਹਾਂ ਨੇ ਆਪਣਾ ਦਿਨ ਸ਼ੁਰੂ ਕਰਨਾ ਚਾਲੂ ਕਰ ਦਿੱਤਾ ਸੀ। ਇਸ ਤੋਂ ਬਾਅਦ ਉਹ ਥੋੜੀ ਦੇਰ ਆਰਾਮ ਕਰਦੇ ਸਨ ਅਤੇ ਆਪਣੇ ਛੋਟੇ-ਛੋਟੇ ਪੋਤੇ ਅਤੇ ਪੋਤੀਆਂ ਨਾਲ ਸਮਾਂ ਬਿਤਾ ਲਿਆ ਕਰਦੇ ਸਨ। ਇਸ ਤੋਂ ਬਾਅਦ ਉਨ੍ਹਾਂ ਦੇ ਵੱਡੇ ਪਰਿਵਾਰ ਦੇ ਸਕੂਲ ਗਏ ਬੱਚੇ ਵਾਪਸ ਆ ਜਾਂਦੇ ਸਨ। ਬੱਚਿਆਂ ਨੇ ਥੋੜੀ ਦੇਰ ਆਰਾਮ ਕਰਨਾ ਹੁੰਦਾ ਸੀ ਅਤੇ ਆਰਾਮ ਕਰਨ ਤੋਂ ਬਾਅਦ ਉਹ ਆਪਣਾ ਸਕੂਲ ਦਾ ਕੰਮ ਖਤਮ ਕਰਨ ਲਈ ਆਪਣਾ ਦਾਦਾ ਜੀ ਕੋਲ ਆ ਜਾਇਆ ਕਰਦੇ ਸਨ। ਸਕੂਲ ਦਾ ਕੰਮ ਖਤਮ ਕਰਨ ਤੋਂ ਬਾਅਦ ਬੱਚੇ ਆਪਣੀ ਮਾਵਾਂ ਤੋਂ ਮੋਬਾਈਲ ਲੈ ਕੇ ਖੇਡਣ ਵਿਚ ਮਸਤ ਹੋ ਜਾਂਦੇ ਸਨ। ਮਾਵਾਂ ਮੋਬਾਈਲ ਇਸ ਲਈ ਦੇ ਦਿਆ ਕਰਦੀਆਂ ਸਨ ਕਿ ਉਹ ਉਨ੍ਹਾਂ ਨੂੰ ਤੰਗ ਨਾ ਕਰਨ ਅਤੇ ਉਹ ਆਪਣੇ ਘਰੇਲੂ ਕੰਮ ਕਰ ਸਕਣ, ਕਿਉਂ ਜੋ ਉਹ ਆਪਣੇ ਆਪਣੇ ਦਫਤਰਾਂ ਵਿਚੋਂ ਆਈਆਂ ਸਨ ਅਤੇ ਘਰ ਦੇ ਕੰਮ ਕਰਨ ਲਈ ਉਹ ਆਪਣਾ ਹੱਥ ਵੇਹਲਾ ਚਾਹੁੰਦੀਆਂ ਸਨ। ਹਰਲਾਭ ਸਿੰਘ ਇਹ ਸਭ ਦੇਖਦਾ ਸੀ ਅਤੇ ਬੱਚਿਆਂ ਨੂੰ ਮੋਬਾਈਲ 'ਤੇ ਨਾ ਖੇਡਣ ਲਈ ਆਖਦਾ ਸੀ। ਪ੍ਰੰਤੂ ਉਸ ਦੇ ਆਖਣ ਦਾ ਨਾ ਬੱਚਿਆਂ 'ਤੇ, ਨਾ ਹੀ ਉਨ੍ਹਾਂ ਦੀਆਂ ਮਾਵਾਂ 'ਤੇ ਕੋਈ ਅਸਰ ਹੋ ਰਿਹਾ ਸੀ। ਉਸ ਨੂੰ ਇਹ ਬਿਲਕੁਲ ਵੀ ਪਸੰਦ ਨਹੀਂ ਸੀ ਕਿ ਬੱਚੇ ਆਪਣਾ ਵੇਹਲਾ ਸਮਾਂ ਮੋਬਾਈਲ 'ਤੇ ਹੀ ਬਿਤਾਉਣ। ਕਾਫੀ ਸੋਚ ਵਿਚਾਰ ਕਰਨ ਤੋਂ ਬਾਅਦ ਉਸ ਨੇ ਆਪਣੀ ਸੂਝ-ਬੂਝ ਵਰਤ ਕੇ, ਬੱਚਿਆਂ ਤੋਂ ਮੋਬਾਈਲ ਛਡਾਉਣ ਲਈ, ਸ਼ਾਮ ਨੂੰ ਬੱਚਿਆਂ ਨੂੰ ਇਕੱਠਾ ਕਰਨਾ ਸ਼ੁਰੂ ਕਰ ਲਿਆ ਤੇ ਨਾਲ ਦੀ ਖੁੱਲ੍ਹੀ ਥਾਂ ਵਿਚ ਖਿਡਾਉਣਾ ਸ਼ੁਰੂ ਕਰ ਲਿਆ। ਨਵੀਆਂ-ਨਵੀਆਂ ਖੇਡਾਂ ਜਿਵੇਂ ਖੋ-ਖੋ, ਕੋਟਲਾ ਛੁਪਾਕੀ ਆਦਿ ਖਿਡਾਉਣੀਆਂ ਚਾਲੂ ਕਰ ਦਿੱਤੀਆਂ। ਵੱਡਾ ਪਰਿਵਾਰ ਹੋਣ ਕਾਰਨ ਟੀਮ ਤਾਂ ਘਰ ਵਿਚ ਹੀ ਪੂਰੀ ਹੋ ਜਾਂਦੀ ਸੀ।

ਉਸ ਦੇ ਪਰਿਵਾਰ ਵਿਚ ਉਸ ਦੇ ਚਾਰ ਲੜਕੇ ਸਨ। ਚਾਰੇ ਪੜ੍ਹੇ-ਲਿਖੇ ਸਨ ਅਤੇ ਵੱਖ-ਵੱਖ ਖੇਤਰਾਂ ਵਿਚ ਨੌਕਰੀਆਂ ਕਰਦੇ ਸਨ। ਉਸ ਦੀਆਂ ਨੂੰਹਾਂ ਵੀ ਪੜ੍ਹੀਆਂ ਹੋਈਆਂ ਸਨ ਅਤੇ ਉਹ ਵੀ ਵੱਖ-ਵੱਖ ਖੇਤਰਾਂ ਵਿਚ ਨੌਕਰੀਆਂ ਕਰਦੀਆਂ ਸਨ। ਸਾਰਾ ਪਰਿਵਾਰ ਇਕੱਠਾ ਹੀ ਸੀ ਅਤੇ ਇਸ ਤਰ੍ਹਾਂ ਬੱਚਿਆਂ ਨੂੰ ਸਿੱਧੇ ਰਾਹ ਪਾਉਣ ਲਈ ਹਰਲਾਭ ਸਿੰਘ ਅਤੇ ਉਸ ਦੀ ਪਤਨੀ ਪੂਰੀ ਮਦਦ ਕਰ ਰਹੇ ਸਨ। ਜਿਸ ਦਿਨ ਮੌਸਮ ਖੇਡਾਂ ਦੇ ਅਨੁਕੂਲ ਨਾ ਹੁੰਦਾ, ਹਰਲਾਭ ਸਿੰਘ ਸਾਰਿਆਂ ਨੂੰ ਆਪਣੇ ਆਲੇ-ਦੁਆਲੇ ਬਿਠਾ ਲਿਆ ਕਰਦਾ ਸੀ ਅਤੇ ਕੋਈ ਨਾ ਕੋਈ ਸਿੱਖਿਆਦਾਇਕ ਕਹਾਣੀ ਸੁਣਾਉਣ ਲੱਗ ਜਾਂਦਾ ਸੀ। ਹਰ ਕਹਾਣੀ ਵਿਚ ਬੱਚਿਆਂ ਨੂੰ ਆਨੰਦ ਪ੍ਰਾਪਤ ਹੁੰਦਾ ਸੀ। ਕਹਾਣੀ ਅਜਿਹੀ ਹੁੰਦੀ, ਜਿਸ ਵਿਚ ਛੋਟੇ-ਵੱਡੇ ਸਾਰੇ ਹੀ ਖੁਸ਼ੀ ਪ੍ਰਾਪਤ ਕਰਦੇ ਸੀ। ਸਕੂਲ ਅਧਿਆਪਕ ਰਿਹਾ ਹੋਣ ਕਾਰਨ ਉਸ ਨੂੰ ਕਹਾਣੀ ਅੰਦਰ ਉਤਸੁਕਤਾ ਅਤੇ ਦਿਲਚਸਪੀ ਬਣਾਈ ਰੱਖਣ ਦਾ ਢੰਗ ਵੀ ਸੀ। ਹਰਲਾਭ ਸਿੰਘ ਦਾ ਵਿਚਾਰ ਸੀ ਕਿ ਇਸ ਢੰਗ ਨਾਲ ਉਹ ਬੱਚਿਆਂ ਨੂੰ ਮੋਬਾਈਲ ਤੋਂ ਹਟਾ ਸਕਦਾ ਸੀ।

**ਪਹਿਲਾਂ ਦੀ ਤਰ੍ਹਾਂ ਹੀ ਸਵੇਰੇ ਉੱਠ ਕੇ ਸੈਰ ਨੂੰ ਚਲੇ ਜਾਂਦੇ ਸਨ। ਖੇਤਾਂ ਦੀ ਹਰਿਆਲੀ ਨੂੰ ਮਾਣਦੇ ਹੋਏ ਆਲਾ-ਦੁਆਲਾ ਦੇਖਦੇ ਹੋਏ ਅੱਗੇ ਵਧਦੇ ਜਾਂਦੇ ਸਨ। ਖੇਤਾਂ ਵਿਚ ਕੰਮ ਕਰਦੇ ਕਾਮਿਆਂ ਨਾਲ ਗੱਲਾਂ ਕਰਦੇ ਹੋਏ ਆਪਣੀ ਸੈਰ ਪੂਰੀ ਕਰ ਘਰ ਵਾਪਸ ਆ ਜਾਇਆ ਕਰਦੇ ਸਨ। ਫਿਰ ਇਸ਼ਨਾਨ ਪਾਣੀ ਕਰਨ ਤੋਂ ਬਾਅਦ ਹੁਣ ਥੋੜ੍ਹਾ ਸਮਾਂ ਆਪਣੇ ਪ੍ਰਮਾਤਮਾ ਨੂੰ ਯਾਦ ਕਰਨ 'ਚ ਬਿਤਾਇਆ ਕਰਦੇ ਸਨ। ਉਸ ਤੋਂ ਬਾਅਦ ਨਾਸ਼ਤਾ ਕਰਦੇ ਸਨ। ਇਸ ਤਰ੍ਹਾਂ ਨਾਲ ਉਨ੍ਹਾਂ ਨੇ ਆਪਣਾ ਦਿਨ ਸ਼ੁਰੂ ਕਰਨਾ ਚਾਲੂ ਕਰ ਦਿੱਤਾ ਸੀ। ਇਸ ਤੋਂ ਬਾਅਦ ਉਹ ਥੋੜੀ ਦੇਰ ਆਰਾਮ ਕਰਦੇ ਸਨ ਅਤੇ ਆਪਣੇ ਛੋਟੇ-ਛੋਟੇ ਪੋਤੇ ਅਤੇ ਪੋਤੀਆਂ ਨਾਲ ਸਮਾਂ ਬਿਤਾ ਲਿਆ ਕਰਦੇ ਸਨ।**

ਇਕ ਦਿਨ ਸਾਰੇ ਬੱਚੇ ਆਪੋ-ਆਪਣਾ ਸਕੂਲ ਦਾ ਕੰਮ ਨਿਬੇੜ ਕੇ ਖੇਡਣ ਲਈ ਤਿਆਰ ਹੋ ਰਹੇ ਸਨ ਅਤੇ ਸਾਰੇ ਬੱਚੇ ਹਾਲੇ ਵੇਹਲੇ ਨਹੀਂ ਹੋਏ ਸਨ, ਤਾਂ ਹਰਲਾਭ ਸਿੰਘ ਨੇ ਬੱਚਿਆਂ ਨੂੰ ਘਰ ਦੇ ਅੰਦਰ ਵੇਹੜੇ ਅੰਦਰ ਬਣਾਈ ਹੋਈ ਕਿਆਰੀ 'ਚ ਸਬਜ਼ੀਆਂ ਬੀਜਣ ਦਾ ਮਨ ਬਣਾ ਲਿਆ। ਉਸ ਨੇ ਵੱਡੇ ਬੱਚਿਆਂ ਨੂੰ ਕਿਆਰੀ ਅੰਦਰੋਂ ਵਾਧੂ ਘਾਹ ਕੱਢਣ ਲਈ ਆਖਿਆ, ਤਾਂ ਸਾਰੇ ਤਿਆਰ ਹੋ ਗਏ। ਬਚੇ ਰੰਬੇ ਦੀ ਮਦਦ ਨਾਲ ਇਸ ਕੰਮ ਵਿਚ ਲੱਗ ਪਏ। ਛੋਟੇ ਬੱਚਿਆਂ ਨੂੰ ਸਾਰੇ ਕੱਢੇ ਹੋਏ ਘਾਹ ਨੂੰ ਇਕੱਠਾ ਕਰਕੇ ਇਕ ਪਾਸੇ ਢੇਰ ਲਗਾ ਦਿੱਤਾ। ਜਦੋਂ ਬੱਚਿਆਂ ਨੇ ਪੁੱਛਿਆ ਕਿ ਇਸ ਘਾਹ ਨੂੰ ਕੀ ਕਰਾਂਗੇ, ਤਾਂ ਉਨ੍ਹਾਂ ਨੂੰ ਦੱਸਿਆਂ ਇਨ੍ਹਾਂ ਨੂੰ ਟੋਇਆ ਪੱਟ ਕੇ ਦੱਬ ਦੇਵਾਂਗੇ ਅਤੇ ਕੁਝ ਸਮੇਂ ਬਾਅਦ ਇਸ ਦੀ ਖਾਦ ਬਣ ਜਾਵੇਗੀ, ਜਿਹੜੀ ਕੁਦਰਤੀ ਖਾਦ ਹੋਵੇਗੀ ਅਤੇ ਸਾਨੂੰ ਰਸਾਇਣਕ ਖਾਦ ਦੀ ਲੋੜ ਨਹੀਂ ਪਵੇਗੀ। ਇਸ ਤਰ੍ਹਾਂ ਬੱਚਿਆਂ ਤੋਂ ਕੋਈ ਨਾ ਕੋਈ ਕੰਮ ਵੀ ਲੈ ਲਿਆ ਜਾਂਦਾ ਸੀ। ਬੱਚੇ ਰੁੱਝੇ ਰਹਿੰਦੇ ਸਨ ਅਤੇ ਮੋਬਾਈਲ ਤੋਂ ਪਾਸੇ ਰਹਿੰਦੇ ਸਨ। ਕਈ ਵਾਰ ਬੱਚੇ ਇਕੱਠੇ ਹੋ ਕਹਾਣੀ ਸੁਣਾਉਣ ਲਈ ਵੀ ਆਖਦੇ ਸਨ, ਤਾਂ ਹਰਲਾਭ ਸਿੰਘ ਉਨ੍ਹਾਂ ਨੂੰ ਕਹਾਣੀ ਸੁਣਾਉਣ ਲੱਗ ਜਾਂਦੇ ਸੀ। ਇਕ ਵਾਰ ਸਾਰੇ ਬੱਚੇ ਵੇਹਲੇ ਹੋ ਕੇ ਆਪਣੇ ਦਾਦਾ ਜੀ ਨੂੰ ਕਹਿਣ ਲੱਗੇ ਕਿ ਅੱਜ ਤਾਂ ਸਾਨੂੰ ਕੋਈ ਕਹਾਣੀ ਸੁਣਾਓ। ਤਾਂ ਹਰਲਾਭ ਸਿੰਘ ਨੇ ਸਾਰਿਆਂ ਨੂੰ ਕੋਲ ਬਿਠਾ ਲਿਆ ਤੇ ਕਹਾਣੀ ਸੁਣਾਉਣ ਲੱਗੇ। ਛੋਟੇ ਬੱਚੇ ਅੱਗੇ ਬੈਠੇ ਸਨ, ਜਦੋਂ ਕਿ ਵੱਡੇ ਬੱਚੇ ਪਿੱਛੇ ਹੋ ਨੇੜੇ ਹੋ ਕੇ ਬੈਠ ਗਏ।

ਉਨ੍ਹਾਂ ਨੇ ਸ਼ੁਰੂ ਕੀਤਾ ਕਿ ਇਕ ਵਾਰ ਇਕ ਰਾਜਾ ਸੀ, ਜਿਸ ਨੇ ਆਪਣੀ ਪਰਜਾ ਨੂੰ ਹੋਕਾ ਦਿਵਾ ਦਿੱਤਾ ਕਿ ਹਰ ਰੋਜ਼ ਮੈਨੂੰ ਕੋਈ ਨਵੀਂ ਕਹਾਣੀ ਜਾਂ ਕੋਈ ਕਿੱਸਾ ਸੁਣਾਇਆ ਜਾਵੇ। ਜੋ ਕੋਈ ਵਧੀਆ ਕਹਾਣੀ ਜਾਂ ਕਿੱਸਾ ਸੁਣਾਵੇਗਾ, ਉਸ ਨੂੰ ਇਨਾਮ ਦਿੱਤਾ ਜਾਵੇਗਾ। ਇਸ ਤਰ੍ਹਾਂ ਰਾਜੇ ਕੋਲ ਕਹਾਣੀਆਂ ਸੁਣਾਉਣ ਵਾਲੇ ਆਉਣ ਲੱਗ ਪਏ ਅਤੇ ਰਾਜੇ ਤੋਂ ਇਨਾਮ ਪ੍ਰਾਪਤ ਕਰਨ ਲੱਗੇ। ਫਿਰ ਰਾਜੇ ਦੇ ਮਨ ਵਿਚ ਲੰਬੀ ਕਹਾਣੀ ਸੁਣਨ ਦਾ ਵਿਚਾਰ ਆਇਆ ਅਤੇ ਫਿਰ ਤੋਂ ਹੋਕਾ ਦਿਵਾਇਆ ਗਿਆ ਕਿ ਜੇਕਰ ਰਾਜੇ ਨੂੰ ਕੋਈ ਲੰਬੀ ਕਹਾਣੀ ਸੁਣਾਵੇਗਾ, ਤਾਂ ਉਸ ਨੂੰ ਮੂੰਹ ਮੰਗਿਆ ਇਨਾਮ ਮਿਲੇਗਾ ਅਤੇ ਜੇ ਕਹਾਣੀ ਰਾਜੇ ਨੂੰ ਪਸੰਦ ਨਹੀਂ ਆਵੇਗੀ, ਤਾਂ ਉਸ ਨੂੰ ਦੋ ਮਹੀਨੇ ਜੇਲ ਦੇ ਅੰਦਰ ਬਿਤਾਉਣੇ ਪੈਣਗੇ।

ਪਤਾ ਲੱਗਣ 'ਤੇ ਦੂਰੋਂ-ਨੇੜਿਓਂ ਬਹੁਤ ਵੱਡੇ-ਵੱਡੇ ਅਤੇ ਪ੍ਰਸਿੱਧੀ ਪ੍ਰਾਪਤ ਕਹਾਣੀਕਾਰ ਆਪਣੀਆਂ ਲੰਬੀਆਂ-ਲੰਬੀਆਂ ਕਹਾਣੀਆਂ ਲੈ ਕੇ ਆਏ ਅਤੇ ਰਾਜੇ ਨੂੰ ਆਪਣੀਆਂ ਕਹਾਣੀਆਂ ਸੁਣਾਈਆਂ। ਕਹਾਣੀ ਸੁਣ ਲੈਣ ਤੋਂ ਬਾਅਦ ਰਾਜਾ ਕਿਹਾ ਕਰਦਾ ਸੀ ਕਿ ਤੇਰੀ ਕਹਾਣੀ ਛੋਟੀ ਹੈ ਅਤੇ ਮਜ਼ੇਦਾਰ ਨਾ ਹੋਣ ਕਰਕੇ ਚੰਗੀ ਨਹੀਂ ਲੱਗੀ ਹੈ। ਅਸਲ ਵਿਚ ਕਹਾਣੀਆਂ ਤਾਂ ਚੰਗੀਆਂ ਸਨ ਅਤੇ ਕਾਫੀ-ਕਾਫੀ ਲੰਬੀਆਂ ਵੀ ਸਨ ਪਰ ਰਾਜਾ ਇਨਾਮ ਨਹੀਂ ਦੇਣਾ ਚਾਹੁੰਦਾ ਸੀ, ਇਸ ਲਈ ਆਖਿਆ ਕਰਦਾ ਸੀ ਕਿ ਕਹਾਣੀ ਛੋਟੀ ਹੈ ਤੇ ਮਜ਼ੇਦਾਰ ਵੀ ਨਹੀਂ ਹੈ ਅਤੇ ਕਹਾਣੀਕਾਰ ਨੂੰ ਜੇਲ੍ਹ ਵਿਚ ਪਾ ਦਿੰਦਾ ਸੀ।

ਮੋਹਨ ਸਿੰਘ ਵੀ ਉਸੇ ਰਾਜ ਵਿਚ ਰਹਿੰਦਾ ਸੀ। ਉਸ ਦਾ ਲੜਕਾ ਸਰਲ ਸਿੰਘ ਬੜਾ ਸਮਝਦਾਰ ਸੀ। ਲੋਕਾਂ ਦੀਆਂ ਗੱਲਾਂ ਸੁਣ ਸਰਲ ਸਿੰਘ ਨੂੰ ਸਮਝ ਆ ਗਈ ਕਿ ਰਾਜਾ ਤਾਂ ਇਨਾਮ ਦੇਣਾ ਹੀ ਨਹੀਂ ਚਾਹੁੰਦਾ ਹੈ। ਤਾਂ ਹੀ ਲੰਮੀ ਕਹਾਣੀ ਨੂੰ ਵੀ ਛੋਟੀ ਅੱਖ ਦਿੰਦਾ ਹੈ ਅਤੇ ਕਹਾਣੀਕਾਰ ਨੂੰ ਸਜ਼ਾ ਦੇ ਦਿੰਦਾ ਹੈ। ਸਰਲ ਸਿੰਘ ਨੇ ਆਪਣੇ ਬਾਪ ਨਾਲ ਸਲਾਹ ਕੀਤੀ ਕਿ ਮੈਂ ਕਹਾਣੀ ਸੁਣਾਉਣ ਲਈ ਜਾਵਾਂਗਾ ਅਤੇ ਇਨਾਮ ਵੀ ਜਿੱਤ ਕੇ ਲਿਆਵਾਂਗਾ। ਉਸ ਦੀ ਮਾਂ ਡਰਦੀ ਸੀ ਕਿ ਉਸ ਦਾ ਹੋਣਹਾਰ ਪੁੱਤਰ ਰਾਜੇ ਵਲੋਂ ਜੇਲ ਅੰਦਰ ਸੁੱਟ ਦਿੱਤਾ ਜਾਵੇਗਾ। ਇਸ ਲਈ ਉਹ ਚਾਹੁੰਦੀ ਸੀ, ਉਸ ਦਾ ਪੁੱਤਰ ਕਹਾਣੀ ਸੁਣਾਉਣ ਨਾ ਜਾਵੇ। ਪ੍ਰੰਤੂ ਸਰਲ ਸਿੰਘ ਨੇ ਮਾਂ ਨੂੰ ਸਮਝਾਇਆ ਕਿ ਬੇਬੇ ਤੂੰ ਚਿੰਤਾ ਨਾ ਕਰ, ਮੈਂ ਉਸ ਰਾਜੇ ਦੇ ਜਾਲ ਵਿਚ ਫਸਣ ਵਾਲਾ ਨਹੀਂ ਹਾਂ। ਮੈਂ ਅਜਿਹੀ ਕਹਾਣੀ ਸੁਣਾਵਾਂਗਾ ਕਿ ਜਿਹੜੀ ਖਤਮ ਨਾ ਹੋਵੇ। ਉਹ ਰਾਜੇ ਦੇ ਮਹਿਲ ਵਿਚ ਗਿਆ ਅਤੇ ਕਹਾਣੀ ਸੁਣਾਉਣ ਲਈ ਆਪਣਾ ਨਾਮ ਦਰਜ ਕਰਵਾ ਆਇਆ। ਉਸ ਨੂੰ ਅਹਿਲਕਾਰਾਂ ਨੇ ਰਾਜੇ ਦੀ ਸ਼ਰਤ ਦੱਸ ਦਿਤੀ ਕਿ ਜੇਕਰ ਕਹਾਣੀ ਛੋਟੀ ਹੋਈ, ਤਾਂ ਤੈਨੂੰ ਰਾਜੇ ਦੀ ਜੇਲ ਅੰਦਰ ਦੋ ਮਹੀਨੇ ਬਿਤਾਉਣੇ ਪੈਣਗੇ। ਸਰਲ ਸਿੰਘ ਨੇ ਪੁੱਛਿਆ ਕਿ ਜੇ ਕਹਾਣੀ ਲੰਮੀ ਹੋਈ, ਤਾਂ ਰਾਜਾ ਸਾਹਿਬ ਮੈਨੂੰ ਇਨਾਮ ਤਾਂ ਦੇ ਦੇਣਗੇ।

ਰਾਜੇ ਦਾ ਅਹਿਲਕਾਰ ਮੁਸਕਰਾਇਆ ਤੇ ਉਸ ਨੇ ਹਾਂ ਵਿਚ ਜਵਾਬ ਦਿੱਤਾ ਅਤੇ ਅਗਲੇ ਬੁੱਧਵਾਰ ਆਉਣ ਲਈ ਆਖ ਦਿੱਤਾ।

ਮਿੱਥੇ ਹੋਏ ਦਿਨ 'ਤੇ ਦਰਬਾਰ ਅੰਦਰ ਦਰਬਾਰੀ ਅਤੇ ਹੋਰ ਜਨਤਾ ਮਹਾਰਾਜ ਦੇ ਮਹਿਲ ਅੰਦਰ ਕਹਾਣੀ ਸੁਣਨ ਲਈ ਇਕੱਠੀ ਹੋ ਗਈ। ਸਰਲ ਸਿੰਘ ਵੀ ਹਾਜ਼ਰ ਸੀ। ਇਕ ਦਰਬਾਰੀ ਵਲੋਂ ਕਹਾਣੀ ਸ਼ੁਰੂ ਕਰਨ ਤੋਂ ਮਹਾਰਾਜਾ ਸਾਹਿਬ ਵਲੋਂ ਲਗਾਈ ਹੋਈ ਸ਼ਰਤ ਦੋਹਰਾਈ ਗਈ ਅਤੇ ਸਰਲ ਸਿੰਘ ਨੇ ਆਪਣੀ ਸਹਿਮਤੀ ਦੇ ਦਿੱਤੀ। ਸਰਲ ਸਿੰਘ ਨੂੰ ਕਹਾਣੀ ਸੁਣਾਉਣ ਦਾ ਹੁਕਮ ਹੋਇਆ। ਦਰਬਾਰੀ ਸੋਚ ਰਹੇ ਸਨ ਕਿ ਪਹਿਲੇ ਕਹਾਣੀਕਾਰਾਂ ਵਾਂਗ ਇਸ ਨੇ ਵੀ ਕਾਮਯਾਬ ਨਹੀਂ ਹੋਣਾ ਅਤੇ ਇਸ ਨੂੰ ਜੇਲ ਦੀ ਹਵਾ ਖਾਣੀ ਪਵੇਗੀ।

ਸਰਲ ਸਿੰਘ ਇਕ ਸਮਝਦਾਰ ਕਹਾਣੀਕਾਰ ਸੀ। ਉਹ ਰਾਜੇ ਲਈ ਅਜਿਹੀ ਕਹਾਣੀ ਲਿਆਇਆ ਸੀ, ਜਿਸ ਨੂੰ ਸੁਣਦਿਆਂ-ਸੁਣਦਿਆਂ ਰਾਜੇ ਤੇ ਦਰਬਾਰੀਆਂ ਨੇ ਅੱਕ ਜਾਣਾ ਸੀ। ਜਦੋਂ ਰਾਜੇ ਵਲੋਂ ਪੁੱਛਿਆ ਗਿਆ ਕਿ ਸਰਲ ਸਿੰਘ ਕੀ ਤੂੰ ਕਹਾਣੀ ਸੁਣਾਉਣ ਲਈ ਤਿਆਰ ਹੈਂ। ਉਸ ਨੇ ਉਤਰ ਦਿਤਾ, "ਜੀ ਮਹਾਰਾਜਾ ਸਾਹਿਬ।"

ਮਹਾਰਾਜੇ ਨੇ ਕਿਹਾ, "ਸ਼ੁਰੂ ਕਰ।"

ਹੁਕਮ ਮਿਲਦਿਆਂ ਹੀ ਉਸ ਨੇ ਸ਼ੁਰੂ ਕਰ ਦਿੱਤੀ -- "ਮਹਾਰਾਜ ਇਕ ਪਿੰਡ ਵਿਚ ਇਕ ਕਿਰਸਾਨ ਸੀ। ਉਸ ਦਾ ਖੇਤ ਬਹੁਤ ਹੀ ਵੱਡਾ ਸੀ। ਉਸ ਨੇ ਜਵਾਰ ਬੀਜੀ ਹੋਈ ਸੀ। ਉਸ ਦੇ ਖੇਤ ਦੇ ਨਜ਼ਦੀਕ ਹੀ ਇਕ ਪਿੱਪਲ ਦੇ ਰੁੱਖ 'ਤੇ ਹਜ਼ਾਰਾਂ ਹੀ ਚਿੜੀਆਂ ਰਹਿੰਦੀਆਂ ਸਨ। ਜਿਹੜੀਆਂ ਕਿਸਾਨ ਦੇ ਖੇਤ ਵਿਚੋਂ ਬੀਜ ਖਾ ਜਾਂਦੀਆਂ ਸਨ। ਕਿਸਾਨ ਬੜਾ ਹੀ ਪ੍ਰੇਸ਼ਾਨ ਸੀ। ਉਸ ਨੇ ਵਿਚਾਰ ਬਣਾਇਆ ਕਿ ਖੇਤ ਦੀ ਨਿਗਰਾਨੀ ਉਹ ਆਪ ਕਰੇਗਾ। ਉਸ ਨੇ ਸੋਚਿਆ ਕਿ ਉਹ ਇਕ ਜਾਲ ਲਿਆਵੇਗਾ ਅਤੇ ਜਦੋਂ ਸਾਰੀਆਂ ਚਿੜੀਆਂ ਇਕੱਠੀਆਂ ਹੋ ਕੇ ਬੀਜ ਖਾਣ ਲਈ ਆਉਣਗੀਆਂ, ਤਾਂ ਉਹ ਜਾਲ ਸੁੱਟ ਕੇ ਉਨ੍ਹਾਂ ਨੂੰ ਫੜ ਲਵੇਗਾ। ਪਰੰਤੂ ਚਿੜੀਆਂ ਤਾਂ ਬਹੁਤ ਹੀ ਚਲਾਕ ਸਨ। ਉਨ੍ਹਾਂ ਨੂੰ ਉਸ ਕਿਸਾਨ ਦੀ ਚਾਲ ਸਮਝ ਵਿਚ ਆ ਗਈ ਸੀ। ਉਨ੍ਹਾਂ ਨੇ ਇਕ ਵਿਉਂਤ ਬਣਾਈ ਅਤੇ ਉਸ ਅਨੁਸਾਰ ਇਕ ਚਿੜੀ ਖੇਤ ਵਿਚ ਆਈ, ਉਸ ਨੇ ਇਕ ਬੀਜ ਚੁੱਕਿਆ ਅਤੇ ਫੁਰਰ ਕਰਕੇ ਉੱਡ ਗਈ। ਫਿਰ ਇਕ ਹੋਰ ਚਿੜੀ ਆਈ, ਉਸ ਨੇ ਬੀਜ ਚੁੱਕਿਆ ਅਤੇ ਫੁਰਰ ਕਰ ਉੱਡ ਗਈ। ਰਾਜੇ ਨੇ ਪੁੱਛਿਆ, "ਫੇਰ"...

ਫਿਰ ਤੀਸਰੀ ਚਿੜੀ ਆਈ, ਉਸ ਨੇ ਵੀ ਦਾਣਾ ਚੁੱਕਿਆ ਅਤੇ ਫੁਰਰ ਕਰ ਕੇ ਉੱਡ ਗਈ। ਫਿਰ ਚੌਥੀ ਚਿੜੀ ਆਈ, ਉਹ ਵੀ ਦਾਣਾ ਚੁਗ ਕਰ ਫੁਰਰ ਕਰ ਉੱਡ ਗਈ। ਰਾਜਾ ਹੁਣ ਤੱਕ ਅੱਕ ਚੁੱਕਿਆ ਸੀ, ਉਸ ਨੂੰ ਉਬਾਸੀਆਂ ਆਉਣ ਲੱਗ ਪਈਆਂ। ਰਾਜੇ ਨੇ ਕਿਹਾ, "ਫੇਰ"। ਫਿਰ ਪੰਜਵੀਂ ਚਿੜੀ ਆਈ, ਉਹ ਵੀ ਦਾਣਾ ਚੁਗ ਕੇ ਉੱਡ ਗਈ।

ਰਾਜਾ ਬੋਲਿਆ, "ਠੀਕ ਹੈ --ਠੀਕ ਹੈ ---ਅਗਾਂਹ ਕੀ ਹੋਇਆ।"

ਸਰਲ ਸਿੰਘ ਬੋਲਿਆ, "ਮਹਾਰਾਜ! ਪਹਿਲਾਂ ਸਾਰੀਆਂ ਚਿੜੀਆਂ ਆ ਜਾਣ। ਕਹਾਣੀ ਤਾਂ ਫੇਰ ਹੀ ਅੱਗੇ ਤੁਰ ਸਕੇਗੀ। ਫਿਰ ਛੇਵੀਂ ਚਿੜੀ ਆਈ ਤੇ ਉਹ ਵੀ ਆਪਣੇ ਹਿੱਸੇ ਦਾ ਦਾਣਾ ਚੁਗ ਕੇ ਫੁਰਰ ਹੋ ਗਈ।"

"ਠੀਕ ਹੈ! ਠੀਕ ਹੈ!" ਹੁਣ ਰਾਜਾ ਫੁਰਰ-ਫੁਰਰ ਸੁਣ ਕੇ ਉਕਤਾ ਚੁੱਕਾ ਸੀ। "ਚਲ ਮੰਨ ਲਿਆ ਕਿ ਸਾਰੀਆਂ ਚਿੜੀਆਂ ਆਈਆਂ ਅਤੇ ਦਾਣੇ ਚੁਗ ਕੇ ਫੁਰਰ ਹੋ ਗਈਆਂ।"

"ਨਹੀਂ ਮਹਾਰਾਜ! ਸਾਰੀਆਂ ਚਿੜੀਆਂ ਹਾਲੇ ਨਹੀਂ ਆ ਸਕਦੀਆਂ। ਹਜ਼ਾਰਾਂ ਚਿੜੀਆਂ ਹਨ, ਉਨ੍ਹਾਂ ਦੀ ਵਿਉਂਤਬੰਦੀ ਕੀਤੀ ਹੋਈ ਹੈ। ਫੇਰ ਸਤਵੀਂ ਚਿੜੀ ਆਈ, ਉਹ ਵੀ ਦਾਣਾ ਲੈ ਕੇ ਫੁਰਰ ਹੋ ਗਈ।"

ਹੁਣ ਤੱਕ ਰਾਜਾ ਵੀ ਸਰਲ ਸਿੰਘ ਦੀ ਚਲਾਕੀ ਸਮਝ ਚੁੱਕਾ ਸੀ। ਇਸ ਤਰ੍ਹਾਂ ਬਹੁਤ ਸਾਰਾ ਸਮਾਂ ਚਿੜੀਆਂ ਆਉਂਦੀਆਂ ਰਹਿਣਗੀਆਂ ਤੇ ਇਹ ਕਹਾਣੀ ਖਤਮ ਨਹੀਂ ਹੋਵੇਗੀ। ਮੈਂ ਸਰਲ ਸਿੰਘ ਨੂੰ ਸਜ਼ਾ ਵੀ ਨਹੀਂ ਦੇ ਸਕਦਾ। ਇਹ ਮੁੰਡਾ ਬਹੁਤ ਹੀ ਸਮਝਦਾਰ ਹੈ। ਮੈਨੂੰ ਕਹਾਣੀ ਨੂੰ ਲੰਮਾ ਕਹਿਣਾ ਹੀ ਪਵੇਗਾ ਅਤੇ ਇਸ ਨੂੰ ਇਨਾਮ ਦੇਣਾ ਹੀ ਪਵੇਗਾ। ਇਹ ਸੋਚ ਰਾਜੇ ਨੇ ਅਖਿਆ, "ਹੁਣ ਤੂੰ ਆਪਣੀ ਫੁਰਰ-ਫੁਰਰ ਬੰਦ ਕਰ। ਤੇਰੀ ਕਹਾਣੀ ਲੰਮੀ ਹੈ ਅਤੇ ਦੱਸ ਤੈਨੂੰ ਕਿ ਇਨਾਮ ਦਿੱਤਾ ਜਾਵੇ।"

ਸਰਲ ਸਿੰਘ ਨਿਮਰਤਾ ਸਾਹਿਤ ਬੋਲਿਆ, "ਮਹਾਰਾਜਾ ਸਾਹਿਬ ਜੀ! ਮੇਰਾ ਇਨਾਮ ਇਹ ਹੈ ਕਿ ਜੇਲ ਵਿਚ ਕੈਦ ਕੀਤੇ ਸਾਰੇ ਕਹਾਣੀਕਾਰਾਂ ਨੂੰ ਛੱਡ ਦਿੱਤਾ ਜਾਵੇ ਅਤੇ ਇਨਾਮ ਦੇ ਕੇ ਵਿਦਾ ਕਰ ਦੇਵੋ। ਜੇਕਰ ਕਿਸੇ ਕਲਾਕਾਰ ਨੂੰ ਬਿਨਾ ਕਿਸੇ ਕਾਰਨ ਸਜ਼ਾ ਦੇ ਦਿੱਤੀ ਜਾਵੇ, ਤਾਂ ਲੱਛਮੀ ਵੀ ਰੁੱਸ ਜਾਇਆ ਕਰਦੀ ਹੈ। ਉਥੋਂ ਦੇ ਰਾਜੇ ਅਤੇ ਪਰਜਾ ਦੋਹਾਂ ਦਾ ਨੁਕਸਾਨ ਹੋ ਜਾਂਦਾ ਹੈ। ਮੇਰੀ ਇੱਛਾ ਇਹ ਹੈ ਕਿ ਸਦਾ ਰਾਜਾ ਹੋਰ ਪ੍ਰਫੁਲੱਤ ਹੋਵੇ ਅਤੇ ਇਸ ਰਾਜ ਉਪਰ ਕੋਈ ਵੀ ਮੁਸੀਬਤ ਨਾ ਆਵੇ।"

ਸਰਲ ਸਿੰਘ ਦੀ ਵਿਸਥਾਰਿਤ ਸਲਾਹ ਸੁਣ ਕੇ ਰਾਜਾ ਬਹੁਤ ਹੀ ਪ੍ਰਭਾਵਿਤ ਹੋਇਆ। ਉਸ ਦੇ ਕਿਸੇ ਵੀ ਮੰਤਰੀ ਨੇ ਅਜਿਹੀ ਨੇਕ ਸਲਾਹ ਨਹੀਂ ਦਿੱਤੀ ਸੀ। ਉਸ ਨੂੰ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਸਾਰੇ ਦੇ ਸਾਰੇ ਮੰਤਰੀ ਚਾਪਲੂਸੀ ਕਰਦੇ ਹਨ ਅਤੇ ਉਸ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ। ਮੰਤਰੀ ਦਾ ਕੰਮ ਹੁੰਦਾ ਹੈ ਕਿ ਨੇਕ ਸਲਾਹ ਦੇਵੇ ਅਤੇ ਉਹ ਕੰਮ ਸਰਲ ਸਿੰਘ ਨੇ ਕੀਤਾ ਹੈ। ਰਾਜੇ ਨੇ ਕਿਹਾ, "ਅਸੀਂ ਤੇਰੇ ਨਾਲ ਵਾਅਦਾ ਕਰਦੇ ਹਾਂ ਕਿ ਸਾਰੇ ਕਹਾਣੀਕਾਰ ਨੂੰ ਇਨਾਮ ਦੇਣ ਉਪਰੰਤ ਛੱਡ ਦਿੱਤਾ ਜਾਵੇਗਾ। ਤੂੰ ਆਪਣੇ ਲਈ ਤਾਂ ਕੋਈ ਇਨਾਮ ਨਹੀਂ ਮੰਗਿਆ ਹੈ।"

"ਮਹਾਰਾਜ! ਸਾਡੇ ਰਾਜ ਖੁਸ਼ਹਾਲ ਹੋਵੇ, ਤੁਹਾਡੀ ਪ੍ਰਸਿੱਧੀ ਦੂਰ-ਦੂਰ ਤੱਕ ਹੋਵੇ, ਤੁਹਾਡੇ ਰਾਜ ਦਾ ਝੰਡਾ ਬੁਲੰਦ ਹੋਵੇ। ਮੇਰੇ ਲਈ ਇਹੋ ਇਨਾਮ ਹੀ ਕਾਫੀ ਹੋਵੇਗਾ।"

"ਵਾਹ ਬਈ ਸਰਲ ਸਿੰਘ ਵਾਹ! ਅਸੀਂ ਬਹੁਤ ਹੀ ਖੁਸ਼ ਹੋਏ ਹਾਂ। ਤੇਰਾ ਵਰਗੇ ਸਮਝਦਾਰ ਵਿਅਕਤੀ ਨੂੰ ਤਾਂ ਸਾਡਾ ਸਲਾਹਕਾਰ ਹੋਣਾ ਚਾਹੀਦਾ ਹੈ। ਭਾਵੇਂ ਤੂੰ ਉਮਰ ਵਿਚ ਛੋਟਾ ਹੈ ਪਰ ਸੱਚਾ ਅਤੇ ਦਿਆਨਤਦਾਰ ਦੇਸ਼ ਭਗਤ ਹੈਂ। ਅਸੀਂ ਤੈਨੂੰ ਆਪਣਾ ਪ੍ਰਧਾਨ ਮੰਤਰੀ ਨਿਯੁਕਤ ਕਰਦੇ ਹਾਂ।"

ਇਸ ਤਰ੍ਹਾਂ ਨਾਲ ਗਰੀਬ ਕਿਸਾਨ ਦਾ ਲੜਕਾ ਆਪਣੀ ਸੂਝ-ਬੂਝ, ਹੌਂਸਲੇ ਅਤੇ ਸੱਚ ਦੇ ਜ਼ੋਰ 'ਤੇ ਪ੍ਰਧਾਨ ਮੰਤਰੀ ਬਣ ਗਿਆ ਸੀ। ਘਰ ਜਾ ਕੇ ਉਸ ਨੇ ਆਪਣੇ ਮਾਪਿਆਂ ਨੂੰ ਖੁਸ਼ਖਬਰੀ ਦੱਸੀ, ਉਹ ਬਹੁਤ ਹੀ ਖੁਸ਼ ਹੋਏ ਅਤੇ ਉਨ੍ਹਾਂ ਨੂੰ ਨਾਲ ਲੈ ਕੇ ਰਾਜੇ ਦੇ ਦਰਬਾਰ ਅੰਦਰ ਪ੍ਰਧਾਨ ਮੰਤਰੀ ਬਣ ਗਿਆ।

ਇਸ ਕਹਾਣੀ ਤੋਂ ਅਸੀਂ ਸਿੱਖਦੇ ਹਾਂ ਕਿ ਚਾਪਲੂਸ ਨਹੀਂ ਬਣਨਾ ਚਾਹੀਦਾ ਅਤੇ ਹਰ ਕਿਸਮ ਦੇ ਹਾਲਾਤ ਵਿਚ ਆਪਣੀ ਸੂਝ-ਬੂਝ ਤੋਂ ਕੰਮ ਲੈਣਾ ਚਾਹੀਦਾ ਹੈ।

ਇਹ ਕਹਾਣੀ ਸੁਣ ਕੇ ਸਾਰੇ ਬੱਚੇ ਬਹੁਤ ਖੁਸ਼ ਹੋਏ। ਹਰਲਾਭ ਸਿੰਘ ਜੀ ਬੱਚਿਆਂ ਨੂੰ ਮੋਬਾਈਲ ਤੋਂ ਦੂਰ ਕਰਨ ਵਿਚ ਕਾਮਯਾਬ ਹੋ ਰਹੇ ਸਨ। ਹੁਣ ਕੋਈ ਵੀ ਬੱਚਾ ਆਪਣੀ ਮਾਂ ਤੋਂ ਮੋਬਾਈਲ ਨਹੀਂ ਮੰਗਦਾ ਸੀ, ਸਗੋਂ ਹਰਲਾਭ ਸਿੰਘ ਦੇ ਦੁਆਲੇ ਹੀ ਰਹਿੰਦੇ ਸਨ।

# "ਜੰਗ ਸਰਹਿੰਦ" (12 ਮਈ 1710)

ਪ੍ਰਮਿੰਦਰ ਸਿੰਘ
'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA





**ਬਾਬਾ ਬੰਦਾ ਸਿੰਘ ਬਹਾਦਰ ਸਿੱਖ ਪੰਥ ਦੇ ਇਤਿਹਾਸ ਵਿਚ ਇਕ ਜਾਂਬਾਜ਼ ਯੋਧਾ ਹੋਇਆ ਹੈ। ਉਸ ਨੇ ਫਿਰ ਤੋਂ ਖਾਲਸਾ ਫੌਜ ਨੂੰ ਬਾਕਾਇਦਾ ਜੁਝਾਰੂ ਰੂਪ ਦਿੱਤਾ। ਉਨ੍ਹਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉੱਭਰ ਕੇ ਆਈ। ਮੁਗਲਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਾਂਬਾਜ਼ ਜਰਨੈਲ ਦਾ ਜਨਮ 16 ਅਕਤੂਬਰ, 1670 ਨੂੰ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਾਜੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਨ ਦਾ ਨਾਉਂ ਲਛਮਣ ਦਾਸ ਸੀ। ਉਨ੍ਹਾਂ ਕੋਲ ਦੁਨਿਆਵੀ ਵਿਦਿਆ ਨਹੀਂ ਸੀ। ਉਸ ਸਮੇਂ ਦੇ ਨੌਜਵਾਨਾਂ ਵਿਚ ਸ਼ਿਕਾਰ ਖੇਡਣ ਅਤੇ ਸ਼ਸਤਰ ਵਿੱਦਿਆ ਸਿੱਖਣ ਦਾ ਰੁਝਾਨ ਸੀ।**

ਸਿੱਖ-ਧਰਮ ਦੀ ਨੀਂਹ ਸਤ 'ਤੇ ਰੱਖੀ ਗਈ ਹੈ, ਜਿਸ ਵਿਚ ਮਨੁੱਖਤਾ ਦੀ ਬਰਾਬਰੀ ਦਾ ਸੰਦੇਸ਼ ਹੈ। ਸਾਵੀਂ-ਪੱਧਰੀ ਜੀਵਨ ਜਾਚ ਵਿਚ ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ ਦਾ ਸਿਧਾਂਤ ਹੈ। ਸਿੱਖ ਗੁਰੂਆਂ ਦੇ ਸੱਚੇ ਉਪਦੇਸ਼ ਸਵਰਣ ਕਰਕੇ, ਦੂਸਰੇ ਧਰਮਾਂ ਦੇ ਲਕੋ ਸਵੈ-ਇੱਛਿਆ ਨਾਲ ਸਿੱਖ ਧਰਮ ਨਾਲ ਜੁੜਦੇ ਗਏ। ਸੰਗਤ-ਪੰਗਤ ਵਿਚ ਬੈਠ ਕੇ ਸਾਂਝੇ ਲੰਗਰ ਛੱਕਣਾ, ਬਰਾਬਰਤਾ, ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਜਿਸ ਵਿਚ ਪ੍ਰਚਲਿਤ ਝੂਠੇ ਕਰਮਕਾਂਡਾਂ, ਬੇਲੋੜੇ ਰੀਤੀ-ਰਿਵਾਜ਼ਾਂ ਦਾ ਖੰਡਨ ਕਰਕੇ ਸਮਾਜ ਨੂੰ ਇਕ ਸੱਚੇ ਮਾਰਗ ਵਿਚ ਪ੍ਰਮਾਤਮਾ ਵੱਲ ਤੋਰਿਆ। ਮਨੁੱਖ ਨੂੰ ਨਿਰਭਉ, ਨਿਰਵੈਰ ਬਣਾ ਕੇ ਸੱਚ ਲਈ ਜੂਝ ਮਰਨ ਲਈ ਤਿਆਰ ਕਰਨਾ ਸੀ। ਧਰਮ ਅਤੇ ਰਾਜਨੀਤੀ ਨੂੰ ਇਕ-ਕਰ ਜੋੜਿਆ। ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਚੇਤਨਾ ਵਿਚੋਂ ਨਰੋਆ ਸਮਾਜ ਉਸਾਰਨਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ 'ਤੇ ਖਾਲਸਾ ਸਾਜ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ-ਮਾਣ ਅਤੇ ਸਵੈ-ਰੱਖਿਆ ਦਾ ਐਲਾਨ ਕੀਤਾ। ਗੁਰੂ ਸਾਹਿਬ ਜੀ ਨੇ ਜ਼ੁਲਮ ਵਿਰੁੱਧ ਡਟਣ ਲਈ ਫੌਜੀ ਖਾਲਸਾ ਤਿਆਰ ਕੀਤਾ। ਮੁਗਲ ਸਾਮਰਾਜ ਦੇ ਜ਼ੁਲਮਾਂ ਦਾ ਟਾਕਰਾ ਕਰਦਿਆਂ ਬੇਸ਼ੁਮਾਰ ਲਾਸਾਨੀ ਸ਼ਹੀਦੀਆਂ ਹੋਈਆਂ। ਇਥੋਂ ਤੱਕ ਕਿ ਗੁਰੂ ਸਾਹਿਬ ਜੀ ਨੇ ਆਪਣਾ ਸਾਰਾ ਸਰਬੰਸ ਖਾਲਸਾ ਪੰਥ ਲਈ ਵਾਰ ਦਿੱਤਾ। ਗੁਰੂ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਦੀ ਅਗਵਾਈ ਕਰਨ ਲਈ ਨਿਯੁਕਤ ਕਰ ਲਿਆ ਸੀ।

ਬਾਬਾ ਬੰਦਾ ਸਿੰਘ ਬਹਾਦਰ ਸਿੱਖ ਪੰਥ ਦੇ ਇਤਿਹਾਸ ਵਿਚ ਇਕ ਜਾਂਬਾਜ਼ ਯੋਧਾ ਹੋਇਆ ਹੈ। ਉਸ ਨੇ ਫਿਰ ਤੋਂ ਖਾਲਸਾ ਫੌਜ ਨੂੰ ਬਾਕਾਇਦਾ ਜੁਝਾਰੂ ਰੂਪ ਦਿੱਤਾ। ਉਨ੍ਹਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉੱਭਰ ਕੇ ਆਈ। ਮੁਗਲਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਾਂਬਾਜ਼ ਜਰਨੈਲ ਦਾ ਜਨਮ 16 ਅਕਤੂਬਰ, 1670 ਨੂੰ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਾਜੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਨ ਦਾ ਨਾਉਂ ਲਛਮਣ ਦਾਸ ਸੀ। ਉਨ੍ਹਾਂ ਕੋਲ ਦੁਨਿਆਵੀ ਵਿਦਿਆ ਨਹੀਂ ਸੀ। ਉਸ ਸਮੇਂ ਦੇ ਨੌਜਵਾਨਾਂ ਵਿਚ ਸ਼ਿਕਾਰ ਖੇਡਣ ਅਤੇ ਸ਼ਸਤਰ ਵਿੱਦਿਆ ਸਿੱਖਣ ਦਾ ਰੁਝਾਨ ਸੀ। ਇਸੇ ਅਭਿਆਸ ਵਿਚ ਲਛਮਣ ਦਾਸ ਵੀ ਇਕ ਚੰਗਾ ਸ਼ਿਕਾਰੀ, ਨਿਸ਼ਾਨੇਬਾਜ਼, ਘੋੜ-ਸਵਾਰ ਬਣ ਗਿਆ। ਛੇਤੀ ਹੀ ਉਸ ਨੂੰ ਬੈਰਾਗ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿਚ ਬੈਰਾਗੀ ਹੋ ਗਿਆ। ਉਸ ਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਮਾਧੋਦਾਸ ਦਾ ਨਾਉਂ ਦਿੱਤਾ। ਉਹ ਸਾਧੂ-ਮੰਡਲੀਆਂ ਵਿਚ ਘੁੰਮਦਾ ਨਾਸਿਕ ਪੁੱਜਾ ਤੇ ਜੋਗੀ ਔਘੜ ਨਾਥ ਦਾ ਚੇਲਾ ਬਣ ਗਿਆ। ਜਿਥੇ ਉਸ ਨੇ ਹੱਠ, ਯੋਗ ਤੇ ਤਾਂਤਰਿਕ ਵਿਦਿਆ ਤੇ ਕਰਾਮਾਤਾਂ ਦੇ ਸਾਧਨ ਕਮਾਏ। ਯੋਗੀ ਔਘੜ ਨਾਥ ਮਰਨ ਤੋਂ ਬਾਅਦ ਉਸ ਨੇ ਨੰਦੇੜ ਵਿਖੇ ਆਪਣਾ ਰਮਣੀਕ ਸੁੰਦਰ ਟਿਕਾਣਾ ਬਣਾ ਲਿਆ। ਆਪਣੀ ਯੋਗ ਵਿੱਦਿਆ ਨਾਲ ਉਹ ਲੋਕਾਂ ਨੂੰ ਭਰਮਾਉਣ ਲੱਗਾ ਤੇ ਉਨ੍ਹਾਂ ਦਾ ਮਖੌਲ ਉਡਾਉਂਦਾ। ਮਾਧੋਦਾਸ ਦੀਆਂ ਚਲਾਕੀਆਂ ਦੀ ਖਬਰ ਗੁਰੂ ਸਾਹਿਬ ਜੀ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਜੀ ਮਾਧੋਦਾਸ ਨੂੰ ਉਸ ਦੇ ਡੇਰੇ ਜਾ ਮਿਲੇ। ਗੁਰੂ ਸਾਹਿਬ ਜੀ ਨੂੰ ਖਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇਕ ਬੰਦੇ ਦੀ ਤਲਾਸ਼ ਸੀ। ਗੁਰੂ ਸਾਹਿਬ ਜੀ ਨੇ ਜਾਣ ਲਿਆ ਸੀ ਕਿ ਉਨ੍ਹਾਂ ਨੂੰ ਬੰਦ ਲੱਭ ਗਿਆ ਹੈ।

ਗੁਰੂ ਸਾਹਿਬ ਜੀ ਨੇ ਮਾਧੋ ਦਾਸ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਉਸ ਨਾਉਂ 'ਬੰਦਾ ਸਿੰਘ' ਰੱਖਿਆ, ਜੋ ਆਪਣੀ ਬਹਾਦਰੀ ਸਦਕਾ ਇਤਿਹਾਸ ਵਿਚ ਬੰਦਾ ਸਿੰਘ ਬਹਾਦਰ ਵਜੋਂ ਪ੍ਰਸਿੱਧ ਹੋਇਆ। ਬਾਬਾ ਜੀ ਦੀ ਉਮਰ 38 ਸਾਲ ਸੀ। ਉਨ੍ਹਾਂ ਦੇ ਚਿਹਰੇ 'ਤੇ ਗੰਭੀਰਤਾ ਵਾਲਾ ਜਲਾਲ ਸੀ। ਸਰੀਰਕ ਪੱਖੋਂ ਭਾਵੇਂ ਸਾਂਵੇਂ ਸਨ ਪਰ ਅੰਤਾਂ ਦੇ ਫੁਰਤੀਲੇ ਸਨ। ਇਹੀ ਉਨ੍ਹਾਂ ਦੀ ਬਹਾਦਰੀ ਦਾ ਕਰਤਬ ਸੀ। ਉਨ੍ਹਾਂ ਦੀ ਗੁਰੂ ਪ੍ਰਤੀ ਨਿਸ਼ਠਾ ਗੰਭੀਰ ਤੇ ਪ੍ਰਪੱਕ ਸੀ। ਜਿਸ ਦੀ ਸ਼ਕਤੀ ਨਾਲ ਜੰਗਾਂ ਵਿਚ ਕਮਾਲ ਕਰ ਵਿਖਾਈ। ਉਨ੍ਹਾਂ ਨੇ ਜੀਅ-ਜਾਨ ਨਾਲ ਖਾਲਸਾ ਪੰਥ ਦੀ ਵਾਗਡੋਰ ਸੰਭਾਲੀ ਅਤੇ ਸਿੱਖ ਪੰਥ ਦੀ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ।

ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂੰ ਕਰਵਾਇਆ। ਉਹ ਮਾਨਸਿਕ ਤੌਰ 'ਤੇ ਆਪਣੇ ਕੌਮੀ ਫਰਜ਼ ਲਈ ਤਿਆਰ ਹੋ ਗਏ। ਗੁਰੂ ਸਾਹਿਬ ਜੀ ਨੇ ਉਪਦੇਸ਼ ਦਿੱਤਾ ਕਿ ਸਿੱਖ ਪੰਥ ਦੀ ਸੇਵਾ ਹੀ ਇਸ ਵੇਲੇ ਪੰਥ ਵਾਸਤੇ ਉੱਤਮ ਕਾਰਜ ਹੈ। ਮੁਗਲ ਸਾਮਰਾਜ ਦੇ ਜ਼ੁਲਮਾਂ ਵਿਰੁੱਧ ਮਨੁੱਖਤਾ ਦੀ ਭਲਾਈ ਲਈ ਜ਼ੁਲਮ ਦਾ ਨਾਸ਼ ਕਰਨਾ ਹੈ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਜਥੇਦਾਰ ਬਣਾ ਕੇ ਪੰਜਾਬ ਵੱਲ ਤੋਰਿਆ। ਉਨ੍ਹਾਂ ਨੂੰ ਸੰਗਤਾਂ ਲਈ ਹੁਕਮਨਾਮੇ ਲਿਖ ਕੇ ਦਿੱਤੇ ਕਿ ਸੰਗਤਾਂ ਮੁਗਲਾਂ ਵਿਰੁੱਧ ਜੰਗਾਂ ਵਿਚ ਬਾਬਾ ਜੀ ਦਾ ਸਾਥ ਦੇਣ। ਉਨ੍ਹਾਂ ਨੂੰ ਪੰਜ ਤੀਰ, ਦੋਧਾਰੀ ਖੰਡਾ, ਨਿਸ਼ਾਨ (ਝੰਡਾ), ਨਗਾਰਾ ਅਤੇ ਸਲਾਹਕਾਰ ਵਜੋਂ ਸਿੰਘ ਭੇਜੇ, ਜਿਨ੍ਹਾਂ ਵਿਚ ਭਾਈ ਦਯਾ ਸਿੰਘ, ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਬਾਬਾ ਬਾਜ਼ ਸਿੰਘ ਤੇ ਭਾਈ ਰਣ ਸਿੰਘ ਸ਼ਾਮਲ ਸਨ। ਨਾਲ ਹੀ 25 ਸਿੰਘਾਂ ਦਾ ਜੱਥਾ ਵੀ ਤੋਰਿਆ।

26 ਨਵੰਬਰ, 1708 ਨੂੰ ਜੰਗੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਸੋਨੀਪਤ, ਸਮਾਣਾ, ਸ਼ਾਹਬਾਦ, ਮੁਸਤਫਾਬਾਦ, ਕਪੂਰੀ ਅਤੇ ਬਨੂੜ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਅਸਲੀ ਨਿਸ਼ਾਨੇ ਵੱਲ ਉਨ੍ਹਾਂ ਨੇ ਵਜ਼ੀਰ ਖਾਨ ਉੱਤੇ ਹਮਲਾ ਕਰਨ ਲਈ ਖਾਲਸਾ ਫੌਜ ਦੀ ਅਗਵਾਈ ਕੀਤੀ। ਮਾਝੇ ਤੇ ਦੁਆਬੇ ਦੇ ਸਿੰਘਾਂ ਨੂੰ ਹੁਕਮ ਭੇਜਿਆ ਕਿ ਉਹ ਸਰਹਿੰਦ ਵੱਲ ਕੂਚ ਕਰਨ। ਸਿਦਕੀ ਹੁੰਮਹਮਾ ਕੇ ਅਨੰਦਪੁਰ ਤੇ ਕੀਰਤਪੁਰ ਇਕੱਠੇ ਹੋਣ ਲੱਗੇ। ਬਾਬਾ ਜੀ ਸਢੌਰਾ ਤੇ ਮੁਖਲਿਸ ਨੂੰ ਫਤਿਹ ਕਰਕੇ ਸਰਹਿੰਦ ਵੱਲ ਵੱਧੇ, ਤਾਂ ਮਾਝੇ ਤੇ ਦੁਆਬੇ ਦੇ ਸਿੰਘਾਂ ਦਾ ਜੱਥਾ ਵੀ ਕੀਰਤਪੁਰ ਤੋਂ ਤੁਰ ਪਿਆ। ਵਜ਼ੀਰ ਖਾਂ ਨੇ ਮਲੇਰਕੋਟਲੇ ਦੇ ਨਵਾਬ ਨੂੰ ਭਿੜਣ ਲਈ ਕਿਹਾ। ਰੋਪੜ ਦੇ ਕੋਲ ਸਿੰਘਾਂ ਦੀ ਪਠਾਣਾਂ ਨਾਲ ਦੋ ਦਿਨ ਝੜਪ ਹੋਈ। ਸਿੰਘ ਗਿਣਤੀ ਵਿਚ ਥੋੜੇ ਸਨ ਪਰ ਫਿਰ ਵੀ ਮੈਦਾਨ ਮਾਰ ਲਿਆ। ਅੱਗੇ ਸੰਘੋਲ ਜਿੱਤ ਕੇ ਖਾਲਸਾ ਦਲ ਖਰੜ ਵੱਲ ਵਧਿਆ। ਬਾਬਾ ਜੀ ਵੀ ਬਨੂੜ ਜਿੱਤ ਕੇ ਖਰੜ ਵੱਲ ਆ ਰਹੇ ਸਨ। ਖਾਲਸੇ ਦੀ ਵਧਦੀ ਹੋਈ ਤਾਕਤ ਸਰਹਿੰਦ ਵੱਲ ਵੱਧ ਗਈ।

ਵਜ਼ੀਰ ਖਾਂ ਨੇ ਜੰਗ ਨੂੰ ਹੈਦਰੀ ਝੰਡੇ ਹੇਠ ਜਹਾਦ ਦਾ ਧਾਰਮਿਕ ਰੂਪ ਦੇ ਦਿੱਤਾ। ਉਸ ਨੇ ਸਿੱਖ ਕਾਫਰਾਂ ਵਿਰੁੱਧ ਇਸਲਾਮ ਨੂੰ ਸਹਾਇਤਾ ਲਈ ਵੰਗਾਰਿਆ। ਉਸ ਨੇ ਪੰਜਾਬ ਭਰ ਵਿਚ ਮੁਸਲਮਾਨੀ ਫੌਜ ਮੰਗਵਾਈ। ਪੰਜਾਬ ਭਰ ਦੇ ਪਠਾਣ, ਸੱਯਦ ਰੰਗੜ ਤੇ ਮੁਸਲਮਾਨ ਵੱਡੀ ਗਿਣਤੀ ਵਿਚ ਸ਼ਾਮਲ ਹੋ ਗਏ। ਸੁੱਚਾ ਨੰਦ ਦਾ ਗਦਾਰ ਭਤੀਜਾ ਖਾਲਸਾ ਫੌਜ ਵਿਚ ਭੇਜ ਦਿੱਤਾ ਕਿ ਜਦ ਜੰਗ ਸਿਖਰ 'ਤੇ ਪੁੱਜੇ, ਤਾਂ ਉਹ ਮੁਗਲ ਫੌਜ ਵਿਚ ਪਰਤ ਆਵੇ। ਇਸ ਤਰ੍ਹਾਂ ਖਾਲਸਾ ਭਾਜੜ ਵਿਚ ਪੈ ਜਾਵੇਗਾ। ਉਹ ਇਕ ਹਜ਼ਾਰ ਦੀ ਫੌਜ ਨਾਲ ਖਾਲਸਾ ਫੌਜ ਵਿਚ ਜਾ ਵੜਿਆ। ਜੇ ਦਾਅ ਲੱਗੇ, ਤਾਂ ਬਾਬਾ ਜੀ ਨੂੰ ਵੀ ਮਾਰ ਮੁਕਾਂਦੇ। ਪਰ ਬਾਬਾ ਜੀ ਤਾਂ ਕੌਤਕ ਵੇਖ ਰਹੇ ਸਨ, ਉਸ ਦੀ ਮਾੜੀ ਨੀਯਤ ਨੂੰ ਤਾੜ ਗਏ ਅਤੇ ਵਿਸਾਹ ਨਾ ਖਾਧਾ।

ਦੋਵੇਂ ਫੌਜਾਂ ਟਾਕਰੇ ਲਈ ਅਗਾਂਹ ਵਧੀਆਂ। ਮੁਗਲ ਫੌਜ ਵੱਡੀ ਗਿਣਤੀ ਵਿਚ ਤੇ ਵੱਡੀਆਂ ਤੋਪਾਂ (ਜੰਬੂਰੇ), ਹਾਥੀ, ਘੋੜੇ ਅਤੇ ਹਰ ਪ੍ਰਕਾਰ ਦਾ ਜੰਗੀ ਅਸਲਾ ਸੀ। ਦੂਸਰੇ ਪਾਸੇ ਖਾਲਸੇ ਕੋਲ ਨਾ ਤੋਪਾਂ, ਨਾ ਹਾਥੀ ਅਤੇ ਨਾ ਹੀ ਬਹੁਤਾ ਜੰਗਾ ਸਾਮਾਨ ਸੀ। ਸਰਹਿੰਦ ਤੋਂ 10-12 ਕੋਹ ਦੀ ਵਿੱਥ 'ਤੇ ਚੱਪੜਚਿੜੀ ਵਿਚ 12 ਮਈ, 1710 ਨੂੰ ਬੜੀ ਸਖਤ ਜੰਗ ਹੋਈ। ਮੁੱਖ ਜੰਗ ਚੱਪੜਚਿੜੀ ਦੇ ਮੈਦਾਨ ਵਿਚ ਲੜੀ ਗਈ, ਜੋ ਬਨੂੜ-ਖਰੜ ਸੜਕ ਉਤੇ ਖਰੜ ਤਹਿਸੀਲ ਵਿਚ ਹੈ। ਬਾਬਾ ਜੀ ਵਾਸਤੇ ਸਰਹਿੰਦ ਨਾਲ ਭਿੜਨਾ ਸੌਖਾ ਕੰਮ ਨਹੀਂ ਸੀ। ਇਹ ਸੂਬਾਈ ਰਾਜਧਾਨੀ ਸੀ। ਨਵਾਬ ਵਜ਼ੀਰ ਖਾਂ ਮੁਗਲ ਸਾਮਰਾਜ ਦਾ ਸ਼ਕਤੀਸ਼ਾਲੀ ਨਵਾਬ ਸੀ, ਜਿਸ ਕੋਲ ਬਹੁਤ ਵੱਡੀ ਫੌਜ ਸੀ। ਉਹ ਕਈ ਸਾਲਾਂ ਤੋਂ ਸੱਤਾ 'ਤੇ ਕਾਬਜ਼ ਸੀ। ਉਸ ਕੋਲ ਕਾਫੀ ਧੰਨ ਅਤੇ ਉੱਚੀ ਪਦਵੀ ਸੀ। ਉਸ ਨੇ ਬੜੀ ਤਿਆਰ ਕਰ ਰੱਖੀ ਸੀ।

ਬਾਬਾ ਜੀ ਨੇ ਆਪਣੀ ਫੌਜ ਨੂੰ ਸੰਗਠਿਤ ਕੀਤਾ। ਬਾਬਾ ਜੀ ਕੋਲ ਨਾ ਤੋਪਖਾਨਾ ਸੀ, ਨਾ ਕੋਈ ਹਾਥੀ, ਘੋੜੇ। ਖਾਲਸਾ ਫੌਜ ਕੋਲ ਲੰਬੇ ਬਰਛੇ, ਤੀਰ ਅਤੇ ਤਲਵਾਰਾਂ ਹੀ ਸੀ। ਬਾਬਾ ਜੀ ਨੇ ਆਪਣੀ ਫੌਜ ਨੂੰ ਦੋ ਦਲਾਂ ਵਿਚ ਵੰਡਿਆ। ਪਹਿਲੇ ਜੱਥੇ ਵਿਚ ਮਾਲਵੇ ਤੋਂ ਫਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਅਲੀ ਸਿੰਘ ਨੇ ਅਗਵਾਈ ਕੀਤੀ। ਮਝੈਲ ਸਿੰਘਾਂ ਵਿਚ ਬਾਬਾ ਬਿਨੋਦ ਸਿੰਘ, ਭਾਈ ਬਾਜ਼ ਸਿੰਘ, ਰਣ ਸਿੰਘ ਅਤੇ ਸ਼ਾਮ ਸਿੰਘ ਸਨ, ਜਿਨ੍ਹਾਂ ਦਾ ਦੂਸਰਾ ਜੱਥਾਂ ਸੀ। ਬਾਬਾ ਜੀ ਆਪ ਜੰਗ ਨਿਗਰਾਨੀ ਲਈ ਇਕ ਟਿੱਲੇ 'ਤੇ ਬੈਠ ਗਏ। ਜੰਗ ਦੀ ਪਹਿਲੀ ਮਾਰ ਹੇਠ ਹੀ ਖਾਲਸੇ ਦੇ ਉਹ ਸਾਥੀ ਭੱਜ ਗਏ, ਜੋ ਸਿਰਫ ਲੁੱਟਮਾਰ ਲਈ ਹੀ ਆਣ ਰਲੇ ਸਨ। ਉਸ ਵੇਲੇ ਸੁੱਚਾ ਨੰਦ ਦਾ ਭਤੀਜਾ ਵੀ ਸਾਥੀਆਂ ਸਮੇਤ ਭੱਜ ਗਿਆ। ਸਿੰਘਾਂ ਨੇ ਛੇਤੀ ਹੀ ਉਸ ਨੂੰ ਘੇਰ ਕੇ ਸਾਥੀਆਂ ਸਮੇਤ ਮਾਰ ਮੁਕਾਇਆ।

ਤੁਰਕਾਂ ਦਾ ਜ਼ੋਰ ਪੈਂਦਾ ਵੇਖ ਕੇ ਬਾਬਾ ਜੀ ਨੇ ਤਲਵਾਰ ਧੂ ਲਈ। ਬਾਬਾ ਜੀ ਦੀ ਅਗਵਾਈ ਹੇਠ ਤੁਰਕਾਂ ਦੇ ਆਹੂ ਲੱਥੇ। ਸਿੰਘ ਵੀ ਬਹੁਤ ਸ਼ਹੀਦ ਹੋਏ। ਤੁਰਕੀ ਸੈਨਾ ਦਾ ਵੱਡਾ ਨੁਕਸਾਨ ਹੋਇਆ। ਵਜ਼ੀਰ ਖਾਂ ਨੇ ਬਾਬਾ ਬਾਜ਼ ਸਿੰਘ 'ਤੇ ਹਮਲਾ ਕੀਤਾ। ਬਾਬਾ ਬਾਜ਼ ਸਿੰਘ ਨੇ ਵਜ਼ੀਰ ਖਾਂ ਦਾ ਨੇਜਾ ਖੋਹ ਕੇ ਉਸ ਦੇ ਘੋੜੇ ਨੂੰ ਜ਼ਖਮੀ ਕਰ ਦਿੱਤਾ। ਵਜ਼ੀਰ ਖਾਂ ਨੇ ਤੀਰ ਬਾਬਾ ਬਾਜ਼ ਸਿੰਘ ਦੀ ਬਾਂਹ ਵਿਚ ਖੋਭ ਦਿੱਤਾ। ਉਹ ਤਲਵਾਰ ਨਾਲ ਅੱਗੇ ਵਧਿਆ। ਭਾਈ ਫਤਿਹ ਸਿੰਘ ਕੋਲ ਖੜ੍ਹਾ ਸੀ। ਉਸ ਨੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਮੋਢਾ ਚੀਰ ਕੇ ਕਮਰ ਤੱਕ ਜਾ ਵੱਡਿਆ। ਉਹ ਉਥੇ ਹੀ ਡਿੱਗ ਗਿਆ। ਤੁਰਕੀ ਸੈਨਾ ਵਿਚ ਭਾਜੜ ਪੈ ਗਈ ਤੇ ਭੱਜ ਗਈ। ਘੋੜ ਸਵਾਰ ਅਤੇ ਪੈਦਲ ਬਹੁਤ ਸਾਰੇ ਲੋਕ ਖਾਲਸੇ ਦੀ ਤਲਵਾਰ ਹੇਠ ਆ ਗਏ। ਖਾਲਸੇ ਨੇ ਸਰਹਿੰਦ ਤੀਕ ਪਿੱਛਾ ਕੀਤਾ।

ਚੱਪੜਚਿੜੀ ਦੀ ਜਿੱਤ ਤੋਂ ਬਾਅਦ ਖਾਲਸਾ ਸਰਹਿੰਦ ਵੱਲ ਵਧਿਆ। ਬਾਬਾ ਜੀ ਨੇ 14 ਮਈ, 1710 ਨੂੰ ਰਸਮੀ ਤੌਰ 'ਤੇ ਸਰਹਿੰਦ ਇਲਾਕੇ ਦਾ ਨਿਯੰਤਰਣ ਲੈ ਲਿਆ। ਉਸ ਸਮੇਂ ਹੋਈਆਂ ਵਾਰਦਾਤਾਂ ਵਿਚ ਸ਼ਹਿਰ ਨੂੰ ਲੁੱਟਿਆ ਗਿਆ। ਹਕੂਮਤ ਦੇ ਸਿੰਘਾਂ ਵਿਰੁੱਧ ਵੈਰੀਆਂ ਨੂੰ ਵੱਡਿਆ ਗਿਆ। ਪਾਪੀ ਸੁੱਚਾ ਨੰਦ ਨੂੰ ਕਤਲ ਕੀਤਾ ਗਿਆ। ਬਹੁਤ ਸਾਰਿਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਪਰ ਆਮ ਜਨਜੀਵਨ ਨੂੰ ਪ੍ਰਭਾਵਿਤ ਨਹੀਂ ਕੀਤਾ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਗਈ। ਅਟਾਰੀਆਂ ਅਤੇ ਸ਼ਾਹੀ ਮਹੱਲ ਢਾਹੇ ਗਏ। ਸੁੱਚਾ ਨੰਦ ਦੀ ਹਵੇਲੀ ਦਾ ਸਫਾਇਆ ਕੀਤਾ। ਉਨ੍ਹਾਂ ਕੰਧਾਂ ਨੂੰ ਵੀ ਤਹਿ ਕੀਤਾ, ਜਿਨ੍ਹਾਂ ਵਿਚ ਛੋਟੇ ਦੋ ਸਾਹਿਬਜ਼ਾਦੇ ਚਿਣੇ ਗਏ ਸਨ। ਸਿੰਘਾਂ ਨੇ ਅਜਿਹੇ ਸੰਜਮ ਦਾ ਸਬੂਤ ਦਿੱਤਾ ਕਿ ਸ਼ੇਖ ਅਹਿਮਦ ਮੁਜਦਦ ਅਲਫ ਸਾਨੀ ਦੇ ਮਜ਼ਾਰ ਅਤੇ ਹੋਰ ਯਾਦਗਾਰਾਂ ਨੂੰ ਛੇੜਿਆ ਵੀ ਨਾ ਗਿਆ। ਇਹ ਸਿੱਖਾਂ ਦੀ ਪਹਿਲੀ ਖੇਤਰੀ ਜਿੱਤ ਸੀ, ਜਿਸ ਨੇ ਉਨ੍ਹਾਂ ਨੂੰ ਸਤਲੁਜ ਦੇ ਦੱਖਣ ਵਿਚ ਪੂਰੇ ਦੇਸ਼ ਦਾ ਕਬਜ਼ਾ ਦਿੱਲੀ ਦੇ ਨੇੜੇ ਤੱਕ ਦਿੱਤਾ। ਮਈ 24, 1710 ਨੂੰ ਬਾਬਾ ਜੀ ਨੇ ਪਟਿਆਲੇ ਨੂੰ ਇਕ ਸੁਤੰਤਰ ਰਾਜ ਦਾ ਪਹਿਲਾ ਕੇਂਦਰ ਬਣਾਇਆ। ਮਈ 27, 1710 ਨੂੰ ਸਰਹਿੰਦ ਸ਼ਹਿਰ ਵਿਚ ਇਕ ਵਿਸ਼ਾਲ ਇਕੱਤਰਤਾ ਵਿਚ ਬਾਬਾ ਜੀ ਨੇ ਸਰਹਿੰਦ ਸ਼ਹਿਰ ਵਿਚ ਸਿੱਖ ਰਾਜ ਸਥਾਪਤ ਕਰਨ ਅਤੇ ਮੁਗਲਾਂ ਦੇ ਸ਼ਾਸਨ ਨੂੰ ਖਤਮ ਕਰਨ ਦਾ ਐਲਾਨ ਕੀਤਾ। ਜਿਸ ਨੇ ਇਲਾਕੇ ਵਿਚ ਆਪਣੇ ਜ਼ੁਲਮਾਂ ਨਾਲ ਦਹਿਸ਼ਤ ਫੈਲਾਈ ਹੋਈ ਸੀ। ਬਾਬਾ ਜੀ ਨੇ ਮੁਖਲਿਸਪੁਰ ਦੇ ਪੁਰਾਣੇ ਸ਼ਾਹੀ ਕਿਲ੍ਹੇ ਦੀ ਮੁਰੰਮਤ ਕੀਤੀ, ਇਸ ਨੂੰ ਲੋਹਗੜ੍ਹ ਦਾ ਨਾਉਂ ਦਿੱਤਾ। ਉਥੇ ਆਪਣੀ ਰਾਜਧਾਨੀ ਸਥਾਪਤ ਕੀਤੀ।

ਬਾਬਾ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬਾ ਅਤੇ ਅਲੀ ਸਿੰਘ ਸਲੌਦੀ ਨੂੰ ਸਹਾਇਕ ਨਿਯੁਕਤ ਕੀਤਾ। ਭਾਈ ਫਤਿਹ ਸਿੰਘ ਨੂੰ ਸਮਾਨਾ ਸੌਂਪਿਆ। ਥਾਨੇਸਰ ਦਾ ਪ੍ਰਬੰਧ ਬਾਬਾ ਬਾਜ਼ ਸਿੰਘ ਦੇ ਭਰਾ ਰਾਮ ਸਿੰਘ ਅਤੇ ਬਾਬਾ ਬਿਨੋਦ ਸਿੰਘ ਨੂੰ ਦਿੱਤਾ। ਇਲਾਕੇ ਦੇ ਪ੍ਰਗਨਿਆਂ ਨੇ ਬਾਬਾ ਜੀ ਦੀ ਅਧੀਨਗੀ ਪ੍ਰਵਾਨ ਕਰ ਲਈ। ਕਰਨਾਲ ਤੋਂ ਲੁਧਿਆਣਾ ਤੀਕ ਸਾਰਾ ਇਲਾਕਾ ਸਿੱਖਾਂ ਦੇ ਕਬਜ਼ੇ ਵਿਚ ਸੀ। ਇਸ ਦੀ ਆਮਦਨ 36 ਲੱਖ ਰੁਪਏ ਸਾਲਾਨਾ ਸੀ।

# ਅੰਬੀਆਂ ਨੂੰ ਤਰਸੇਂਗੀ...




**ਬਲਜਿੰਦਰ ਮਾਨ**
ਸੰਪਾਦਕ ਨਿੱਕੀਆਂ ਕਰੂੰਬਲਾਂ,
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲ USA




ਫਲਾਂ ਦੇ ਰਾਜੇ ਅੰਬ ਦਾ ਪੰਜਾਬੀ ਸੱਭਿਆਚਾਰ ਵਿਚ ਵਿਸ਼ੇਸ਼ ਮਹੱਤਵ ਹੈ। ਜ਼ਿੰਦਗੀ ਵਿਚ ਉਹ ਬੂਟਾ ਕਦੀ ਨਹੀਂ ਭੁੱਲਦਾ, ਜਿਸਦੇ ਪੱਤੇ ਸ਼ਗਨਾਂ ਵਜੋਂ ਦਰਵਾਜੇ 'ਤੇ ਬੰਨ੍ਹੇ ਗਏ ਸਨ। ਇਕ ਪ੍ਰੇਮੀ ਲਈ ਉਹ ਅੰਬੀ ਦਾ ਬੂਟਾ ਪਹਿਲੀ ਮਿਲਣੀ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ ਅਤੇ ਉਹ ਉਨ੍ਹਾਂ ਦੇ ਪਿਆਰ ਦੀ ਗਵਾਹੀ ਭਰਦਾ ਹੈ। ਇਸ ਤਰ੍ਹਾਂ ਭਾਰਤੀ ਸਮਾਜ ਅਤੇ ਪੰਜਾਬੀ ਲੋਕ ਧਾਰਾ ਵਿਚ ਅੰਬ ਦੇ ਫਲ ਅਤੇ ਇਸ ਦੇ ਬੂਟੇ ਦੀ ਖਾਸ ਮਹਾਨਤਾ ਮੰਨੀ ਗਈ ਹੈ। ਲੋਕ ਸਾਹਿਤ ਵਿਚ ਤਾਂ ਇਸਦੀ ਮਹਾਨਤਾ ਨੂੰ ਹਰ ਮੌਕੇ 'ਤੇ ਸਤਿਕਾਰਿਆ ਤੇ ਯਾਦ ਕੀਤਾ ਜਾਂਦਾ ਹੈ।

ਅੰਬੀਆਂ ਨੂੰ ਤਰਸੇਂਗੀ ਬਾਗਾਂ ਦੀਏ ਰਾਣੀਏ, ਛੱਡ ਕੇ ਦੇਸ ਦੋਆਬਾ। ਜਾਂ

ਉਹ ਬੂਟਾ ਰੱਖਿਆ ਨਿਸ਼ਾਨੀ ਜਿਸ ਹੇਠ ਬੈਠ ਕੀਤੀਆਂ ਸੀ ਗੱਲਾਂ।

ਪਰ ਅੱਜਕੱਲ੍ਹ ਇਸ ਧਰਤੀ 'ਤੇ ਵੀ ਅੰਬਾਂ ਦੇ ਬਾਗਾਂ ਦੀ ਭਰਮਾਰ ਨਹੀਂ ਰਹੀ। ਖੈਰ, ਆਓ ਹੁਣ ਗੱਲ ਕਰੀਏ ਪੰਜਾਬ ਦੇ ਉਸ ਖਿੱਤੇ ਦੀ ਜਿਸਨੂੰ ਅੰਬਾਂ ਦਾ ਘਰ ਕਿਹਾ ਜਾਂਦਾ ਰਿਹਾ ਹੈ। ਇਹ ਇਲਾਕਾ ਹੈ ਦੋਆਬਾ, ਜੋ ਆਪਣਾ ਪੁਰਾਤਨ ਰੂਪ ਤੇ ਵਿਰਾਸਤੀ ਗੱਲਾਂ ਨੂੰ ਭੁੱਲ ਭੁੱਲਾ ਚੁੱਕਾ ਹੈ ਜਾਂ ਸਹਿਜੇ-ਸਹਿਜੇ ਭੁੱਲੀ ਜਾ ਰਿਹਾ ਹੈ। ਅੰਬਾਂ ਨਾਲ ਸਬੰਧਤ ਕੁਝ ਰੌਚਕ ਤੱਥਾਂ 'ਤੇ ਝਾਤੀ ਮਾਰੀਏ, ਤਾਂ ਸਾਰੀ ਤਸਵੀਰ ਸਪੱਸ਼ਟ ਹੋ ਜਾਂਦੀ ਹੈ।

**ਦੁਆਬੇ ਵਿਚ ਆਈ ਤਬਦੀਲੀ** : ਦੁਆਬੇ ਦੀ ਧਰਤੀ ਨੂੰ ਇਹ ਮਾਣ ਹਾਸਲ ਹੈ ਕਿ ਇਸਨੇ ਸੂਰਬੀਰ ਯੋਧਿਆਂ ਨੂੰ ਜਨਮ ਦਿੱਤਾ। ਇਸਦੇ ਨਾਲ ਹੀ ਇਸ ਇਲਾਕੇ ਨੂੰ ਅੰਬਾਂ ਦਾ ਘਰ ਵੀ ਮੰਨਿਆ ਗਿਆ ਹੈ। ਪਰ ਸਮੇਂ ਦੀ ਤੋਰ ਨੇ ਤੇ ਵੱਧਦੀ ਹੋਈ ਅਬਾਦੀ ਨੇ ਅੰਬਾਂ ਦੇ ਬਾਗਾਂ ਦੀ ਅਜਿਹੀ ਤਬਾਹੀ ਕੀਤੀ ਕਿ ਹੁਣ ਅਜਿਹੇ ਗੀਤ ਸੁਣਾਈ ਦੇਣ ਲੱਗੇ ਹਨ :

ਕਿੱਕਰ ਨਿੰਮ ਫਲਾਹ ਤੇ ਜਾਮਣ ਜੜ੍ਹੋਂ ਪੁਟਾ ਸੁੱਟੇ,

ਜੰਡ ਬਰੋਟਾ ਤੂਤ ਬੇਰੀਆਂ ਅਸੀਂ ਵਢਾ ਸੁੱਟੇ

ਨਾ ਪਹਿਲਾਂ ਵਾਲਾ ਰਿਹਾ ਮਾਲਵਾ, ਨਾ ਉਹ ਮਾਝਾ ਜੀ,

ਕਿੱਥੇ ਗਿਆ ਹੁਣ ਅੰਬਾਂ ਵਾਲਾ ਦੇਸ ਦੁਆਬਾ ਜੀ ?

ਅੱਜਕੱਲ੍ਹ ਇਸ ਇਲਾਕੇ ਵਿਚ ਗੇੜਾ ਮਾਰੀਏ, ਤਾਂ ਅੰਬਾਂ ਦੇ ਬਾਗ ਕਿਤੇ ਨਹੀਂ ਲੱਭਦੇ। ਜੇਕਰ ਕੋਈ ਅੰਬ ਦਾ ਬੂਟਾ ਬਚਿਆ ਹੈ, ਤਾਂ ਉਹ ਸੁੱਕੀ ਜਾ ਰਿਹਾ ਹੈ। ਪੁਰਾਣੇ ਬਾਗ ਕੁੱਝ ਲੋਕਾਂ ਦੀ ਮਾੜੀ ਆਰਥਿਕਤਾ ਦਾ ਸ਼ਿਕਾਰ ਹੋ ਗਏ ਨੇ ਤੇ ਕੁੱਝ ਚੌੜੀਆਂ ਹੋਈਆਂ ਸੜਕਾਂ ਦੀ ਭੇਟ ਚੜ੍ਹ ਗਏ ਹਨ। ਹੁਣ ਦੀ ਹਾਲਤ 'ਤੇ ਕਵੀ ਦਾ ਰੋਣਾ ਸਹੀ ਲੱਗਦਾ ਹੈ:

ਅੰਬੀਆਂ ਦੇ ਬੂਟਿਆਂ ਨੂੰ ਪੈ ਗਿਆ ਸੋਕਾ ਵੇ, ਲੁੱਟ ਦੇ ਵਪਾਰੀਆਂ ਨੂੰ ਕਿੰਜ ਮੈਂ ਰੋਕਾਂ ਵੇ।

ਦੋਆਬੇ ਵਿਚ ਰਹਿ ਕੇ ਅੰਬੀਆਂ ਨੂੰ ਤਰਸਾਂਗੇ, ਮੇਰੇ ਨਾਲ ਹਾਣੀਆਂ ਤੂੰ ਕਰ ਗਿਆ ਧੋਖਾ ਵੇ।

ਅੱਜ ਤੋਂ ਪੰਝੀ-ਤੀਹ ਸਾਲ ਪਹਿਲਾਂ ਮਾਹਿਲਪੁਰ, ਗੜ੍ਹਸ਼ੰਕਰ, ਹਰਿਆਣਾ, ਤਲਵਾੜਾ, ਦਸੂਹਾ, ਮੁਕੇਰੀਆਂ, ਭੂੰਗਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਸਾਰਾ ਇਲਾਕਾ ਅੰਬਾਂ ਦੇ ਬਾਗਾਂ ਨਾਲ ਭਰਿਆ ਹੁੰਦਾ ਸੀ। ਦੁਆਬੇ ਦੇ ਭੋਗਪੁਰ, ਫਗਵਾੜਾ, ਸੁਲਤਾਨਪੁਰ ਲੋਧੀ, ਆਦਮਪੁਰ ਆਦਿ ਇਲਾਕੇ ਵੀ ਕਿਸੇ ਜ਼ਮਾਨੇ ਅੰਬਾਂ ਲਈ ਮਸ਼ਹੂਰ ਰਹੇ ਹਨ। ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਵਾਲੇ ਪਾਸੇ ਨੂੰ ਜਿੱਧਰ ਮਰਜ਼ੀ ਚਲੇ ਜਾਓ, ਠੰਡੀਆਂ ਛਾਵਾਂ ਤੇ ਮਿੱਠੇ ਅੰਬਾਂ ਦੀ ਮਹਿਕ ਮਨ ਅੰਦਰ ਅਨੂਠਾ ਰਸ ਘੋਲ ਦਿੰਦੀ ਸੀ। ਸਭ ਸੜਕਾਂ ਅੰਬਾਂ ਦੇ ਭਾਰੇ ਦਰੱਖਤਾਂ ਨਾਲ ਠੰਡੀਆਂ ਠਾਰ ਰਹਿੰਦੀਆਂ। ਮੁਸਾਫਿਰਾਂ ਨੂੰ ਧੁੱਪ ਤੋਂ ਕਦੀ ਪਰੇਸ਼ਾਨੀ ਨਾ ਹੁੰਦੀ। ਉਹ ਬੜੇ ਆਰਾਮ ਨਾਲ ਆਪਣੀ ਮੰਜ਼ਿਲ ਵੱਲ ਵਧਦੇ ਜਾਂਦੇ। ਇਸ ਇਲਾਕੇ ਦੀ ਪਛਾਣ ਪੂਰੀ ਦੁਨੀਆਂ ਵਿਚ ਅੰਬਾਂ ਦਾ ਘਰ ਅਤੇ ਫੁੱਟਬਾਲ ਦੀ ਨਰਸਰੀ ਕਰਕੇ ਹੁੰਦੀ ਸੀ। ਅੰਬ ਤਾਂ ਖਤਮ ਹੀ ਸਮਝੋ ਪਰ ਫੁੱਟਬਾਲ ਅਕੈਡਮੀ, ਸਿੱਖਿਆ ਜਗਤ ਵਿਚ ਖਾਲਸਾ ਕਾਲਜ ਅਤੇ 1995 ਤੋਂ ਪ੍ਰਕਾਸ਼ਿਤ ਹੋ ਰਿਹਾ ਇੰਡੀਆ ਬੁੱਕ ਆਫ ਰਿਕਾਰਡਸ ਵਿਚ ਦਰਜ ਬਾਲ ਸਾਹਿਤ ਦਾ ਇਕੋ ਇਕ ਪੰਜਾਬੀ ਬਾਲ ਰਸਾਲਾ ਨਿੱਕੀਆਂ ਕਰੂੰਬਲਾਂ ਇਥੋਂ ਦੀ ਪਹਿਚਾਣ ਬਣੇ ਹੋਏ ਹਨ। ਇਸੇ ਤਰ੍ਹਾਂ ਹਰਿਆਣੇ ਭੂੰਗੇ ਲਾਗਲੇ ਪਿੰਡ ਬੱਸੀ ਉਮਰ ਖਾਂ ਦੇ ਜ਼ੈਲਦਾਰ ਮੁਹੰਮਦ ਹੁਸੈਨ ਦੁਆਰਾ 15 ਏਕੜ ਵਿਚ ਲਗਾਇਆ ਇਨਾਮੀ ਬਾਗ ਵੀ ਕੁੱਲ ਦੁਨੀਆਂ ਵਿਚ ਮਸ਼ਹੂਰ ਰਹੇ ਹਨ। ਬਾਗਾਂ ਦਾ ਇਲਾਕਾ ਹੁਣ ਬਾਗਾਂ ਦੀਆਂ ਠੰਡੀਆਂ ਛਾਵਾਂ ਦਾ ਅਨੰਦ ਮਾਨਣ ਨੂੰ ਤਰਸ ਰਿਹਾ ਹੈ। ਕਦੀ ਇਹ ਬੋਲ ਚਰਚਿਤ ਰਹੇ ਨੇ:

ਅੰਬ ਦੁਸਹਿਰੀ ਚੂਪਣ ਆਇਓ ਪੁਰਹੀਰਾਂ, ਇਕਵਿੰਦਰ ਘਰ ਹੋਣਾ ਏ ਬਰਸਾਤਾਂ ਵਿਚ।

**ਅੰਬਾਂ ਨੂੰ ਪਕਾਉਣ ਦੀ ਤਿਆਰੀ**: ਮੈਨੂੰ ਆਪਣੇ ਬਚਪਨ ਦੀ ਪਟਾਰੀ ਵਿਚੋਂ ਯਾਦਾਂ ਆਉਂਦੀਆਂ ਹਨ। ਜਦੋਂ ਸਾਡਾ ਬਾਬਾ ਸ਼੍ਰੀ ਦਲੀਪਾ ਰਾਮ ਜੀ ਬਾਗ ਖਰੀਦਦਾ ਤੇ ਅਸੀਂ ਨਿੱਕੜੇ ਬਾਲ ਉਨ੍ਹਾਂ ਨਾਲ ਅੰਬ ਚੁਗਣ ਅਤੇ ਹੋਰ ਨਿੱਕੇ-ਮੋਟੇ ਕੰਮਾਂ ਵਿਚ ਸਹਾਇਤਾ ਕਰਦੇ। ਫਲਾਂ ਦੇ ਰਾਜੇ ਅੰਬ ਨੂੰ ਨਾ ਤਾਂ ਹੁਣ ਪੁਰਾਣੇ ਤਰੀਕੇ ਨਾਲ ਪਕਾਇਆ ਜਾਂਦਾ ਹੈ ਤੇ ਨਾ ਹੀ ਸੰਭਾਲਿਆ ਜਾਂਦਾ ਹੈ। ਅਸੀਂ ਆਪਣੇ ਬਾਬਾ ਜੀ ਨਾਲ ਟੋਕਰੀਆਂ ਵਿਚ ਅੰਬ ਲਗਾਕੇ ਪਕਾਉਣ ਲਈ ਚੋਡੇ (ਜਾਲੀ) ਬੁਣਦੇ ਸਾਂ। ਬੜੀ ਕਲਾਕਾਰੀ ਹੁੰਦੀ ਸੀ ਜਾਲ ਬੁਣਨ ਵਿਚ। ਜਦੋਂ ਤੁੜਾਵਾ ਅੰਬ 'ਤੇ ਚੜ੍ਹਕੇ ਅੰਬ ਤੋੜ ਕੇ ਕਾਂਡੂ (ਜਾਲੀਦਾਰ ਬੋਰਾ) ਵਿਚ ਪਾਉਂਦਾ, ਤਾਂ ਕੋਈ ਅੰਬ ਧਰਤੀ 'ਤੇ ਡਿੱਗ ਜਾਂਦਾ, ਤਾਂ ਉਸਨੂੰ ਬਾਕੀ ਅੰਬਾਂ ਤੋਂ ਵੱਖਰਾ ਰੱਖਿਆ ਜਾਂਦਾ ਸੀ, ਤਾਂ ਕਿ ਟੋਕਰੀ ਵਿਚ ਪੈ ਕੇ ਬਾਕੀ ਅੰਬ ਵੀ ਗਲ਼ ਨਾ ਜਾਣ। ਬੂਟੇ ਨਾਲੋਂ ਅੰਬਾਂ ਨੂੰ ਕਾਂਡੂ ਛਿੱਕੀ ਨਾਲ ਤੋੜਕੇ ਹੇਠਾਂ ਛਾਵੇਂ ਸਿਰਕੀ (ਤੀਲਾਂ ਦੀ ਚਟਾਈ) ਤੇ ਡੰਡੀਆਂ ਤੋੜ ਕੇ ਸੁਕਾਇਆ ਜਾਂਦਾ ਸੀ। ਬਾਅਦ ਦੁਪਹਿਰ ਇਨ੍ਹਾਂ ਅੰਬਾਂ ਨੂੰ ਪਕਾਉਣ ਵਾਸਤੇ ਬਗੜ ਨਾਲ ਟੋਕਰੀਆਂ 'ਚ ਭਰਿਆ ਜਾਂਦਾ ਸੀ। ਪਕਾਉਣ ਦਾ ਇਹ ਕੁਦਰਤੀ ਤਰੀਕਾ ਸੀ। ਕਿਸੇ ਵੀ ਮਸਾਲੇ ਆਦਿ ਦੀ ਵਰਤੋਂ ਨਹੀਂ ਸੀ ਹੁੰਦੀ। ਉਸੇ ਅੰਬ ਨੂੰ ਤੋੜਿਆ ਜਾਂਦਾ ਸੀ, ਜਿਸਦੇ ਕੁਦਰਤੀ ਤੌਰ 'ਤੇ ਪੱਕੇ ਹੋਏ ਅੰਬ ਰੋਜ਼ਾਨਾ ਪੰਜ ਜਾਂ ਸੱਤ ਦੀ ਗਿਣਤੀ ਵਿਚ ਡਿੱਗ ਪੈਂਦੇ ਸਨ। ਜਦਕਿ ਅੱਜਕੱਲ੍ਹ ਇਨ੍ਹਾਂ ਗੱਲਾਂ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ, ਸਗੋਂ ਪੇਟੀਆਂ ਵਿਚ ਬੰਦ ਕਰਕੇ ਮਸਾਲਾ ਕੈਲਸ਼ੀਅਮ ਕਾਰਬਾਈਡ ਰੱਖ ਕੇ ਪਕਾ ਲਿਆ ਜਾਂਦਾ ਹੈ, ਜੋ ਸਿਹਤ ਲਈ ਲਾਭਕਾਰੀ ਨਹੀਂ ਹੁੰਦਾ।

**ਦੁਆਬੇ ਦੇ ਅੰਬਾਂ ਦੀਆਂ ਪੁਰਾਣੀਆਂ ਕਿਸਮਾਂ**: ਇਸ ਤਰ੍ਹਾਂ ਅੱਜਕੱਲ੍ਹ ਕੋਈ ਵੀ ਅੰਬ ਕੁਦਰਤੀ ਤਰੀਕੇ ਨਾਲ ਪਕਾਇਆ ਨਹੀਂ ਜਾਂਦਾ। ਇਸੇ ਕਰਕੇ ਕਈ ਵਾਰ ਫਲਾਂ ਦਾ ਰਾਜਾ ਅੰਬ ਖਾ ਕੇ ਵੀ ਮੂੰਹ ਵਿਚ ਛਾਲੇ ਜਾਂ ਹੋਰ ਕਈ ਤਕਲੀਫਾਂ ਹੋ ਜਾਣ ਦੀਆਂ ਸਮੱਸਿਆਵਾਂ ਪੈਦਾ ਹੋ



ਜਾਂਦੀਆਂ ਹਨ। ਦੁਆਬੇ ਦੀ ਧਰਤੀ 'ਤੇ ਕਈ ਪ੍ਰਕਾਰ ਦੇ ਅੰਬ ਅੱਜ ਤੋਂ ਤੀਹ-ਚਾਲੀ ਸਾਲ ਪਹਿਲਾਂ ਮਿਲਦੇ ਸਨ, ਜਿਨ੍ਹਾਂ ਨੂੰ ਦੁਸਹਿਰੀ, ਸੌਂਫਿਆ, ਲੰਗੜਾ, ਸੰਧੂਰੀ, ਗਾਜਰੀ, ਲਾਲ ਪਰੀ, ਥਾਣੇਦਾਰ ਆਦਿ ਨਾਂਅ ਦਿੱਤੇ ਜਾਂਦੇ ਸਨ। ਹੁਣ ਜੇਕਰ ਇਹ ਕਹੀਏ ਕਿ ਅੰਬਾਂ ਦੀ ਮਹਿਕ ਲਈ ਦੁਆਬੀਏ ਵੀ ਤਰਸਣ ਲੱਗੇ ਹਨ, ਤਾਂ ਇਹ ਕੋਈ ਅਤਿਕਥਨੀ ਨਹੀਂ। ਹੁਸ਼ਿਆਰਪੁਰ ਦੀ ਪੁਰਾਣੀ ਹੱਦਬੰਦੀ ਅਨੁਸਾਰ ਇਹ ਸਾਰਾ ਇਲਾਕਾ ਬਾਗਾਂ ਦਾ ਘਰ ਸੀ। ਹਿਮਾਚਲ ਦਾ ਜ਼ਿਲ੍ਹਾ ਊਨਾ, ਨੰਗਲ ਦਾ ਇਲਾਕਾ ਵੀ ਇਸੇ ਵਿਚ ਹੀ ਗਿਣਿਆ ਜਾਂਦਾ ਰਿਹਾ ਹੈ। ਅਜੇ ਹਿਮਾਚਲ ਦੇ ਇਲਾਕੇ ਵਿਚ ਕੁਝ ਕੁ ਬਾਗਾਂ ਦੇ ਨਜ਼ਾਰੇ ਦੇਖੇ ਜਾ ਸਕਦੇ ਹਨ। ਇਨ੍ਹਾਂ ਦਿਨਾਂ ਦੀ ਇਹ ਬੋਲੀ ਮਸ਼ਹੂਰ ਹੈ:

ਅੰਬੀਆਂ ਦੇ ਬੂਟਿਆਂ ਨੂੰ ਪੈ ਗਿਆ ਬੂਰ ਵੇ,

ਰੁੱਤ ਇਹ ਪਿਆਰਾਂ ਵਾਲੀ ਮਾਹੀਆ ਮੇਰਾ ਦੂਰ ਵੇ।

**ਅੰਬਾਂ ਨੂੰ ਕੁਦਰਤੀ ਢੰਗ ਨਾਲ ਪਕਾਉਣ ਦੀ ਵਿਧੀ** : ਅੰਬਾਂ ਨਾਲ ਸਬੰਧਤ ਅਨੇਕਾਂ ਲੋਕ ਗੀਤ ਇਸਦੀ ਮਹਾਨਤਾ ਨੂੰ ਉਜਾਗਰ ਕਰਦੇ ਹਨ। ਪਕਾਏ ਜਾਣ ਵਾਲੇ ਅੰਬ ਦੀ ਡੰਡੀ ਤੋੜ ਦਿੱਤੀ ਜਾਂਦੀ ਹੈ। ਨਹੀਂ ਤਾਂ ਉਹ ਉਸਦੇ ਪੱਕਣ ਵਿਚ ਰੁਕਾਵਟ ਪੈਦਾ ਕਰਦੀ ਹੈ। ਡੰਡੀ ਤੋੜਨ ਵੇਲੇ ਨਿਕਲਣ ਵਾਲੇ ਪਦਾਰਥ ਨੂੰ ਡੋਕ ਕਿਹਾ ਜਾਂਦਾ ਹੈ, ਜਿਸ ਤੋਂ ਅਨੇਕਾਂ ਪ੍ਰਕਾਰ ਦੀਆਂ ਅੱਖਾਂ ਦੀਆਂ ਦਵਾਈਆਂ ਤਿਆਰ ਕੀਤੀਆਂ ਜਾਂਦੀਆ ਹਨ। ਇਸ ਡੋਕ ਦਾ ਦਾਗ ਕੱਪੜੇ ਤੋਂ ਕਦੇ ਨਹੀਂ ਉੱਤਰਦਾ। ਇਸੇ ਤਰ੍ਹਾਂ ਇਹ ਇੰਨਾ ਜ਼ਹਿਰੀਲਾ ਹੁੰਦਾ ਹੈ ਕਿ ਸਰੀਰ ਦੀ ਚਮੜੀ ਨੂੰ ਵੀ ਸਾੜਕੇ ਲਾਲ ਕਰ ਦਿੰਦਾ ਹੈ। ਫਲਾਂ ਦੇ ਰਾਜੇ ਅੰਬ ਨੂੰ ਜੇਕਰ ਅੱਜ ਵੀ ਕੁਦਰਤੀ ਤਰੀਕੇ ਨਾਲ ਤਿਆਰ ਭਾਵ ਪਕਾਇਆ ਜਾਵੇ, ਤਾਂ ਅਸੀਂ ਇਸਦੀ ਸੌ ਫੀਸਦੀ ਪੌਸ਼ਟਿਕਤਾ ਦਾ ਲਾਭ ਲੈ ਸਕਦੇ ਹਾਂ। ਇਹ ਵੀ ਤਜ਼ਰਬਾ ਦੱਸਦਾ ਹੈ ਕਿ ਕਈ ਅੰਬਾਂ ਦਾ ਰੰਗ ਸੰਧੂਰੀ ਹੁੰਦਾ ਪਰ ਉਹ ਖਾਣ ਵੇਲੇ ਖੱਟੇ ਨਿਕਲਦੇ ਹਨ। ਇੱਥੇ ਇਹ ਕਹਾਵਤ ਸੱਚ ਹੋ ਜਾਂਦੀ ਹੈ ਕਿ ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ।

**ਅੰਬ ਦੀ ਮਹਾਨਤਾ**: ਅੰਬ ਸਾਡੇ ਦੇਸ਼ ਸਮੇਤ ਪਾਕਿਸਤਾਨ ਅਤੇ ਫਿਲਪਾਈਨ ਦਾ ਵੀ ਕੌਮੀ ਫ਼ਲ ਹੈ। ਪੁਰਾਣੇ ਰਾਜੇ, ਮਹਾਰਾਜਿਆਂ ਨੇ ਅੰਬਾਂ ਦੇ ਬਾਗ ਲੁਆਉਣ ਵਿਚ ਬੜੀ ਦਿਲਚਸਪੀ ਲਈ ਸੀ। ਇਸੇ ਕਰਕੇ ਦੁਆਬੇ ਦੀ ਧਰਤੀ ਅੰਬਾਂ ਦਾ ਘਰ ਬਣ ਗਈ ਸੀ। ਬੰਗਲਾਦੇਸ਼ ਦਾ ਇਹ ਰਾਸ਼ਟਰੀ ਰੁੱਖ ਹੈ। ਵੈਦੀਕ ਗ੍ਰੰਥਾਂ ਅਨੁਸਾਰ ਇਹ ਸਵਰਗ ਦਾ ਫ਼ਲ ਹੈ। ਭਾਰਤ ਵਿਚ ਇਸਦੀ ਪੈਦਾਵਾਰ ਪਿਛਲੇ ਲਗਭਗ ਚਾਰ ਹਜ਼ਾਰ ਸਾਲ ਤੋਂ ਕੀਤੀ ਜਾ ਰਹੀ ਹੈ। ਯੂਰਪੀ ਯਾਤਰੀ ਅਲੈਗਜੈਂਡਰ ਅਤੇ ਉਸਦੀ ਸੈਨਾ ਨੇ ਇਸ ਫਲ ਨੂੰ 327 ਈਸਾ ਪੂਰਵ ਵਿਚ ਦੇਖਿਆ। ਭਾਵੇਂ ਭਾਰਤ ਅੰਬ ਪੈਦਾ ਕਰਨ ਵਾਲਾ ਪ੍ਰਮੁੱਖ ਦੇਸ਼ ਹੈ ਪਰ ਇਸਦੀ ਬਹੁਤੀ ਖਪਤ ਦੇਸ਼ ਵਿਚ ਹੀ ਹੋ ਜਾਂਦੀ ਹੈ ਭਾਰਤ ਵਿਚ ਇਸਦੀਆਂ 500 ਕਿਸਮਾਂ ਦੱਸੀਆਂ ਗਈਆਂ ਹਨ। ਪ੍ਰਚੱਲਿਤ 35 ਦੇ ਕਰੀਬ ਹੀ ਹਨ। ਅੰਬ ਦਾ ਵਿਗਿਆਨਕ ਨਾਂ 'ਮੈਂਗੀਫੇਰਾ ਇੰਡੀਕਾ' ਹੈ। ਅੰਬ ਦੀ ਬਹੁਤੀ ਵਰਤੋਂ ਅਚਾਰ ਵਾਸਤੇ ਕੀਤੀ ਜਾਂਦੀ ਹੈ। ਅੰਬ ਦੀ ਚਟਨੀ, ਮੁਰੱਬਾ, ਮਲਾਂਜੀ, ਬਾਂਜੂ, ਬਾਖੜੀਆਂ ਆਦਿ ਅਨੇਕਾਂ ਪ੍ਰਕਾਰ ਦੇ ਸਵਾਦੀ ਪਦਾਰਥ ਤਿਆਰ ਕੀਤੇ ਜਾਂਦੇ ਹਨ। ਇਸਦੀ ਖਟਿਆਈ ਨੂੰ ਜਾਇਕਾ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਅੰਬਾਂ ਵਾਲੇ ਇਲਾਕੇ ਵਿਚ ਬਾਂਜੂ ਬੜਾ ਮਸ਼ਹੂਰ ਹੈ ਤੇ ਸਬਜ਼ੀ /ਦਾਲ ਵਜੋਂ ਵਰਤਿਆ ਜਾਂਦਾ ਹੈ। ਇਹ ਵੀ ਗੱਲ ਚਰਚਿਤ ਹੁੰਦੀ ਸੀ ਕਿ ਅੰਬਾਂ ਵਾਲੇ ਇਲਾਕੇ ਦੇ ਲੋਕ ਇਸ ਸੀਜ਼ਨ ਵਿਚ ਕੋਈ ਹੋਰ ਦਾਲ ਸਬਜੀ ਨਹੀਂ ਬਣਾਉਂਦੇ, ਸਗੋਂ ਅੰਬਾਂ ਦੇ ਹੀ ਜਾਇਕੇਦਾਰ ਪਦਾਰਥ ਤਿਆਰ ਕਰਦੇ ਹਨ।


**ਸਿਹਤ ਲਈ ਬੜਾ ਗੁਣਕਾਰੀ** : ਡਾਕਟਰੀ ਅੰਦਾਜ਼ੇ ਅਨੁਸਾਰ ਅੰਬ ਇਕ ਅਜਿਹਾ ਫ਼ਲ ਹੈ, ਜੋ ਸਰੀਰ ਵਿਚਲੇ ਅਨੇਕਾਂ ਰੋਗਾਂ ਲਈ ਦਾਰੂ ਵਜੋਂ ਵਰਤਿਆ ਜਾਂਦਾ ਹੈ। ਸੌ ਗ੍ਰਾਮ ਭਾਰ ਵਾਲੇ ਅੰਬ ਵਿਚ 65 ਕਲੋਰੀ ਊਰਜਾ ਦੇਣ ਦੀ ਸਮਰੱਥਾ ਹੁੰਦੀ ਹੈ। ਜਿਸ ਵਿਚ ਸਭ ਤੋਂ ਵੱਧ 17 ਗ੍ਰਾਮ ਕਾਰਬੋਹਾਈਡ੍ਰੇਟ ਅਤੇ 14.8 ਗ੍ਰਾਮ ਖੰਡ ਹੁੰਦੀ ਹੈ। ਪ੍ਰੋਟੀਨ, ਕੈਲਸ਼ੀਅਮ, ਮੈਗਨੀਸ਼ੀਅਮ, ਫਾਸਫੋਰਸ, ਪੋਟਾਸ਼ੀਅਮ ਅਤੇ ਜਿੰਕ ਸਮੇਤ ਵਿਟਾਮਿਨ ਏ, ਬੀ ਅਤੇ ਸੀ ਵੀ ਮੌਜੂਦ ਹੁੰਦਾ ਹੈ। ਪੱਕੇ ਅੰਬ ਚੂਪਣ ਨਾਲ ਦਿਲ, ਹੱਡੀਆਂ ਅਤੇ ਮਾਸਪੇਸ਼ੀਆਂ ਨੂੰ ਮਜ਼ਬੂਤੀ ਮਿਲਦੀ ਹੈ। ਨਾਮਰਦਗੀ ਵਾਲੇ ਲੋਕਾਂ ਲਈ ਵੀ ਇਹ ਫ਼ਲ ਬੜਾ ਲਾਭਕਾਰੀ ਹੁੰਦਾ ਹੈ। ਗਰਮੀ ਤੋਂ ਬਚਣ ਲਈ ਇਸਨੂੰ ਸੁਆਹ ਵਿਚ ਭੁੰਨਕੇ ਇਸਦੇ ਗੁੱਦੇ ਦਾ ਸ਼ਰਬਤ ਪੀਤਾ ਜਾ ਸਕਦਾ ਹੈ। ਪੱਕਿਆ ਅੰਬਾਂ ਨੂੰ ਚੂਪਣ ਨਾਲ ਅੱਖਾਂ ਦੇ ਰੋਗਾਂ ਤੋਂ ਵੀ ਬਚਿਆ ਜਾ ਸਕਦਾ ਹੈ। ਕਿਸੇ ਜ਼ਮਾਨੇ ਇਹ ਫਲ ਰਾਜੇ, ਮਹਾਰਾਜਿਆ ਦੁਆਰਾ ਹੀ ਖਾਧਾ ਜਾਂਦਾ ਸੀ, ਜਿਸ ਕਰਕੇ ਇਸ ਨੂੰ ਫਲਾਂ ਦਾ ਰਾਜਾ ਮੰਨਿਆ ਜਾਣ ਲੱਗ ਪਿਆ।

**ਅੰਬ ਦਾ ਮੰਡੀਕਰਣ** : ਜਦੋਂ ਅੰਬ ਦਰੱਖਤ ਉੱਤੇ ਪੱਕ ਕੇ ਹੇਠਾਂ ਡਿੱਗਦਾ ਹੈ, ਤਾਂ ਇਸਨੂੰ ਟਪਕਾ ਕਿਹਾ ਜਾਂਦਾ ਹੈ। ਅਸਲ ਵਿਚ ਰਸਿਆ ਹੋਇਆ ਜਾਂ ਦੇਸੀ ਤਰੀਕੇ ਨਾਲ ਪਕਾਇਆ ਹੋਈਆ ਅੰਬ ਹੀ ਸਿਹਤ ਲਈ ਜ਼ਿਆਦਾ ਲਾਭਕਾਰੀ ਹੁੰਦਾ ਹੈ। ਠੰਡੇ ਪਾਣੀ ਵਿਚ ਰੱਖਕੇ ਅੰਬਾਂ ਨੂੰ ਚੂਪਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਸੀ। ਅਚਾਰ ਵਾਸਤੇ ਕੱਚਾ ਅੰਬ ਬੋਰਿਆਂ ਵਿਚ ਮੰਡੀਆਂ ਨੂੰ ਭੇਜਿਆ ਜਾਂਦਾ ਹੈ। ਜਦਕਿ ਪਹਿਲੇ-ਪਹਿਲ ਵੱਡੀਆਂ ਬੋਰੀਆਂ ਹੀ ਭਰੀਆਂ ਜਾਂਦੀਆਂ ਸਨ। ਇਨ੍ਹਾਂ ਦੇ ਹੇਠਾਂ ਅਤੇ ਉੱਪਰ ਪੱਤੇ ਪਾਏ ਜਾਂਦੇ ਸਨ, ਤਾਂਕਿ ਫਲ ਨੂੰ ਕਿਸੇ ਤਰ੍ਹਾਂ ਸੱਟ ਨਾ ਲੱਗੇ। ਮੋਗਾ, ਮੁਕਤਸਰ, ਹਿਸਾਰ, ਸਿਰਸਾ, ਗੁੜਗਾਵਾਂ ਆਦਿ ਮੰਡੀਆਂ ਵਿਚ ਚੰਗਾ ਮੁੱਲ ਪੈਣ ਦੇ ਇਰਾਦੇ ਨਾਲ ਬੋਰੀ ਦੇ ਸਭ ਤੋਂ ਹੇਠਾਂ ਬਰੀਕ ਵਿਚਕਾਰ ਦਰਮਿਆਨਾ ਅਤੇ ਉੱਪਰ ਸਭ ਤੋਂ ਮੋਟਾ ਅੰਬ ਪਾਇਆ ਜਾਂਦਾ ਹੈ। ਇਹੀ ਤਰੀਕਾ ਪਕਾਉਣ ਵਾਲੀ ਟੋਕਰੀ ਵਿਚ ਤਿੰਨ ਤਹਿਆਂ ਲਾ ਕੇ ਵਰਤਿਆ ਜਾਂਦਾ ਹੈ। ਜਲੰਧਰ ਕੈਂਟ, ਫਗਵਾੜਾ ਤੇ ਫਿਲੌਰ ਦੇ ਰੇਲਵੇ ਸਟੇਸ਼ਨਾਂ ਤੋਂ ਅੰਬਾਂ ਨਾਲ ਭਰੀਆਂ ਟੋਕਰੀਆਂ ਦਿੱਲੀ, ਲਾਹੌਰ ਅਤੇ ਕੋਲਕਾਤਾ ਤੱਕ ਭੇਜੇ ਜਾਂਦੇ ਸਨ। ਬ੍ਰਿਟਿਸ਼ ਦੌਰ ਵਿਚ ਪੰਜਾਬ ਦੇ ਫਲਾਂ ਦੀ ਮੰਗ ਫੌਜੀ ਛਾਉਣੀਆਂ ਵਿਚ ਵੀ ਬਹੁਤ ਹੁੰਦੀ ਸੀ। ਇਸ ਲਈ ਅੰਬ ਖਾਸ ਤੌਰ 'ਤੇ ਅੰਬਾਲਾ, ਮੇਰਠ ਅਤੇ ਲਾਹੌਰ ਦੀਆਂ ਛਾਉਣੀਆਂ ਵਿਚ ਭੇਜੇ ਜਾਂਦੇ ਸਨ। ਪੁਰਾਣੇ ਵਪਾਰੀਆਂ ਮੁਤਾਬਕ ਲਾਹੌਰ ਦੀ ਅਨਾਰਕਲੀ ਮੰਡੀ ਅਤੇ ਦਿੱਲੀ ਦੀ ਖਾਰੀ ਬਾਵਲੀ ਮੰਡੀ ਵਿਚ ਦੁਆਬੇ ਦੇ ਅੰਬਾਂ ਦੀ ਵੱਖਰੀ ਪਛਾਣ ਸੀ। ਵਪਾਰੀ ਰਾਤ ਨੂੰ ਹੀ ਬੈਲ ਗੱਡੀਆਂ ਜਾਂ ਊਠ ਗੱਡੀਆਂ ਰਾਹੀਂ ਅੰਬਾਂ ਦੀਆਂ ਟੋਕਰੀਆਂ ਰੇਲਵੇ ਸਟੇਸ਼ਨਾਂ ਤੱਕ ਲਿਆਉਂਦੇ ਸਨ, ਤਾਂ ਜੋ ਸਵੇਰੇ ਵਾਲੀ ਗੱਡੀ ਵਿਚ ਮਾਲ ਭੇਜਿਆ ਜਾ ਸਕੇ। ਅੱਜਕੱਲ੍ਹ ਪੇਟੀਆਂ ਵਿਚ ਵੀ ਤਹਿਆਂ ਦੀ ਵਰਤੋਂ ਅਖ਼ਬਾਰਾਂ ਵਿਛਾ ਕੇ ਕੀਤੀ ਜਾਂਦੀ ਹੈ। ਪਰ ਪਕਾਉਣ ਦਾ ਤਰੀਕਾ ਗੈਰ ਕੁਦਰਤੀ ਹੈ। ਮੈਂਗੋ ਸ਼ੇਕ, ਮੈਂਗੋ ਫਰੂਟੀ ਨੂੰ ਬੱਚੇ ਬੜੀ ਚਾਹਤ ਨਾਲ ਪੀਂਦੇ ਹਨ। ਜਦਕਿ ਅੰਬਾਂ ਦਾ ਰਸ ਹਰ ਕਿਸੇ ਦੇ ਮੂੰਹ ਵਿਚ ਪਾਣੀ ਲਿਆ ਦਿੰਦਾ ਹੈ। ਹੁਣ ਦੁਆਬੇ ਦੀ ਧਰਤੀ 'ਚੋਂ ਸੰਧੂਰੀ ਅੰਬਾਂ ਦੀ ਮਹਿਕ ਨਹੀਂ ਆਉਂਦੀ। ਇਸੇ ਕਰਕੇ ਅੱਜਕੱਲ੍ਹ ਕਿਹਾ ਜਾਣ ਲੱਗਾ ਹੈ: ਹੁਣ ਅੰਬੀਆਂ ਨੂੰ ਤਰਸੇਂਗੀ, ਵਿਚ ਰਹਿਕੇ ਦੇਸ ਦੁਆਬੇ।

# ਡਾ. ਗੁਰਦੇਵ ਸਿੰਘ ਸਿੱਧੂ ਦੀ ਪੁਸਤਕ 'ਅਣਗੌਲਿਆ ਆਜ਼ਾਦੀ ਘੁਲਾਟੀਆ ਭਾਈ ਹਰੀ ਸਿੰਘ ਚੋਟੀਆਂ (ਮੋਗਾ)' ਜੱਦੋਜਹਿਦ ਦਾ ਦਾਸਤਾਂ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA


**68 ਪੰਨਿਆਂ, 150 ਰੁਪਏ ਕੀਮਤ ਵਾਲੀ ਇਹ ਪੁਸਤਕ ਲੋਕ ਗੀਤ ਪ੍ਰਕਾਸ਼ਨ ਮੋਹਾਲੀ ਨੇ ਪ੍ਰਕਾਸ਼ਤ ਕੀਤੀ ਹੈ। ਸੰਪਰਕ : ਡਾ.ਗੁਰਦੇਵ ਸਿੰਘ ਸਿੱਧੂ : 9417049417**

ਡਾ. ਗੁਰਦੇਵ ਸਿੰਘ ਸਿੱਧੂ ਖੋਜੀ ਸਾਹਿਤਕਾਰ ਤੇ ਇਤਿਹਾਸਕਾਰ ਹੈ। ਉਹ ਹੁਣ ਤੱਕ ਅਣਗੌਲੇ ਚਾਰ ਪੰਜਾਬੀ ਸੁਤੰਤਰਤਾ ਸੰਗ੍ਰਾਮੀਆਂ, ਗਦਰੀ ਬਾਬਾ ਨਿਧਾਨ ਸਿੰਘ ਮਹੇਸਰੀ, ਮਾਸਟਰ ਗੱਜਣ ਸਿੰਘ ਗੋਬਿੰਦਗੜ੍ਹ, ਗਿਆਨੀ ਊਧਮ ਸਿੰਘ ਖੰਨਿਆਣ ਅਤੇ ਗਿਆਨੀ ਗੁਰਦਿੱਤ ਸਿੰਘ ਦਲੇਰ ਮੰਢਾਲੀ ਬਾਰੇ ਖੋਜੀ ਪੁਸਤਕਾਂ ਲਿਖ ਚੁੱਕਿਆ ਹੈ। 'ਭਾਈ ਹਰੀ ਸਿੰਘ ਚੋਟੀਆਂ (ਮੋਗਾ) ਇਸ ਲੜੀ ਵਿਚ ਉਸਦੀ ਪੰਜਵੀਂ ਪੁਸਤਕ ਹੈ। ਇਨ੍ਹਾਂ ਆਜ਼ਾਦੀ ਦੇ ਪਰਵਾਨਿਆਂ ਦੀਆਂ ਕੁਰਬਾਨੀਆਂ ਨੂੰ ਪੰਜਾਬੀ ਇਤਿਹਾਸਕਾਰਾਂ ਨੇ ਅਣਡਿੱਠ ਕੀਤਾ ਹੈ। ਡਾ. ਗੁਰਦੇਵ ਸਿੰਘ ਸਿੱਧੂ ਨੂੰ ਮਾਣ ਜਾਂਦਾ ਹੈ ਕਿ ਉਸਨੇ ਅਜਿਹੇ ਪ੍ਰਤਿਭਾਵਾਨ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਜੰਗੇ-ਆਜ਼ਾਦੀ ਦੇ ਇਤਿਹਾਸ ਦਾ ਹਿੱਸਾ ਬਣਾਇਆ। ਭਾਈ ਹਰੀ ਸਿੰਘ ਚੋਟੀਆਂ ਦਾ ਜਨਮ ਫਿਰੋਜ਼ਪੁਰ ਜ਼ਿਲ੍ਹੇ ਦੇ 'ਚੋਟੀਆਂ ਠੋਬਾ ਸਿੰਘ' ਨਾਮ ਦੇ ਪਿੰਡ ਵਿਚ ਬੀਕਾ ਸਿੰਘ ਦੇ ਘਰ ਹੋਇਆ ਸੀ। ਉਸਦੀ ਜਨਮ ਤਾਰੀਕ ਦਾ ਵੇਰਵਾ ਉਪਲਭਧ ਨਹੀਂ ਪ੍ਰੰਤੂ ਡਾ. ਗੰਡਾ ਸਿੰਘ ਨੇ 1877 ਲਿਖਿਆ ਹੈ। ਇੱਕ ਹੋਰ ਅਨੁਮਾਨ ਅਨੁਸਾਰ ਜਨਮ ਦਾ ਸਾਲ 1870 ਬਣਦਾ ਦੱਸਿਆ ਗਿਆ ਹੈ। ਉਸਨੇ ਆਪਣੀ ਪੜ੍ਹਾਈ ਪਿੰਡ ਦੇ ਡੇਰੇ ਵਿਚਲੇ ਨਿਰਮਲੇ ਸੰਤਾਂ ਪਾਸੋਂ ਲਈ ਅਤੇ ਗੁਰਮੁੱਖੀ ਤੇ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਉਹ ਕੀਰਤਨ ਕਰਨਾ ਵੀ ਸਿੱਖ ਗਿਆ ਤੇ ਕੀਰਤਨ ਕਰਦਾ ਰਿਹਾ। ਭਾਈ ਹਰੀ ਸਿੰਘ ਦੇ ਰਿਸ਼ਤੇਦਾਰ ਸੂਬੇਦਾਰ ਠਾਕਰ ਸਿੰਘ ਨੇ ਉਸਨੂੰ ਅੰਗਰੇਜ਼ਾਂ ਦੀ 36 ਸਿੱਖ ਪਲਟਨ ਵਿਚ ਭਰਤੀ ਕਰਵਾ ਦਿੱਤਾ। ਉਸਨੇ 11 ਸਾਲ ਦੀ ਨੌਕਰੀ ਤੋਂ ਬਾਅਦ 1900 ਦੇ ਨੇੜੇ-ਤੇੜੇ ਫ਼ੌਜ ਵਿਚੋਂ ਅਸਤੀਫ਼ਾ ਦੇ ਕੇ 1902 ਦੇ ਅੰਤ ਵਿਚ ਚੀਨ ਦੇ ਸ਼ਿੰਘਾਈ ਸ਼ਹਿਰ ਵਿਚ ਚਲਾ ਗਿਆ। ਡਾ. ਗੰਡਾ ਸਿੰਘ ਅਨੁਸਾਰ ਉਸਨੇ ਫ਼ੌਜ ਵਿਚ ਤਿੰਨ ਸਾਲ ਨੌਕਰੀ ਕੀਤੀ ਸੀ। ਉਥੇ ਉਹ ਸ਼ਿੰਘਾਈ ਮਿਉਂਸਪਲ ਪੁਲਿਸ ਵਿਚ ਭਰਤੀ ਹੋ ਗਿਆ। ਸਰਕਾਰੀ ਰਿਕਾਰਡ ਵਿਚ ਹਰੀ ਸਿੰਘ ਗ੍ਰੰਥੀ ਲਿਖਿਆ ਹੋਇਆ ਹੈ। ਹੋ ਸਕਦਾ ਫ਼ੌਜ ਵਿਚ ਵੀ ਉਹ ਗ੍ਰੰਥੀ ਹੀ ਭਰਤੀ ਹੋਇਆ ਹੋਵੇ। ਸ਼ਿੰਘਾਈ ਮਿਉਂਸਪਲ ਪੁਲਿਸ ਵਿਚ ਸਾਢੇ ਪੰਜ ਸਾਲ ਨੌਕਰੀ ਕਰਨ ਤੋਂ ਬਾਅਦ ਅਸਤੀਫ਼ਾ ਦੇ ਕੇ 1907 ਵਿਚ ਕੈਨੇਡਾ ਚਲਾ ਗਿਆ। ਧਾਰਮਿਕ ਖਿਆਲਾਂ ਦਾ ਹੋਣ ਕਰਕੇ ਸ਼ਿੰਘਾਈ ਰਹਿੰਦਿਆਂ ਹਾਂਗਕਾਂਗ ਦੇ ਗੁਰਦੁਆਰੇ ਨਾਲ ਜੁੜਿਆ ਰਿਹਾ। ਉਸਦੇ ਵੈਨਕੂਵਰ ਰਹਿੰਦਿਆਂ ਹੀ ਪ੍ਰੋ. ਤੇਜਾ ਅਮਰੀਕਾ ਤੋਂ ਆ ਗਿਆ। ਪ੍ਰੋ. ਤੇਜਾ ਸਿੰਘ ਦੀ 'ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ' ਦੀ ਸਥਾਪਨਾ ਵਿਚ ਅਹਿਮ ਭੂਮਿਕਾ ਨਿਭਾਈ। ਅਗਲੇ ਸਾਲ ਕੰਪਨੀ ਨੇ ਉਸਨੂੰ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿਚ ਭੇਜ ਦਿੱਤਾ, ਜਿਥੇ ਉਸਦਾ ਮੇਲ ਦੇਸ਼ ਭਗਤਾਂ ਭਾਈ ਵਿਸਾਖਾ ਸਿੰਘ ਅਤੇ ਭਾਈ ਜਵਾਲਾ ਸਿੰਘ ਨਾਲ ਹੋਇਆ, ਉਨ੍ਹਾਂ ਕੋਲੋਂ ਉਸਨੂੰ ਦੇਸ਼ ਭਗਤੀ ਦੀ ਜਾਗ ਲੱਗੀ। ਵੈਨਕੂਵਰ ਦੀ ਸੰਗਤ ਨੇ 1909 ਵਿਚ ਉਸਨੂੰ ਕੈਲੀਫੋਰਨੀਆ ਤੋਂ ਬੁਲਾਕੇ ਵੈਨਕੂਵਰ ਗੁਰਦੁਆਰੇ ਦਾ ਗ੍ਰੰਥੀ ਨਿਯੁਕਤ ਕਰ ਦਿੱਤਾ। ਉਸ ਸਮੇਂ ਉਸਨੇ ਵੈਨਕੂਵਰ ਵਸਦੇ ਪੰਜਾਬੀਆਂ ਦੀਆਂ ਖ਼ਬਰਾਂ ਖਾਲਸਾ ਸਮਾਚਾਰ ਨੂੰ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਜਨਵਰੀ 1912 ਵਿਚ ਭਾਈ ਹਰੀ ਸਿੰਘ ਵੈਨਕੂਵਰ ਨੇੜੇ ਫਰੇਜ਼ਰ ਮਿਲ ਵਿਚ ਕੰਮ ਕਰਨ ਲੱਗ ਗਿਆ। ਉਥੇ ਲਗਪਗ 100 ਮੁਲਾਜ਼ਮ ਕੰਮ ਕਰਦੇ ਸਨ, ਉਨ੍ਹਾਂ ਨੂੰ ਇਕੱਠੇ ਕਰਕੇ ਇੱਕ ਕਮਰੇ ਨੂੰ ਗੁਰਦੁਆਰੇ ਦੇ ਰੂਪ ਵਿਚ ਵਰਤਣ ਲਈ ਸੰਗਠਤ ਕੀਤਾ। ਐਬਟਸਫੋਰਡ ਗੁਰਦੁਆਰਾ ਬਣਾਉਣ ਵਿਚ ਵੀ ਅਹਿਮ ਕੰਮ ਕੀਤਾ। ਪੰਜਾਬੀਆਂ ਦੀਆਂ ਮੁਸ਼ਕਲਾਂ ਸੰਬੰਧੀ ਵੈਨਕੂਵਰ ਤੋਂ ਛਪਣ ਵਾਲੇ ਅਖ਼ਬਾਰ 'ਖ਼ਾਲਸਾ ਹੈਰੋਲਡ' ਵਿਚ ਭਾਈ ਹਰੀ ਸਿੰਘ ਦੀ ਤਸਵੀਰ ਛਪੀ। ਸਟਾਕਟਨ ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ ਦਾ ਮੈਂਬਰ ਬਣ ਗਿਆ। 2 ਜੂਨ 1912 ਨੂੰ ਫਰੇਜ਼ਰ ਮਿਲ ਸਾਈਡ ਗੁਰਦੁਆਰੇ ਦਾ ਗ੍ਰੰਥੀ ਨਿਯੁਕਤ ਕੀਤਾ ਗਿਆ। ਉਸਨੂੰ ਪੰਜ ਪਿਆਰਿਆਂ ਵਿਚ ਵੀ ਸ਼ਾਮਲ ਕੀਤਾ ਜਾਂਦਾ ਸੀ। 1913 ਵਿਚ ਉਹ ਗਿਆਨੀ ਭਗਵਾਨ ਨਾਲ ਰਲਕੇ ਗਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਇਸ ਤੋਂ ਬਾਅਦ ਭਾਈ ਹਰੀ ਸਿੰਘ ਦਾ ਸਿਆਸੀ ਜੀਵਨ ਸ਼ੁਰੂ ਹੁੰਦਾ ਹੈ। ਕਾਮਾਗਾਟਾ ਮਾਰੂ ਜਹਾਜ਼ ਦੇ ਯਾਤਰੂਆਂ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਤੋਂ ਰੋਕਣ ਦੀ ਸਥਿਤੀ ਵਿਚ ਕੈਨੇਡਾ ਵਿਚ ਵਸਦੇ ਭਾਰਤੀਆਂ ਨੇ ਕੈਨੇਡੀਅਨ ਅਧਿਕਾਰੀਆਂ ਨੂੰ ਪ੍ਰੇਰਿਤ ਕਰਨ ਲਈ 7 ਮੈਂਬਰੀ ਕਮੇਟੀ ਬਣਾਈ। ਹਰੀ ਸਿੰਘ ਨੂੰ ਕਮੇਟੀ ਦਾ ਮੈਂਬਰ ਬਣਾਇਆ ਗਿਆ। ਕਾਮਾਗਾਟਾ ਮਾਰੂ ਜਹਾਜ਼ ਦੀ ਸਥਿਤੀ ਬਾਰੇ ਭਾਰਤੀਆਂ ਨੂੰ ਜਾਣੂੰ ਕਰਵਾਉਣ ਲਈ 31 ਮਈ 1914 ਨੂੰ ਡੋਮੀਨੀਅਨ ਹਾਲ, ਵੈਨਕੂਵਰ ਵਿਚ ਹੋਈ ਮੀਟਿੰਗ ਵਿਚ ਭਾਈ ਹਰੀ ਸਿੰਘ ਨੇ ਗਰਜ਼ਵੀਂ ਆਵਾਜ਼ ਵਿਚ ਆਪਣੀ ਕਵਿਤਾ 'ਸੁਤਿਆ ਤੂੰ ਜਾਗ ਸ਼ੇਰਾ' ਸੁਣਾਈ, ਜਿਸਨੇ ਭਾਰਤੀਆਂ ਵਿਚ ਜੋਸ਼ ਭਰ ਦਿੱਤਾ। ਫਿਰ ਗਦਰ ਪਾਰਟੀ ਨੇ ਭਾਰਤੀਆਂ ਨੂੰ ਦੇਸ਼ ਪੁਜਕੇ ਹਥਿਆਰਬੰਦ ਜੱਦੋਜਹਿਦ ਰਾਹੀਂ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਹੁਕਮ ਕੀਤਾ, ਜਿਸ ਕਰਕੇ ਭਾਈ ਹਰੀ ਸਿੰਘ 17 ਨਵੰਬਰ 1914 ਸੰਗਕੋ ਮਾਰੂ ਜਹਾਜ਼ ਵਿਚ ਸਵਾਰ ਹੋ ਕੇ ਹਾਂਗਕਾਂਗ ਨੂੰ ਚੱਲ ਪਿਆ। ਅੰਗਰੇਜ਼ ਸਰਕਾਰ ਨੂੰ ਸੂਹੀਏ ਤੋਂ ਪਤਾ ਲੱਗਾ ਕਿ ਉਹ ਗਦਰ ਅਖ਼ਬਾਰ ਦੇ ਪੰਜ ਸੂਟਕੇਸ ਭਰਕੇ ਗਦਰੀ ਸਾਹਿਤ ਲੈ ਕੇ ਸ਼ਿੰਘਾਈ ਸਾਹਿਤ ਤਕਸੀਮ ਕੀਤਾ ਹੈ। ਫਿਰ ਉਹ ਤੋਸ਼ਾ ਮਾਰੂ ਜਹਾਜ਼ ਵਿਚ ਸਵਾਰ ਹੋ ਕੇ 17 ਜਨਵਰੀ 1915 ਨੂੰ ਕਲਕੱਤੇ ਪਹੁੰਚਾ, ਜਿਥੋਂ ਉਸਨੂੰ ਗ੍ਰਿਫ਼ਤਾਰ ਕਰਕੇ ਮੋਗਾ ਸਟੇਸ਼ਨ 'ਤੇ ਉਤਾਰ ਦਿੱਤਾ। 25 ਜਨਵਰੀ 1915 ਨੂੰ ਪੁਲਿਸ ਨੇ ਚੋਟੀਆਂ ਠੋਬਾ ਤੋਂ ਬਾਹਰ ਨਾ ਜਾਣ ਦਾ ਹੁਕਮ ਫੜਾ ਦਿੱਤਾ। ਪੁਲਿਸ ਨੇ ਇਸ ਸਮੇਂ ਦੌਰਾਨ ਉਸ ਉਪਰ ਹਰਨਾਮ ਸਿੰਘ ਕਾਹਰੀ ਨਾਲ ਰਲਕੇ ਹਿੰਦੁਸਤਾਨ ਆ ਕੇ ਗਦਰੀਆਂ ਨੂੰ ਬੰਬ ਬਣਾਉਣ ਦੀ ਸਿੱਖਿਆ ਦੇਣ ਦਾ ਇਲਜ਼ਾਮ ਲਗਾ ਕੇ ਜੂਹਬੰਦੀ ਕਰਕੇ 1000 ਰੁਪਏ ਦੀ ਨੇਕ ਚਲਣੀ ਜ਼ਮਾਨਤ ਲੈ ਲਈ। ਲਾਹੌਰ ਸਾਜ਼ਿਸ਼ ਕੇਸ ਵਿਚ 23 ਅਗਸਤ 1916 ਨੂੰ ਹਰੀ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ। ਇਸ ਕੇਸ ਵਿਚ ਹਰੀ ਸਿੰਘ 'ਤੇ ਅਨੇਕਾਂ ਦੋਸ਼ ਲਗਾਏ ਗਏ। 15 ਜਨਵਰੀ 1917 ਨੂੰ ਧਾਰਾ 121 ਅਤੇ 121 ਏ ਅਧੀਨ ਦੋਸ਼ੀ ਠਹਿਰਾ ਕੇ ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। ਫਿਰ ਲੈਫ਼ਟੀਨੈਂਟ ਗਵਰਨਰ ਨੇ ਨੁਕਤਾਚੀਨੀ ਤੋਂ ਡਰਦਿਆਂ ਇਹ ਕੈਦ ਸੱਤ ਸਾਲ ਵਿਚ ਬਦਲ ਦਿੱਤੀ। 12 ਗਦਰੀ ਕੈਦੀਆਂ ਨੂੰ ਜਨਵਰੀ 1918 ਵਿਚ ਹਰੀ ਸਿੰਘ ਸਮੇਤ ਹਜ਼ਾਰੀ ਬਾਗ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਥੇ ਉਸਦਾ ਮੇਲ ਭਾਈ ਰਣਧੀਰ ਸਿੰਘ ਨਾਲ ਹੋਇਆ, ਜੋ ਭਾਈ ਹਰੀ ਸਿੰਘ ਦੀ ਸਿੱਖੀ ਸੋਚ ਤੋਂ ਬਹੁਤ ਪ੍ਰਭਾਵਤ ਹੋਏ। ਦੋ ਸਾਲ ਹਜ਼ਾਰੀ ਬਾਗ ਜੇਲ੍ਹ ਵਿਚ ਰਹਿਣ ਤੋਂ ਬਾਅਦ ਪਹਿਲੀ ਸੰਸਾਰ ਜੰਗ ਵਿਚ ਬਰਤਾਨੀਆਂ ਦੀ ਜਿੱਤ 1919 ਵਿਚ ਹੋਣ ਕਰਕੇ ਰਾਜ-ਖਿਮਾ ਦਾ ਐਲਾਨਨਾਮਾ ਜਾਰੀ ਹੋਇਆ, ਜਿਸ ਕਰਕੇ ਮਾਰਚ 1920 ਵਿਚ ਰਿਹਾਈ ਹੋਈ। ਰਿਹਾਈ ਤੋਂ ਬਾਅਦ ਉਹ ਅਕਾਲੀ ਲਹਿਰ ਵਿਚ ਸਰਗਰਮ ਹੋ ਗਿਆ। ਉਸਦੀ ਕਾਬਲੀਅਤ ਨੂੰ ਵੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸਨੂੰ ਪ੍ਰਚਾਰਕ ਭਰਤੀ ਕਰ ਲਿਆ। ਇਸ ਦੌਰਾਨ ਜਦੋਂ ਸ਼੍ਰੋਮਣੀ ਕਮੇਟੀ ਨੇ ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਨੂੰ ਆਪਣੇ ਦੋ ਮੈਂਬਰ ਸ਼੍ਰੋਮਣੀ ਕਮੇਟੀ ਲਈ ਨਾਮਜ਼ਦ ਕਰਨ ਲਈ ਕਿਹਾ, ਤਾਂ ਉਸਨੂੰ ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਿਯੁਕਤ ਕਰ ਦਿੱਤਾ। ਹਰੀ ਸਿੰਘ ਨੂੰ ਗੁਰੂ ਕੇ ਬਾਗ ਦੇ ਮੋਰਚੇ ਵਿਚ ਭਾਗ ਲੈਣ ਕਰਕੇ 6 ਮਹੀਨੇ ਦੀ ਸਜ਼ਾ ਵੀ ਹੋਈ ਸੀ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਉਹ ਆਪਣੇ ਪਿੰਡ ਚੋਟੀਆਂ ਠੋਬਾ ਆ ਗਿਆ। ਸਾਰਾ ਪਰਿਵਾਰ ਸੁਰਗਵਾਸ ਹੋ ਚੁੱਕਿਆ ਸੀ। ਉਸਦੀ ਪਤਨੀ ਵੀ ਸਵਰਗਵਾਸ ਹੋ ਗਈ ਸੀ। ਫਿਰ ਉਸਦੇ ਭਰਾ ਸੁਚੇਤ ਸਿੰਘ ਦੇ ਪੋਤਰਿਆਂ ਬੰਤਾ ਸਿੰਘ ਨੇ ਬਿਰਧ ਉਮਰ ਉਸਦੀ ਵੇਖ ਭਾਲ ਕੀਤੀ। ਭਾਈ ਹਰੀ ਸਿੰਘ 1950 ਵਿਚ ਸਵਰਗਵਾਸ ਹੋ ਗਏ। ਅੰਤਿਕਾ-1 ਵਿਚ ਉਸਦੀ ਕਵਿਤਾ 'ਸੁਤਿਆ ਤੂੰ ਜਾਗ ਸ਼ੇਰਾ' ਪ੍ਰਕਾਸ਼ਤ ਕੀਤੀ ਗਈ ਹੈ। ਅੰਤਿੰਕਾ-2 ਵਿਚ ਵਚਿਤ੍ਰ ਸਪਨਾ ਅਤੇ ਸਰਕਾਰੀ ਰਿਕਾਰਡ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਥੰਮਣ ਸਿੰਘ ਬਰਾੜ ਦੀ ਜਦੋਜਹਿਦ ਵਾਲੀ ਜ਼ਿੰਦਗੀ ਦਾ ਵਰਣਨ ਵੀ ਕੀਤਾ ਗਿਆ ਹੈ।

*ਸਰਕਾਰੀ ਰਿਕਾਰਡ ਵਿਚ ਹਰੀ ਸਿੰਘ ਗ੍ਰੰਥੀ ਲਿਖਿਆ ਹੋਇਆ ਹੈ। ਹੋ ਸਕਦਾ ਫ਼ੌਜ ਵਿਚ ਵੀ ਉਹ ਗ੍ਰੰਥੀ ਹੀ ਭਰਤੀ ਹੋਇਆ ਹੋਵੇ। ਸ਼ਿੰਘਾਈ ਮਿਉਂਸਪਲ ਪੁਲਿਸ ਵਿਚ ਸਾਢੇ ਪੰਜ ਸਾਲ ਨੌਕਰੀ ਕਰਨ ਤੋਂ ਬਾਅਦ ਅਸਤੀਫ਼ਾ ਦੇ ਕੇ 1907 ਵਿਚ ਕੈਨੇਡਾ ਚਲਾ ਗਿਆ। ਧਾਰਮਿਕ ਖਿਆਲਾਂ ਦਾ ਹੋਣ ਕਰਕੇ ਸ਼ਿੰਘਾਈ ਰਹਿੰਦਿਆਂ ਹਾਂਗਕਾਂਗ ਦੇ ਗੁਰਦੁਆਰੇ ਨਾਲ ਜੁੜਿਆ ਰਿਹਾ। ਉਸਦੇ ਵੈਨਕੂਵਰ ਰਹਿੰਦਿਆਂ ਹੀ ਪ੍ਰੋ. ਤੇਜਾ ਅਮਰੀਕਾ ਤੋਂ ਆ ਗਿਆ।*

# ਰਸਕਿਨ ਬਾਂਡ ਵਿਚ ਅਜਿਹਾ ਕੀ ਹੈ?

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਉਹ ਅੱਠ ਸਾਲ ਦਾ ਸੀ, ਜਦ ਉਸਦੇ ਮਾਂ-ਬਾਪ ਅਲੱਗ ਹੋ ਗਏ। ਮਾਂ ਨੇ ਦੂਸਰੀ ਸ਼ਾਦੀ ਕਰ ਲਈ। ਉਹ ਆਪਣੇ ਪਿਤਾ ਨੂੰ ਬਹੁਤ ਪਿਆਰ ਕਰਦਾ ਸੀ। ਪਰ ਦੋ ਸਾਲ ਬਾਅਦ 10 ਸਾਲ ਦੀ ਉਮਰ ਵਿਚ ਪਿਤਾ ਦੀ ਮੌਤ ਹੋ ਗਈ।

ਨਾਮ ਤਾਂ ਬਹੁਤ ਸੁਣਿਆ ਸੀ ਪਰ ਨੇੜੇ ਤੋਂ ਜਾਣ-ਪਛਾਣ ਉਦੋਂ ਹੋਈ, ਜਦੋਂ ਮਸੂਰੀ ਫੇਰੀ ਦੌਰਾਨ ਹੋਟਲ ਦੇ ਕਮਰੇ ਦੇ ਟੇਬਲ 'ਤੇ ਖ਼ੂਬਸੂਰਤ 'ਕੌਫੀ ਟੇਬਲ ਬੁੱਕ' ਪਈ ਦੇਖੀ 'ਦਾ ਮਸੂਰੀ ਯੀਅਰਸ' ਟਾਈਟਲ 'ਤੇ ਟਾਈਪ ਰਾਈਟਰ ਅੱਗੇ ਬੈਠੇ ਰਸਕਿਨ ਬਾਂਡ ਦੀ ਵੱਡੀ ਤਸਵੀਰ ਸੀ। ਟਾਈਪ ਰਾਈਟਰ ਦੇ ਆਸ-ਪਾਸ ਕਿਤਾਬਾਂ ਪਈਆਂ ਸਨ। ਅਸੀਂ ਜਿੰਨੇ ਦਿਨ ਮਸੂਰੀ ਰਹੇ, ਮੈਂ ਉਸ ਕੌਫ਼ੀ ਟੇਬਲ ਬੁੱਕ ਨੂੰ ਖੋਲ੍ਹਦਾ-ਫਿਰੋਲਦਾ ਰਿਹਾ।

ਘਰ ਆ ਕੇ ਜਦੋਂ ਤੱਕ ਉਹ ਕਿਤਾਬ ਦਿੱਲੀ ਤੋਂ ਮੰਗਵਾ ਨਾ ਲਈ, ਉਦੋਂ ਤੱਕ ਚੈਨ ਨਾ ਆਇਆ।

ਰਸਕਿਨ ਬਾਂਡ ਮੈਨੂੰ ਬਹੁਤ ਪਿਆਰਾ ਹੈ। ਇਸ ਲਈ ਨਹੀਂ ਕਿ ਵਿਸ਼ਵ ਪ੍ਰਸਿੱਧ ਲੇਖਕ ਹੈ। ਇਸ ਲਈ ਵੀ ਨਹੀਂ ਕਿ ਅੰਗਰੇਜ਼ ਅਫ਼ਸਰ ਦਾ ਬੇਟਾ ਹੈ। ਸਗੋਂ ਇਸ ਲਈ ਕਿ ਬਚਪਨ ਵਿਚ ਅਨੇਕ ਝੱਖੜ ਝੁੱਲਣ ਦੇ ਬਾਵਜੂਦ ਉਸਨੇ ਆਪਣਾ ਵਜੂਦ ਬਚਾ ਕੇ ਰੱਖਿਆ। ਜ਼ਿੰਦਗੀ ਆਪਣੀਆਂ ਸ਼ਰਤਾਂ 'ਤੇ ਸਹਿਜ, ਸ਼ਾਂਤ ਬਸਰ ਕੀਤੀ। ਅਖੀਰ ਆਪਣੀ ਲੇਖਣੀ ਦਾ ਲੋਹਾ ਮਨਵਾਇਆ। ਮਈ 2026 ਵਿਚ ਉਸਨੇ ਜ਼ਿੰਦਗੀ ਦੇ ਮਾਣਮੱਤੇ 92 ਸਾਲ ਪੂਰੇ ਕਰ ਲਏ ਹਨ।

ਮਾਂ-ਬਾਪ ਦਾ ਹੱਥ ਸਿਰ 'ਤੇ ਨਹੀਂ ਸੀ। ਗਾਰਡੀਅਨ ਦੇ ਸਖ਼ਤ ਵਿਵਹਾਰ ਨੇ ਉਸਨੂੰ ਹੋਰ ਪ੍ਰੇਸ਼ਾਨ ਕਰ ਦਿੱਤਾ। ਇਕ ਦਿਨ ਕੁੱਟ ਖਾਣ ਤੋਂ ਬਾਅਦ ਰਸਕਿਨ ਗੁੱਸੇ ਵਿਚ ਘਰ ਤੋਂ ਭੱਜ ਗਿਆ। ਜੀਵਨ ਦੀਆਂ ਇਨ੍ਹਾਂ ਦੁਖਦ ਸਥਿਤੀਆਂ ਨੇ 'ਰਸ਼ਟੀ' ਨਾਂ ਦੇ ਕਿਰਦਾਰ ਨੂੰ ਜਨਮ ਦਿੱਤਾ। ਰਸ਼ਟੀ ਕਿਰਦਾਰ ਦਾ ਇਸਤੇਮਾਲ ਉਸਨੇ ਆਪਣੇ ਬਚਪਨ ਅਤੇ ਜਵਾਨੀ ਦੀਆਂ ਪ੍ਰਸਥਿਤੀਆਂ ਨੂੰ ਦਰਸਾਉਣ ਲਈ ਕੀਤਾ।

ਅੰਗਰੇਜ਼ੀ ਮੂਲ ਦਾ ਹੋਣ ਦੇ ਬਾਵਜੂਦ ਉਸਦਾ ਦਿਲ ਭਾਰਤੀ ਹੈ। ਉਸਦਾ ਜਨਮ ਭਾਰਤ ਵਿਚ ਹੋਇਆ। ਮੁੱਢਲੀ ਪੜ੍ਹਾਈ ਇਥੇ ਹੋਈ ਪਰ ਬਿਹਤਰ ਜੀਵਨ ਲਈ ਆਪਣੀ ਮਾਸੀ ਕੋਲ ਇੰਗਲੈਂਡ ਚਲਾ ਗਿਆ। ਥੋੜ੍ਹੀ ਦੇਰ ਬਾਅਦ ਉਸਨੂੰ ਅਹਿਸਾਸ ਹੋਇਆ ਕਿ ਉਹ ਭਾਰਤ ਬਿਨਾਂ ਨਹੀਂ ਰਹਿ ਸਕਦਾ ਅਤੇ ਹਮੇਸ਼ਾ ਲਈ ਭਾਰਤ ਆ ਗਿਆ।

ਗੁੰਮਸੁਮ ਰਹਿਣ ਵਾਲਾ ਨੌਜਵਾਨ ਜਦ ਆਪਣੀ ਇਕੱਲਤਾ ਦੂਰ ਕਰਨ ਲਈ ਪਹਾੜਾਂ ਵੱਲ ਗਿਆ, ਤਾਂ ਉਥੋਂ ਦਾ ਹੀ ਹੋ ਕੇ ਰਹਿ ਗਿਆ। ਪਿਛਲੇ 64 ਸਾਲਾਂ ਤੋਂ ਉਹ ਮਸੂਰੀ ਵਿਖੇ ਰਹਿ ਰਿਹਾ ਹੈ। ਉਸਨੂੰ ਪਹਾੜ ਖਿੱਚਦੇ ਹਨ। ਵਾਦੀਆਂ, ਝਰਨੇ, ਰੁੱਖ ਚੰਗੇ ਲੱਗਦੇ ਹਨ ਕਿਉਂਕਿ ਉਸਦਾ ਬਚਪਨ ਪਹਾੜਾਂ ਵਿਚ ਬੀਤਿਆ ਸੀ।

ਰੋਜ਼ਾਨਾ ਜੀਵਨ ਦੀਆਂ ਲੋੜਾਂ ਦੀ ਪੂਰਤੀ ਲਈ ਰਸਕਿਨ ਕੁਝ ਸਾਲ ਦਿੱਲੀ ਅਤੇ ਡੇਹਰਾਦੂਨ ਦੀਆਂ ਪ੍ਰਮੁੱਖ ਅਖ਼ਬਾਰਾਂ ਲਈ ਆਰਟੀਕਲ ਲਿਖਦਾ ਰਿਹਾ।


21 ਸਾਲ ਦੀ ਉਮਰ ਵਿਚ ਉਸਨੇ ਆਪਣਾ ਪਹਿਲਾ ਨਾਵਲ 'ਰੂਮ ਆਨ ਦਾ ਰੂਫ਼' ਪ੍ਰਕਾਸ਼ਿਤ ਕਰਵਾਇਆ। ਇਸ ਨਾਵਲ ਲਈ ਉਸਨੂੰ 'ਜਾਨ ਲੇਵੇਨਿਨ ਰਾਈਸ' ਪੁਰਸਕਾਰ ਮਿਲਿਆ। ਇਸ ਪੁਰਸਕਾਰ ਨਾਲ ਮਿਲੀ ਰਕਮ ਨੂੰ ਉਸਨੇ ਭਾਰਤ ਆ ਕੇ ਡੇਹਰਾਦੂਨ ਵਿਖੇ ਵੱਸ ਜਾਣ ਲਈ ਵਰਤਿਆ।

1963 ਉਹ ਸਾਲ ਸੀ, ਜਦੋਂ ਉਸਨੇ 'ਹੋਲ ਟਾਈਮਰ' ਲੇਖਕ ਬਣਨ ਦਾ ਫੈਸਲਾ ਕੀਤਾ ਅਤੇ ਮਸੂਰੀ ਰਹਿਣ ਲਈ ਚਲਾ ਗਿਆ। ਮਸੂਰੀ ਦੇ ਮਾਹੌਲ, ਸ਼ਾਂਤ ਵਾਤਾਵਰਨ ਅਤੇ ਵਾਦੀਆਂ ਤੋਂ ਉਸਨੂੰ ਪ੍ਰੇਰਨਾ ਮਿਲਦੀ ਹੈ।

ਰਸਕਿਨ ਜਿਵੇਂ-ਜਿਵੇਂ ਜੀਵਨ ਵਿਚ ਅੱਗੇ ਵਧਿਆ, ਤਿਵੇਂ-ਤਿਵੇਂ ਉਸਦੇ ਅਨੁਭਵਾਂ ਨੇ ਉਸਦੀ ਕਹਾਣੀ ਕਹਿਣ ਦੀ ਕਲਾ, ਸ਼ੈਲੀ ਤੇ ਸਮਝ ਨੂੰ ਪ੍ਰਭਾਵਤ ਕੀਤਾ।

ਉਸਦੀਆਂ ਲਿਖਤਾਂ ਦੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਵਿਚ ਹਿਮਾਲਾ ਦੀ ਗੋਦ ਵਿਚ








ਵੱਸਦੀ ਸਾਧਾਰਨ ਜ਼ਿੰਦਗੀ, ਪ੍ਰਕਿਰਤੀ ਅਤੇ ਬੱਚਿਆਂ ਦਾ ਬਚਪਨ ਧੜਕਦਾ ਹੈ।

ਉਸਦੀ ਸਵੈ-ਜੀਵਨੀ 'ਲੋਨ ਫਾਕਸ ਡਾਂਸਿੰਗ' ਉਸਦੇ ਬਚਪਨ, ਪੜ੍ਹਨ-ਲਿਖਣ ਦੇ ਪ੍ਰੇਮ ਤੇ ਪ੍ਰੇਰਨਾ ਦਾ ਵਰਨਣ ਕਰਦੀ ਹੈ।

17 ਸਾਲ ਦੀ ਉਮਰ ਵਿਚ ਲਿਖਣਾ ਆਰੰਭ ਕੀਤਾ ਅਤੇ ਜਦ ਤੱਕ ਸਰੀਰ ਸਾਥ ਦਿੰਦਾ ਰਹੇਗਾ, ਤਦ ਤੱਕ ਉਸਦਾ ਲਿਖਦੇ ਰਹਿਣ ਦਾ ਇਰਾਦਾ ਹੈ।

ਹੁਣ ਤੱਕ ਰਸਕਿਨ 150 ਤੋਂ ਵਧੇਰੇ ਕਿਤਾਬਾਂ ਲਿਖ ਚੁੱਕਾ ਹੈ। ਲਿਖਣਾ ਉਸਦਾ ਸ਼ੌਕ ਜਾਂ ਰੁਝੇਵਾਂ ਹੀ ਨਹੀਂ, ਬਲਕਿ ਜਨੂੰਨ ਅਤੇ ਸੱਭ ਤੋਂ ਪਸੰਦੀਦਾ ਕੰਮ ਹੈ।

'ਏਕ ਥਾ ਰਸ਼ਟੀ' ਉਪਰ ਟੈਲੀਵਿਜ਼ਨ ਸ਼ੋਅ ਬਣ ਚੁੱਕਾ ਹੈ। 'ਫਲਾਈਟ ਆਫ਼ ਪੀਜੰਸ' ਨਾਵਲ 'ਤੇ ਆਧਾਰਿਤ 'ਜਨੂੰਨ' ਫ਼ਿਲਮ ਬਣੀ ਸੀ। ਇਸੇ ਤਰ੍ਹਾਂ ਉਨ੍ਹਾਂ ਦੇ ਨਾਵਲ 'ਸੁਸਾਨਾ ਕੇ ਸੈਵਨ ਹਸਬੈਂਡ' 'ਤੇ ਹਿੰਦੀ ਫ਼ਿਲਮ 'ਸਾਤ ਖ਼ੂਨ ਮਾਫ਼' ਬਣ ਚੁੱਕੀ ਹੈ।

ਰਸਕਿਨ ਬਾਂਡ ਦੀਆਂ ਲਿਖਤਾਂ ਕੋਮਲ, ਭਾਵਪੂਰਤ ਅਤੇ ਸ਼ਾਂਤ ਹਨ। ਮਨ ਨੂੰ ਸਕੂਨ ਦੇਣ ਵਾਲੀਆਂ। ਜਿਹੜੀਆਂ ਸਹਿਜ ਢੰਗ ਨਾਲ ਜੀਵਨ ਦੇ ਸਬਕ ਸਿਖਾ ਜਾਂਦੀਆਂ ਹਨ। ਇਸੇ ਲਈ ਉਸਦੇ ਪਾਠਕਾਂ ਵਿਚ ਹਰ ਉਮਰ ਦੇ ਲੋਕ ਸ਼ਾਮਿਲ ਹਨ। ਪ੍ਰਕਿਰਤੀ ਅਤੇ ਪਾਠਕਾਂ ਅਤੇ ਪਹਾੜਾਂ ਦੇ ਸੁੰਦਰ ਵਰਨਣ ਕਾਰਨ ਉਸਨੂੰ 'ਪਹਾੜਾਂ ਦਾ ਲੇਖਕ' ਵੀ ਕਿਹਾ ਜਾਂਦਾ ਹੈ।

ਉਸਦੀਆਂ ਲਿਖਤਾਂ ਦੇ ਬਹੁਤ ਸਾਰੇ ਅਸਲੀ ਪਾਤਰ ਮਸੂਰੀ ਦੀਆਂ ਸੜਕਾਂ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਤੁਰਦੇ ਫਿਰਦੇ ਵੇਖੇ ਜਾ ਸਕਦੇ ਹਨ।

ਮੂਸਰੀ ਵਿਚ ਆਰੰਭਲੇ ਦਿਨਾਂ ਵਿਚ ਲੋਕ ਉਸਨੂੰ ਪਹਿਚਾਣ ਲੈਂਦੇ ਅਤੇ ਲੰਚ ਜਾਂ ਡਿਨਰ ਲਈ ਘਰ ਆਉਣ ਲਈ ਕਹਿੰਦੇ।

ਇੰਝ ਹੌਲੀ-ਹੌਲੀ ਰਸਕਿਨ ਬਾਂਡ ਮਸੂਰੀ ਦਾ ਚਰਚਿਤ ਚਿਹਰਾ ਬਣ ਗਿਆ। ਸਮੇਂ ਨਾਲ ਉਸਦੀਆਂ ਰਚਨਾਵਾਂ ਨੇ ਉਸਨੂੰ ਪੂਰੇ ਭਾਰਤ, ਪੂਰੀ ਦੁਨੀਆਂ ਵਿਚ ਪ੍ਰਸਿੱਧ ਕਰ ਦਿੱਤਾ।

ਮਸੂਰੀ ਵਿਚ ਰਸਕਿਨ ਬਾਂਡ ਨੇ ਸ਼ਾਨਦਾਰ ਜੀਵਨ ਬਤੀਤ ਕੀਤਾ। ਉਹ ਮਸੂਰੀ ਨੇੜੇ ਲੈਂਡੋਰ ਵਿਚ ਰਹਿੰਦਾ ਹੈ। ਮਸੂਰੀ ਸ਼ਹਿਰ ਉਸਨੂੰ ਬਹੁਤ ਪਿਆਰਾ ਹੈ। ਉਸਨੂੰ ਵੱਡੇ ਸ਼ਹਿਰਾਂ ਦਾ ਭੱਜ-ਦੌੜ ਵਾਲਾ ਜੀਵਨ ਪਸੰਦ ਨਹੀਂ। ਪਹਾੜਾਂ, ਪੰਛੀਆਂ, ਪੇੜਾਂ ਅਤੇ ਪ੍ਰਕਿਰਤੀ ਤੋਂ ਉਸਨੂੰ ਲਿਖਣ ਲਈ ਪ੍ਰੇਰਨਾ ਮਿਲਦੀ ਹੈ।

ਉਨ੍ਹਾਂ ਦੀ ਸਿਆਸਤ ਵਿਚ ਭੋਰਾ ਦਿਲਚਸਪੀ ਨਹੀਂ। ਰਵਿੰਦਰਨਾਥ ਟੈਗੋਰ ਅਤੇ ਚਾਰਲਸ ਡਿਕਨਸ ਉਸਦੇ ਪਸੰਦੀਦਾ ਲੇਖਕ ਹਨ। ਉਹ ਸਵੇਰੇ ਸ਼ਾਮ ਟਹਿਲਦੇ ਹਨ। ਸਾਦਾ ਭੋਜਨ ਖਾਂਦੇ ਹਨ। ਰਾਤ ਨੂੰ ਜਲਦੀ ਸੌਂ ਜਾਂਦੇ ਹਨ।

ਉਹ ਦਿਨ ਵਿਚ ਦੋ ਵਾਰ ਆਪਣੀ ਮਰਜ਼ੀ, ਆਪਣੀ ਇੱਛਾ ਅਨੁਸਾਰ ਲਿਖਣ ਲਈ ਬੈਠਦੇ ਹਨ। ਉਨ੍ਹਾਂ ਦੀ ਲਿਖੀ ਹੋਈ ਸਮੱਗਰੀ ਭਾਵੇਂ ਪ੍ਰਕਾਸ਼ਿਤ ਨਾ ਹੋ ਰਹੀ ਹੋਵੇ, ਤਦ ਵੀ ਉਹ ਲਗਾਤਾਰ ਲਿਖਦੇ ਹਨ। ਉਹ ਆਪਣੇ ਜਨਮ ਦਿਨ 'ਤੇ ਸਵੇਰੇ ਆਪਣੇ ਘਰ ਅਤੇ ਸ਼ਾਮ ਨੂੰ ਕੁਲੜੀ ਵਿਖੇ ਕੈਂਬਰਿਜ ਬੁੱਕ ਡੀਪੂ ਵਿਚ ਆਪਣੇ ਪ੍ਰਸੰਸਕਾਂ ਨਾਲ ਕੇਕ ਕੱਟਦੇ ਹਨ।

ਭਾਵੇਂ ਰਸਕਿਨ ਕੋਲ ਇਕ ਦੋ ਮਿਲੀਅਨ ਦੇ ਕਰੀਬ ਅਮਰੀਕੀ ਡਾਲਰ ਜਾਇਦਾਦ ਹੈ ਪਰੰਤੂ ਉਨ੍ਹਾਂ ਨੇ ਸਾਰੀ ਉਮਰ ਸਾਦਾ ਜੀਵਨ ਬਤੀਤ ਕੀਤਾ। ਇਹ ਪੈਸਾ ਉਨ੍ਹਾਂ ਨੇ ਆਪਣੀਆਂ ਲਿਖਤਾਂ ਤੋਂ ਕਮਾਇਆ। ਉਹ ਕਹਿੰਦੇ ਹਨ ਮੈਂ ਆਪਣਾ ਪੈਸਾ ਕਿਤਾਬਾਂ ਅਤੇ ਦੋਸਤਾਂ 'ਤੇ ਖਰਚ ਕਰਦਾ ਹਾਂ। ਮੇਰੇ ਕੋਲ ਪੱਥਰ ਅਤੇ ਇੱਟਾਂ ਲਈ ਪੈਸੇ ਨਹੀਂ ਹਨ।

ਉਸਨੇ ਸਾਰੀ ਉਮਰ ਸ਼ਾਦੀ ਨਹੀਂ ਕਰਵਾਈ। ਦਰਅਸਲ ਉਸਦੀ ਤਬੀਅਤ ਵਿਵਹਾਰਕ ਨਹੀਂ। ਉਹ ਫ਼ਿਲਮੀ ਸ਼ੈਲੀ ਵਾਲੀ, ਅਨੇਕਾਂ ਮੁਸ਼ਕਲਾਂ ਰੁਕਾਵਟਾਂ 'ਚੋਂ ਲੰਘ ਕੇ ਸ਼ਾਦੀ ਕਰਵਾਉਣੀ ਚਾਹੁੰਦਾ ਸੀ ਜਾਂ ਫਿਰ ਭਾਰਤੀ ਮਰਿਯਾਦਾ ਅਨੁਸਾਰ ਮਾਪਿਆਂ ਦੇ ਕਹੇ ਮੁਤਾਬਿਕ। ਫ਼ਿਲਮੀ ਸ਼ੈਲੀ ਵਾਲੀ ਸ਼ਾਦੀ ਦਾ ਸਬੱਬ ਨਾ ਬਣਿਆ ਅਤੇ ਉਹਦੇ ਲਈ ਬੋਲਣ ਵਾਲੇ, ਕੋਸ਼ਿਸ਼ ਕਰਨ ਵਾਲੇ ਮਾਪੇ ਮੌਜੂਦ ਨਹੀਂ ਸਨ। ਦੋ ਵਾਰ ਸ਼ਾਦੀ ਹੁੰਦੀ-ਹੁੰਦੀ ਰਹਿ ਗਈ। ਰਿਸ਼ਤਾ ਟੁੱਟ ਗਿਆ। ਰਸਕਿਨ ਕਹਿੰਦਾ ਹੈ, "ਸ਼ਾਇਦ ਮੈਂ ਚਿਹਰੇ ਮੁਹਰੇ ਪੱਖੋਂ ਕੋਈ ਬਹੁਤਾ ਆਕਰਸ਼ਕ ਵਿਅਕਤੀ ਨਹੀਂ, ਇਸ ਲਈ।"

ਅਸਲੀਅਤ ਇਹ ਹੈ ਕਿ ਜਦ ਉਹ 8 ਸਾਲ ਦਾ ਬੱਚਾ ਸੀ, ਤਦ ਉਸਦੇ ਮਾਂ-ਬਾਪ ਅਲੱਗ ਹੋ ਗਏ। ਉਸਦਾ ਬਚਪਨ ਬੇਹੱਦ ਉਦਰੇਵੇਂ ਵਿਚ ਬੀਤਿਆ। ਉਸਦੇ ਮਨ ਵਿਚ ਸ਼ਾਦੀ ਦੇ ਸੰਕਲਪ ਦਾ ਜੋ ਅਕਸ ਬਣਿਆ ਸੀ, ਉਹ ਸਦਾ-ਸਦਾ ਲਈ ਤਿੜਕ ਗਿਆ।

ਇਸ ਖਿਲਾਅ ਨੂੰ ਭਰਨ ਲਈ ਉਸਨੇ ਇਕ ਪਰਿਵਾਰ ਗੋਦ ਲੈ ਲਿਆ, ਜਿਹੜਾ ਉਸਦੀ ਦੇਖਭਾਲ ਕਰ ਰਿਹਾ ਹੈ।

ਜਵਾਨੀ ਵੇਲੇ ਰਸਕਿਨ ਹਸਪਤਾਲ ਦੀਆਂ ਨਰਸਾਂ ਵਿਚ ਬੜੀ ਦਿਲਚਸਪੀ ਲੈਂਦਾ। ਆਨੇ-ਬਹਾਨੇ ਚੈੱਕਅਪ ਲਈ ਹਸਪਤਾਲ ਚਲਾ ਜਾਂਦਾ ਅਤੇ ਪੰਜ ਦਿਨਾਂ ਬਾਅਦ ਮੁੜਦਾ।

ਉਹ ਸਾਰੀ ਉਮਰ ਗੋਲਕੀਪਰ ਹੀ ਬਣਿਆ ਰਿਹਾ। ਬਚਾਉਂਦਾ ਹੋਇਆ, ਰੋਕਦਾ ਹੋਇਆ, ਮੁਹੱਈਆ ਕਰਦਾ ਹੋਇਆ। ਉਹ ਕਦੇ ਮੋਹਰਲੀਆਂ ਸਫ਼ਾਂ ਵਿਚ ਉਤਸ਼ਾਹ ਨਾਲ ਭਰਿਆ ਹੋਇਆ ਗੋਲ ਕਰਦਾ ਨਜ਼ਰ ਨਹੀਂ ਆਇਆ।

ਉਹ ਅਕਸਰ ਗੰਭੀਰ, ਚਿੰਤਨਸ਼ੀਲ ਮੁਦਰਾ ਵਿਚ ਬੈਠਾ, ਖੜ੍ਹਾ, ਤੁਰਦਾ ਨਜ਼ਰ ਆਉਂਦਾ ਹੈ, ਉਸਨੂੰ ਬਲੈਕ ਐਂਡ ਵਾਈਟ ਫੋਟੋਗ੍ਰਾਫ਼ੀ ਦਾ ਬੜਾ ਸ਼ੌਕ ਹੈ।

ਉਹ ਕਹਿੰਦਾ ਹੈ ਪਾਣੀ ਵਰਗੇ ਬਣੋ। ਪਾਣੀ ਕਿਧਰੇ ਰੁਕਦਾ ਨਹੀਂ। ਭਾਵੇਂ ਚਾਲ ਧੀਮੀ ਹੀ ਹੋਵੇ, ਉਹ ਜ਼ਰੂਰ ਕਿਤੇ ਨਾ ਕਿਤੇ ਪਹੁੰਚਦਾ, ਆਪਣੇ ਕੰਮ ਵਿਚੋਂ ਖੁਸ਼ੀ ਲੱਭੋ ਅਤੇ ਇਧਰ-ਉਧਰ ਥੋੜ੍ਹੀ-ਥੋੜ੍ਹੀ ਰੌਸ਼ਨੀ ਬਖੇਰਦੇ ਰਹੋ।

ਪਿਆਰ, ਖੁਸ਼ੀ ਅਤੇ ਸ਼ਾਂਤੀ ਉਸਦੇ ਮਨਭਾਉਂਦੇ ਸ਼ਬਦ ਹਨ।

ਇਕ ਵਾਰ ਉਹ ਦੇਹਰਾਦੂਨ ਜਾਣ ਲਈ ਸਾਂਝੀ ਕੈਬ ਵਿਚ ਬੈਠਾ ਸੀ। ਅਚਾਨਕ ਉਸਨੇ ਵੇਖਿਆ ਕਿ ਨਾਲ ਵਾਲਾ ਯਾਤਰੀ ਉਸਦੀ ਇਕ ਪੁਸਤਕ ਪੜ੍ਹ ਰਿਹਾ ਸੀ। ਗੱਲਬਾਤ ਸ਼ੁਰੂ ਕਰ ਲਈ ਉਸਨੇ ਕਿਹਾ, "ਆਹ! ਇਹ ਮੇਰੀਆਂ ਕਿਤਾਬਾਂ ਵਿਚੋਂ ਇਕ ਹੈ।"

"ਤੁਹਾਡਾ ਕੀ ਮਤਲਬ, ਤੁਹਾਡੀ ਕਿਤਾਬ?" ਯਾਤਰੀ ਚਿਲਾਇਆ, "ਮੈਂ ਹੁਣੇ-ਹੁਣੇ ਇਹ ਮਸੂਰੀ ਤੋਂ ਕਿਤਾਬਾਂ ਦੀ ਦੁਕਾਨ ਤੋਂ ਖਰੀਦੀ ਹੈ।"

19 ਜਨਵਰੀ, 1958 ਨੂੰ ਉਸਨੇ ਆਪਣੀ ਡਾਇਰੀ ਵਿਚ ਲਿਖਿਆ, "ਜਿਹੜੀਆਂ ਚੀਜ਼ਾਂ, ਜਿਹੜੇ ਕੰਮ ਮੈਂ ਆਪਣੇ ਆਪ, ਇਕੱਲਿਆਂ, ਬਿਨਾਂ ਕਿਸੇ ਦੀ ਸਲਾਹ, ਮਨਜ਼ੂਰੀ ਜਾਂ ਮਦਦ ਦੇ ਕੀਤੇ, ਉਹ ਮੈਂ ਬਿਹਤਰੀਨ ਢੰਗ ਨਾਲ ਕਰ ਸਕਿਆ।"

ਉਹ ਕਹਿੰਦਾ, "ਜ਼ਿੰਦਗੀ ਗੁਲਾਬ ਦੇ ਫੁੱਲਾਂ ਦੀ ਸੇਜ ਨਹੀਂ। ਬਾਵਜੂਦ ਇਸਦੇ ਮੈਨੂੰ ਅਨੇਕ ਬੇਮੌਸਮੀ ਗੁਲਾਬ ਮਿਲਦੇ ਰਹੇ ਹਨ।"

ਉਸਨੇ ਜੀਵਨ ਵਿਚ ਜੋ ਕੁਝ ਗਵਾਇਆ, ਉਸਦਾ ਹਿਸਾਬ ਨਹੀਂ ਪਰ ਜੋ ਕੁਝ ਪ੍ਰਾਪਤ ਕੀਤਾ, ਉਸ ਨਾਲ ਉਹ ਖੁਸ਼ ਤੇ ਸੰਤੁਸ਼ਟ ਹੈ।

ਨਵੇਂ ਲੇਖਕਾਂ ਨੂੰ ਸਲਾਹ ਦਿੰਦਾ ਹੋਇਆ ਉਹ ਕਹਿੰਦਾ ਹੈ, "ਲਿਖਣਾ ਕੇਵਲ ਸ਼ਬਦਾਂ ਦੀ ਖੇਡ ਨਹੀਂ ਹੈ। ਕੀ ਤੁਸੀਂ ਨਿਗਰਾਨੀ ਕਰਨ ਵਾਲੇ ਹੋ? ਕੀ ਤੁਸੀਂ ਚਿੜੀ ਅਤੇ ਚਿੜੀਬਾਜ਼ ਵਿਚਲਾ ਅੰਤਰ ਦੱਸ ਸਕਦੇ ਹੋ? ਲਿਖਣ ਲਈ ਇਹ ਜ਼ਰੂਰੀ ਹੈ।"

"ਕੀ ਤੁਸੀਂ ਬਤੌਰ ਲੇਖਕ ਪਹਿਚਾਣ ਲਈ ਸਾਲਾਂ ਤੱਕ ਉਡੀਕ ਕਰ ਸਕਦੇ ਹੋ? ਹੋ ਸਕਦਾ ਉਮਰ ਭਰ। ਜੇਕਰ ਤੁਸੀਂ ਝੱਟਪਟ ਪਛਾਣ ਲੋਚਦੇ ਹੋ, ਤਾਂ ਮਾਡਲ ਬਣੋ।"

ਰੈੱਡ ਸਮਿੱਥ ਦੇ ਹਵਾਲੇ ਨਾਲ ਰਸਕਿਨ ਬਾਂਡ ਲਿਖਦੇ ਹਨ, "ਲਿਖਣਾ ਬੇਹੱਦ ਅਸਾਨ ਹੈ। ਤੁਸੀਂ ਕੇਵਲ ਏਨਾ ਕਰਨਾ ਹੈ ਕਿ ਟਾਈਪ ਰਾਈਟਰ ਦੇ ਸਾਹਮਣੇ ਬੈਠ ਜਾਣਾ ਹੈ। ਉਦੋਂ ਤੱਕ ਜਦ ਤੱਕ ਤੁਹਾਡੇ ਮੱਥੇ ਵਿਚੋਂ ਛੋਟਾ ਜਿਹਾ ਖ਼ੂਨ ਦਾ ਕਤਰਾ ਨਾ ਸਿਮ ਨਾ ਜਾਵੇ।

ਰਸਕਿਨ ਬਾਂਡ ਦਾ ਇਕ ਪ੍ਰਸ਼ੰਸਕ ਉਸਨੂੰ ਕਹਿੰਦਾ, "ਮੈਂ ਤੁਹਾਡੇ ਵਾਂਗ ਇਕ ਲੇਖਕ ਬਣਨਾ ਚਾਹੁੰਦਾ ਹਾਂ, ਤਾਂ ਜੋ ਘਾਹ 'ਤੇ ਲੰਮਾ ਪਿਆ ਰਿਹਾਂ ਅਤੇ ਕੁਝ ਵੀ ਨਾ ਕਰਾਂ।"

ਉਸਨੂੰ ਨਹੀਂ ਸੀ ਪਤਾ ਕਿ ਘਾਹ 'ਤੇ ਲੰਮੇ ਪੈ ਕੇ ਕੋਈ 50 ਸਾਲ ਤੱਕ ਕੁਲਵਕਤੀ ਲੇਖਕ ਨਹੀਂ ਬਣਿਆ ਰਹਿ ਸਕਦਾ।

ਉਹਦੇ ਲਈ ਉੱਠਣਾ ਪੈਂਦਾ ਹੈ, ਕੱਪੜਿਆਂ ਤੋਂ ਘਾਹ ਦੇ ਤਿਣਕੇ ਝਾੜ ਕੇ, ਹੱਥ-ਮੂੰਹ ਧੋ ਕੇ, ਲਿਖਣ ਲਈ ਮੇਜ਼ 'ਤੇ ਟਾਈਪ ਰਾਈਟਰ ਦੇ ਸਾਹਮਣੇ ਬਹਿਣਾ ਪੈਂਦਾ ਹੈ।

ਉਹ ਤਕਨੀਕ ਦੀ ਬਹੁਤ ਘੱਟ ਵਰਤੋਂ ਕਰਦਾ ਹੈ। ਕਾਗਜ਼, ਕਲਮ ਅਤੇ ਸ਼ਾਂਤ ਸਮਾਂ ਉਸਦੀ ਤਰਜੀਹ ਹੈ।

ਬਹੁਤ ਮਾਣ-ਸਨਮਾਨ ਮਿਲਣ ਦੇ ਬਾਵਜੂਦ ਉਹ ਨਿਮਰ ਅਤੇ ਮਿਲਣਸਾਰ ਤਬੀਅਤ ਦਾ ਮਾਲਕ ਹੈ। ਸਾਰੀ ਉਮਰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਕਾਰਨ ਉਸਦੀਆਂ ਲਿਖਤਾਂ ਵਿਚ ਵੀ ਉਹ ਗਹਿਰਾਈ ਸਹਿਜ ਸੁਭਾਵਕ ਆ ਗਈ।

1992 ਵਿਚ ਰਸਕਿਨ ਬਾਂਡ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। 1999 ਵਿਚ ਪਦਮ ਸ੍ਰੀ ਅਤੇ 2014 ਵਿਚ ਪਦਮ ਭੂਸ਼ਨ।

ਵਿਅਕਤੀ ਮਹੱਤਵਪੂਰਨ ਨਹੀਂ ਹੁੰਦਾ। ਉਸਦਾ ਯੋਗਦਾਨ ਮਹੱਤਵਪੂਰਨ ਹੁੰਦਾ ਹੈ। ਜਸ਼ਨ ਯੋਗਦਾਨ ਦਾ ਮਨਾਇਆ ਜਾਂਦਾ।

ਆਓ ਰਸਕਿਨ ਬਾਂਡ ਦੇ ਯੋਗਦਾਨ ਦਾ ਜਸ਼ਨ ਮਨਾਈਏ।

## 8 ਜੂਨ ਗੁਰਤਾਗੱਦੀ ਦਿਵਸ 'ਤੇ ਵਿਸ਼ੇਸ਼ ਲੇਖ

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ




ਸੁਖਵਿੰਦਰ ਸਿੰਘ ਮੁੱਲਾਂਪੁਰ
ਕੈਲਪੁਰ ਰੋਡ ਮੁੱਲਾਂਪੁਰ ਦਾਖਾ
ਮੋ : +91-84274-54104
ਪੰਜਾਬ ਮੇਲ USA




1594 ਈ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਛੱਡ ਕੇ ਇੱਥੋਂ 6 ਕਿਲੋਮੀਟਰ ਦੂਰ ਪਿੰਡ ਵਡਾਲੀ ਵਿਖੇ ਜਾ ਬਿਰਾਜੇ ਸਨ। ਵਡਾਲੀ ਵਿਚ ਰਹਿੰਦਿਆਂ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਵਾਕ ਪੂਰਾ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਤੇ ਮਾਤਾ ਗੰਗਾ ਜੀ ਦੀ ਕੁਖੋਂ 5 ਹਾੜ 1652 ਬਿਕ੍ਰਮੀ ਮੁਤਾਬਕ 19 ਜੂਨ 1595 ਈ: ਨੂੰ ਸ੍ਰੀ ਹਰਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। ਸਾਰੇ ਸਿੱਖ ਜਗਤ ਵਿਚ ਅਥਾਹ ਖੁਸ਼ੀ ਹੋਈ। ਪੰਚਮ ਪਾਤਿਸ਼ਾਹ ਜੀ ਨੇ ਮਾਲਕ ਦਾ ਸ਼ੁਕਰਾਨਾ ਕਰਦਿਆਂ ਸ਼ਬਦ ਉਚਾਰਨ ਕੀਤਾ।

ਜਦ ਹਰਗੋਬਿੰਦ ਸਾਹਿਬ 2 ਸਾਲ ਦੇ ਹੋਏ ਤਾਂ ਪੰਚਮ ਪਾਤਿਸ਼ਾਹ ਵਡਾਲੀ ਛੱਡਕੇ ਅੰਮ੍ਰਿਤਸਰ ਰਹਿਣ ਲੱਗ ਪਏ। ਹਰਗੋਬਿੰਦ ਸਾਹਿਬ ਜੀ ਨੂੰ ਵਿੱਦਿਆ ਦੇਣ ਦਾ ਕਾਰਜ ਬਾਬਾ ਬੁੱਢਾ ਜੀ ਨੂੰ ਸੌਂਪ ਦਿੱਤਾ। ਥੋੜੇ ਸਮੇਂ ਵਿਚ ਹੀ ਉਨ੍ਹਾਂ ਅੱਖਰ ਸਿੱਖ ਲਏ ਤੇ ਗੁਰਬਾਣੀ ਪੜ੍ਹਨ ਲੱਗ ਪਏ। ਉਸ ਪਿੱਛੋਂ ਉਨ੍ਹਾਂ ਨੂੰ ਸ਼ਸਤਰ ਚਲਾਉਣੇ, ਘੋੜ ਸਵਾਰੀ ਕਰਨੀ, ਹਿਕਮਤ ਤੇ ਰਸਾਇਕ ਵਿਦਿਆ ਆਦਿ ਸਿਖਾਈਆਂ ਗਈਆਂ।

ਗੁਰੂ ਹਰਗੋਬਿੰਦ ਸਾਹਿਬ ਜੀ ਦੇ ਤਿੰਨ ਵਿਆਹ ਹੋਏ।

1604 ਈ: ਵਿਚ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ, ਤਾਂ ਗੁਰੂ ਸਾਹਿਬ ਜੀ ਦੇ ਕਹਿਣ 'ਤੇ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਣ ਕੋਠਾ ਸਾਹਿਬ ਵਿਖੇ ਕੀਤਾ। ਉਸ ਦਿਨ ਤੋਂ ਪੰਜਵੇਂ ਪਾਤਿਸ਼ਾਹ ਸੁਖ-ਆਸਣ ਵਾਲੇ ਪਲੰਘ ਸਾਹਿਬ ਦੇ ਥੱਲੇ ਦਰੀ ਉੱਤੇ ਚਾਦਰ ਵਿਛਾ ਕੇ ਰਾਤ ਨੂੰ ਬਿਰਾਜਦੇ ਰਹੇ। ਇਹ ਮਰਿਆਦਾ ਅੱਜ ਵੀ ਚੱਲੀ ਆ ਰਹੀ ਹੈ।

ਭਾਈ ਸੰਤੋਖ ਸਿੰਘ ਅਨੁਸਾਰ ਜਿਸ ਵੇਲੇ ਗੁਰੂ ਅਰਜਨ ਦੇਵ ਜੀ ਨੂੰ ਬਾਦਸ਼ਾਹ ਦੇ ਭੇਜੇ ਹੋਏ ਅਹਿਦੀਆਂ ਨੇ ਬੁਲਾਵੇ ਦਾ ਹੁਕਮ ਸੁਣਾਇਆ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾਣ ਤੋਂ ਪਹਿਲਾਂ ਬਾਬਾ ਬੁੱਢਾ ਜੀ ਨਾਲ ਸਲਾਹ-ਮਸ਼ਵਰਾ ਕੀਤਾ। ਫਿਰ ਸ੍ਰੀ (ਗੁਰੂ) ਹਰਗੋਬਿੰਦ ਸਾਹਿਬ ਜੀ ਨੂੰ ਨਾਲ ਲੈ ਕੇ ਜੇਠ ਵਦੀ 8 ਸੰਮਤ 1663 ਮੁਤਾਬਕ 1606 ਈ: ਵਿਚ ਕੋਠਾ ਸਾਹਿਬ ਵਾਲੇ ਕਮਰੇ ਵਿਚ ਆ ਗਏ। ਉਥੇ ਹੀ ਬਾਬਾ ਬੁੱਢਾ ਜੀ ਆ ਗਏ, ਉਥੇ ਹੀ ਭਾਈ ਗੁਰਦਾਸ ਜੀ ਨੂੰ ਬੁਲਾ ਲਿਆ।

ਪੰਚਮ ਪਾਤਿਸ਼ਾਹ ਨੇ (ਗੁਰੂ) ਹਰਿਗੋਬਿੰਦ ਸਾਹਿਬ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਤਿੰਨ ਪ੍ਰਕਰਮਾਂ ਕਰ ਕੇ ਮੱਥਾ ਟੇਕ ਕੇ ਕਿਹਾ ਕਿ ਇਹ ਸਾਡੇ ਬਾਅਦ ਸਾਡਾ ਗੁਰੂ ਰੂਪ ਹੋਵੇਗਾ। ਸਤਿਗੁਰਾਂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਘਰ ਦੀ ਮਰਿਆਦਾ ਅਨੁਸਾਰ ਕੇਸਰ ਤੇ ਚੰਦਨ ਨਾਲ ਗੁਰਤਾਗੱਦੀ ਦਾ ਤਿਲਕ ਕਰ ਦਿੱਤਾ। ਉਸ ਟਾਇਮ (ਗੁਰੂ) ਹਰਿਗੋਬਿੰਦ ਸਾਹਿਬ ਜੀ ਦੀ ਉਮਰ 11 ਸਾਲ ਸੀ।

ਇਸ ਦੇ ਨਾਲ ਹੀ ਪੰਚਮ ਪਾਤਿਸ਼ਾਹ ਜੀ ਨੇ ਸ੍ਰੀ ਹਰਗੋਬਿੰਦ ਸਾਹਿਬ ਜੀ ਨੂੰ ਸ਼ਸਤਰਧਾਰੀ ਹੋਣ ਦਾ ਹੁਕਮ ਦਿੱਤਾ ਤੇ ਨਾਲ ਹੀ ਕਿਹਾ ਹੁਣ ਤਖ਼ਤ 'ਤੇ ਬੈਠਣ ਦਾ ਸਮਾਂ ਆ ਗਿਆ ਹੈ। ਧਰਮ ਦਾ ਰਾਜ ਕਾਇਮ ਕਰਨ ਲਈ ਸ਼ਸਤਰ ਤੇ ਫ਼ੌਜ ਨੂੰ ਕਾਇਮ ਕਰਨਾ ਤੇ ਚੰਦੂ ਨੂੰ ਕਰਮਾਂ ਦਾ ਫ਼ਲ ਭੁਗਤਾਨ ਕਰਨਾ ਤੁਹਾਡੀ ਡਿਊਟੀ ਹੈ।

ਜੇਠ ਸੁਦੀ 4 ਸੰਮਤ 1663 ਮੁਬਾਬਕ 1606 ਈ: ਨੂੰ ਲਾਹੌਰ ਵਿਖੇ ਪੰਚਮ ਪਾਤਿਸ਼ਾਹ ਜੀ ਦੀ ਸ਼ਹੀਦੀ ਉਪਰੰਤ ਗੁਰਮਤਿ ਰਹੁ-ਰੀਤਾਂ ਅਨੁਸਾਰ ਸਤਿਗੁਰਾਂ ਨਿਮਤ ਕੋਠਾ ਸਾਹਿਬ ਵਾਲੇ ਕਮਰੇ ਅੰਦਰ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਆਰੰਭ ਕੀਤਾ। ਤੇਰਵੇਂ ਦਿਨ ਹਾੜ ਵਦੀ ਇਕ ਦੀ ਸੰਗਰਾਂਦ ਨੂੰ ਕੋਠਾ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿਚ ਬਾਬਾ ਬੁੱਢਾ ਜੀ ਨੇ ਭੋਗ ਪਾਇਆ।

ਪੁਰਾਤਨ ਰੀਤੀ ਅਨੁਸਾਰ ਮਸੰਦ, ਸੇਲੀ, ਮਾਲਾ, ਟੋਪੀ ਲੈ ਕੇ ਆਏ, ਤਾਂ ਹਰਗੋਬਿੰਦ ਪਾਤਿਸ਼ਾਹ ਨੇ ਬਾਬਾ ਬੁੱਢਾ ਜੀ ਨੂੰ ਕਿਹਾ, ਇਹ ਸਮਾਨ ਤੋਸ਼ੇਖਾਨੇ ਪਹੁੰਚਾ ਦਿਓ। ਸ੍ਰੀ ਹਰਗੋਬਿੰਦ ਪਾਤਿਸ਼ਾਹ ਨੂੰ ਪੱਗ ਬਨਾਈ (ਭਾਵ ਦਸਤਾਰ ਬੰਦੀ ਦੀ ਰਸਮ ਕੀਤੀ)।

ਜੇਠ ਸੁਦੀ 4 ਸੰਮਤ 1663 ਮੁਬਾਬਕ 1606 ਈ: ਨੂੰ ਲਾਹੌਰ ਵਿਖੇ ਪੰਚਮ ਪਾਤਿਸ਼ਾਹ ਜੀ ਦੀ ਸ਼ਹੀਦੀ ਉਪਰੰਤ ਗੁਰਮਤਿ ਰਹੁ-ਰੀਤਾਂ ਅਨੁਸਾਰ ਸਤਿਗੁਰਾਂ ਨਿਮਤ ਕੋਠਾ ਸਾਹਿਬ ਵਾਲ ਕਮਰੇ ਅੰਦਰ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਆਰੰਭ ਕੀਤਾ। ਤੇਰਵੇਂ ਦਿਨ ਹਾੜ ਵਦੀ ਇਕ ਦੀ ਸੰਗਰਾਂਦ ਨੂੰ ਕੋਠਾ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿਚ ਬਾਬਾ ਬੁੱਢਾ ਜੀ ਨੇ ਭੋਗ ਪਾਇਆ। ਪੁਰਾਤਨ ਰੀਤੀ ਅਨੁਸਾਰ ਮਸੰਦ, ਸੇਲੀ, ਮਾਲਾ, ਟੋਪੀ ਲੈ ਕੇ ਆਏ, ਤਾਂ ਹਰਗੋਬਿੰਦ ਪਾਤਿਸ਼ਾਹ ਨੇ ਬਾਬਾ ਬੁੱਢਾ ਜੀ ਨੂੰ ਕਿਹਾ, ਇਹ ਸਮਾਨ ਤੋਸ਼ੇਖਾਨੇ ਪਹੁੰਚਾ ਦਿਓ। ਸ੍ਰੀ ਹਰਗੋਬਿੰਦ ਪਾਤਿਸ਼ਾਹ ਨੂੰ ਪੱਗ ਬਨਾਈ (ਭਾਵ ਦਸਤਾਰ ਬੰਦੀ ਦੀ ਰਸਮ ਕੀਤੀ)।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤਖ਼ਤ ਦੀ ਰਚਨਾ ਕਰਨੀ ਚਾਹੁੰਦੇ ਸਨ। ਉਨ੍ਹਾਂ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨਾਲ ਸਲਾਹ ਕਰਕੇ ਕੋਠਾ ਸਾਹਿਬ ਦੇ ਖੱਬੇ ਪਾਸੇ ਥਾਂ ਪੱਧਰਾ ਕਰਕੇ ਇੱਟਾਂ ਤੇ ਚੂਨਾਂ ਸਮੱਗਰੀ ਇਕੱਠੀ ਕਰਨ ਦਾ ਹੁਕਮ ਦਿੱਤਾ। ਦਿੱਤੇ ਸਮੇਂ ਅਨੁਸਾਰ ਸ੍ਰੀ ਹਰਗੋਬਿੰਦ ਸਾਹਿਬ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਉੱਥੇ ਪਹੁੰਚ ਗਏ।

ਹਾੜ ਵਦੀ ਪੰਚਮੀ ਸੰਮਤ 1663 ਮੁਤਾਬਕ 15 ਜੂਨ, 1606 ਈ: ਨੂੰ ਸਤਿਗੁਰਾਂ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਹਾਜ਼ਰੀ ਵਿਚ ਸਤਿਗੁਰਾਂ ਨੇ ਅਰਦਾਸ ਕਰਨ ਉਪਰੰਤ ਤਖ਼ਤ ਦੀ ਪਹਿਲੀ ਇੱਟ ਆਪਣੇ ਪਵਿੱਤਰ ਕਰ-ਕਮਲਾਂ ਨਾਲ ਰੱਖੀ। ਬਾਕੀ ਸਾਰੀ ਉਸਾਰੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਕੀਤੀ। ਥੋੜੇ ਸਮੇਂ ਵਿਚ ਤਖ਼ਤ ਦਾ ਥੜਾ ਤਿਆਰ ਹੋ ਗਿਆ। ਗੁਰੂ ਸਾਹਿਬ ਜੀ ਨੇ ਇਸ ਨੂੰ ਅਕਾਲ ਤਖ਼ਤ ਦਾ ਨਾਮ ਦਿੱਤਾ। ਇਹ ਉਸ ਪ੍ਰਮਾਤਮਾ ਅਕਾਲ ਪੁਰਖ ਦਾ ਅਕਾਲ ਤਖ਼ਤ ਹੈ।

ਸਤਿਗੁਰਾਂ ਵਲੋਂ ਸ੍ਰੀ ਅਕਾਲ ਤਖ਼ਤ 'ਤੇ ਸਮਾਗਮ ਦੀ ਤਰੀਕ ਰੱਖੀ ਗਈ। ਸੰਗਤਾਂ ਨੂੰ ਹੁੰਮਹੁਮਾ ਕੇ ਪੁੱਜਣ ਹਿੱਤ ਹੁਕਮਨਾਵੇਂ ਭੇਜੇ ਗਏ। ਨਾਲ ਹੀ ਲਿਖ ਭੇਜਿਆ, ਸ਼ਸਤਰ ਅਤੇ ਵਧੀਆ ਘੋੜਿਆਂ ਦੀ ਭੇਟਾ ਲੈ ਕੇ ਆਓ। ਸਤਿਗੁਰਾਂ ਦੇ ਬੈਠਣ ਲਈ ਸਿੰਘਾਸਣ ਸਜਾਇਆ ਗਿਆ। ਸਤਿਗੁਰਾਂ ਦੇ ਬਹੁਤ ਸੁੰਦਰ ਕੀਮਤੀ ਪੀਲੀ ਪੁਸ਼ਾਕ ਪਹਿਨੀ ਹੋਈ ਸੀ। ਸੁੰਦਰ ਦਸਤਾਰ ਉੱਪਰ ਜਿਗ੍ਹਾ ਤੇ ਕਲਗੀ ਸਜਾਈ ਹੋਈ ਸੀ। ਬਾਹਾਂ ਵਿਚ ਅੰਗਦ ਸੋਭ ਰਹੇ ਸਨ। ਪਿੰਡੇ ਉੱਤੇ ਢਾਲ ਸਜਾਈ ਫ਼ਬ ਰਹੀ ਸੀ। ਸਤਿਗੁਰੂ ਸਿੰਘਾਸਣ ਉੱਪਰ ਬਿਰਾਜਮਾਨ ਹੋ ਗਏ। ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਸੰਗਤਾਂ ਨਾਲ ਦੀਵਾਨ ਭਰਿਆ ਹੋਇਆ ਸੀ।

ਸਤਿਗੁਰਾਂ ਨੇ ਹੁਕਮ ਕੀਤਾ, ਉਹ ਸ਼ਸਤਰ ਲਿਆਓ, ਜੋ ਅਸੀਂ ਬਣਵਾਏ ਹਨ। ਸਾਰੇ ਸ਼ਸਤਰ ਸਤਿਗੁਰਾਂ ਅੱਗੇ ਲਿਆ ਦਿੱਤੇ ਗਏ। ਸਤਿਗੁਰਾਂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਦੋ ਸਿਰੀ ਸਾਹਿਬ ਸਤਿਗੁਰਾਂ ਨੂੰ ਪਹਿਨਾਏ। ਤੀਰਾਂ ਦਾ ਭਰਿਆ ਭੱਥਾ ਲੱਕ ਨਾਲ ਸਜਾਇਆ। ਖੱਬੇ ਹੱਥ ਵਿਚ ਭਾਰੀ ਧਨੁੱਖ ਪਕੜਿਆ ਅਤੇ ਸੱਜੇ ਹੱਥ ਵਿਚ ਤੀਰ ਪਕੜ ਕੇ ਘੁਮਾਇਆ। ਸਤਿਗੁਰਾਂ ਦੇ ਤਖ਼ਤ 'ਤੇ ਬੈਠਣ ਸਬੰਧੀ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਲਿਖਦੇ ਹਨ :-

ਪੰਜ ਪਿਆਲੇ, ਪੰਜਿ ਪੀਰ, ਛਠਮ ਪੀਰੁ ਬੈਠਾ ਗੁਰ ਭਾਰੀ।

ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ।

ਸੰਗਤਾਂ ਵਲੋਂ ਲਿਆਂਦੇ ਸ਼ਸਤਰਾਂ ਨਾਲ ਵੱਡਾ ਢੇਰ ਲੱਗ ਗਿਆ ਸੀ ਅਤੇ ਘੋੜਿਆਂ ਨਾਲ ਪੂਰਾ ਤਬੇਲਾ ਭਰ ਗਿਆ ਸੀ।

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
ਪੰਜਾਬ ਮੇਲ USA

# ਦੇਖੋ ਟੋਰਾਂਟੋ ਦੇ ਐਲਨ ਗਾਰਡਨ ਦੀ ਰੌਣਕ



ਵਾਹ... ਕਿਆ ਮੌਸਮ ਹੈ ਇਸ ਲੋਂਗ-ਵੀਕ ਦਾ। ਇਨਸਾਨ ਨੂੰ ਵਧੀਆ ਮੌਸਮ ਕਹਿੰਦਾ ਹੈ – ਘੁੰਮੋ, ਫਿਰੋ ਅਤੇ ਅਨੰਦ ਲਵੋ। ਮੇਰੀ ਬੇਟੀ ਨੂੰ ਘੁੰਮਣ-ਫਿਰਣ ਦਾ ਸ਼ੌਕ ਹੈ। ਅੱਜ ਸਮਾਂ ਕੱਢ ਕੇ ਪਰਿਵਾਰ ਨਾਲ ਐਲਨ ਗਾਰਡਨ ਘੁੰਮਣ ਦਾ ਵਧੀਆ ਮੌਕਾ ਮਿਲਿਆ। ਐਲਨ ਗਾਰਡਨ, ਟੋਰਾਂਟੋ ਦੇ ਇੱਕ ਬਲਾਕ 'ਚ ਫੈਲਿਆ ਹੋਇਆ ਹੈ। ਐਲਨ ਗਾਰਡਨ ਇੱਕ ਪਬਲਿਕ ਪਾਰਕ ਅਤੇ ਕੰਜ਼ਰਵੇਟਰੀ ਹੈ, ਜੋ ਕੈਨੇਡਾ ਦੇ ਓਨਟਾਰੀਓ ਦੇ ਟੋਰਾਂਟੋ ਦੇ ਗਾਰਡਨ ਡਿਸਟ੍ਰਿਕਟ 'ਚ ਸਥਿਤ ਹੈ। ਇਸ ਥਾਂ 'ਤੇ ਇੱਕ ਖੇਡ ਦਾ ਮੈਦਾਨ, ਲੀਸ਼ ਤੋਂ ਬਾਹਰ ਕੁੱਤਿਆਂ ਦਾ ਪਾਰਕ, ਅਤੇ 6 ਗ੍ਰੀਨਹਾਊਸਾਂ ਵਾਲੀ ਕੰਜ਼ਰਵੇਟਰੀ ਸ਼ਾਮਲ ਹੈ। ਗਾਰਡਨ ਵਿਚੋਂ ਰਸਤਿਆਂ ਦਾ ਇੱਕ ਨੈੱਟਵਰਕ ਲੰਘਦਾ ਹੈ, ਜਿਸ 'ਚ ਕਾਰਲਟਨ ਅਤੇ ਜ਼ੇਰਾਡ ਸਟ੍ਰੀਟਾਂ ਨੂੰ ਜੋੜਨ ਵਾਲਾ ਉੱਤਰ-ਦੱਖਣੀ ਰਸਤਾ ਅਤੇ ਕੰਜ਼ਰਵੇਟਰੀ ਨੂੰ ਰੋਬਰਟ ਬਰਨਜ਼ ਸਮਾਰਕ ਅਤੇ ਸ਼ੇਰਬੋਰਨ ਸਟ੍ਰੀਟ ਨਾਲ ਜੋੜਨ ਵਾਲਾ ਪੂਰਬ-ਪੱਛਮੀ ਰਸਤਾ ਸ਼ਾਮਲ ਹੈ। ਇਸ ਗਾਰਡਨ ਦੀ ਮਹੱਤਤਾ ਨੂੰ ਮਾਨਤਾ ਦਿੰਦੇ ਹੋਏ, ਐਲਨ ਗਾਰਡਨ ਨੂੰ ਜੂਨ 1973 'ਚ ਟੋਰਾਂਟੋ ਸ਼ਹਿਰ ਦੀ ਵਿਰਾਸਤੀ ਜ਼ਾਇਦਾਦ ਵਸਤੂ ਸੂਚੀ 'ਚ ਸ਼ਾਮਲ ਕੀਤਾ ਗਿਆ।








## ਇਤਿਹਾਸ ਦੇ ਝਰੋਖੇ ਵਿਚ:

ਇਹ ਪਾਰਕ 1858 'ਚ ਜਾਰਜ ਵਿਲੀਅਮ ਐਲਨ ਦੁਆਰਾ ਟੋਰਾਂਟੋ ਬਾਗਵਾਨੀ ਸੋਸਾਇਟੀ ਨੂੰ ਦਾਨ ਕੀਤੀ ਗਈ ਲੈਂਡ 'ਤੇ ਬਣਾਇਆ ਗਿਆ, ਜਿਸਦੇ ਨਾਲ ਬਾਗਵਾਨੀ ਸੋਸਾਇਟੀ ਨੇ 1860 'ਚ ਅਧਿਕਾਰਤ ਤੌਰ 'ਤੇ ਉੱਥੇ ਇੱਕ ਬਾਗ ਖੋਲ੍ਹਿਆ ਸੀ। 1864 'ਚ ਟੋਰਾਂਟੋ ਦੀ ਮਿਊਂਸੀਪਲ ਸਰਕਾਰ ਨੇ ਬਾਗਾਂ ਦੇ ਆਲੇ-ਦੁਆਲੇ ਜ਼ਮੀਨਾਂ ਹਾਸਲ ਕਰ ਲਈਆਂ, ਹਾਲਾਂਕਿ ਇਸਨੇ ਬਾਗਵਾਨੀ ਇਸਨੇ ਬਾਗਵਾਨੀ ਸੋਸਾਇਟੀ ਨੂੰ ਇਸਦੀ ਪਬਲਿਕ ਵਰਤੋਂ ਦੀ ਇਜਾਜ਼ਤ ਦੇਣ ਦੇ ਬਦਲੇ ਇਸਨੂੰ ਬਣਾਈ ਰੱਖਣ ਦੀ ਇਜਾਜ਼ਤ ਦੇ ਦਿੱਤੀ। ਬਾਅਦ ਵਿਚ 1888 'ਚ ਮਿਊਂਸੀਪਲ ਸਰਕਾਰ ਦੁਆਰਾ ਕੰਜ਼ਰਵੇਟਰੀ ਨੂੰ ਹਾਸਲ ਕਰ ਲਿਆ ਗਿਆ। ਪਾਰਕ ਅਤੇ ਬਗੀਚਿਆਂ ਨੂੰ ਸ਼ੁਰੂ 'ਚ ਇੱਕ 1901 ਤੱਕ ਬਾਗਵਾਨੀ ਗਾਰਡਨ ਵਜੋਂ ਜਾਣਿਆ ਜਾਂਦਾ ਸੀ, ਜਦੋਂ ਇਸਦਾ ਨਾਮ ਐਲਨ ਦੇ ਨਾਮ 'ਤੇ ਰੱਖਿਆ ਗਿਆ ਸੀ। 1902 ਵਿਚ ਪਾਰਕ 'ਚ ਇੱਕ 3 ਮੰਜ਼ਿਲਾ ਪਵੇਲੀਅਨ ਨੂੰ ਅੱਗ ਲੱਗਣ ਨਾਲ ਤਬਾਹ ਹੋ ਗਿਆ। ਹਾਲਾਂਕਿ, ਇੱਕ ਨਵੀਂ ਕੰਜ਼ਰਵੇਟਰੀ ਇਮਾਰਤ, ਪਾਮ ਹਾਊਸ, ਬਾਅਦ ਵਿਚ 1910 'ਚ ਇਸ ਥਾਂ 'ਤੇ ਪੂਰੀ ਕੀਤੀ ਗਈ ਸੀ।

ਪਾਰਕ 20ਵੀਂ ਸਦੀ ਦੇ ਮੱਧ ਤੋਂ ਵਿਰੋਧ ਪ੍ਰਦਰਸ਼ਨਾਂ ਲਈ ਇੱਕ ਪ੍ਰਸਿੱਧ ਇਕੱਠ ਸਥਾਨ ਬਣ ਗਿਆ। ਵਰਕਰਜ਼ ਐਕਸ-ਸਰਵਿਸਮੈਨਜ਼ ਲੀਗ ਨੇ ਪਹਿਲੀ ਵਾਰ 16 ਅਗਸਤ 1933 'ਚ ਇੱਕ ਵਿਰੋਧ ਪ੍ਰਦਰਸ਼ਨ ਕੀਤਾ, ਤਾਂ ਜੋ ਮਹਾਂਮੰਦੀ ਦੌਰਾਣ ਪਹਿਲੇ ਵਿਸ਼ਵ ਯੁੱਧ ਦੇ ਸਾਬਕਾ ਸੈਨਿਕਾਂ ਨਾਲ ਹੋਏ ਵਿਵਹਾਰ ਦਾ ਵਿਰੋਧ ਕੀਤਾ ਜਾ ਸਕੇ। 1950 ਦੇ ਦਹਾਕੇ ਦੌਰਾਣ ਬਾਗ ਦਾ ਵਿਸਥਾਰ ਕੀਤਾ ਗਿਆ, ਇਸਦੇ ਵਾੜ ਅਤੇ ਦਰਵਾਜ਼ੇ ਹਟਾ ਦਿੱਤੇ ਗਏ ਅਤੇ ਫਾਊਂਟੇਨ ਲਗਾ ਦਿੱਤੇ ਗਏ। ਸਮੇਂ ਦੇ ਨਾਲ-ਨਾਲ ਸਰਕਾਰੀ ਪੱਧਰ 'ਤੇ ਤਬਦੀਲੀਆਂ ਹੁੰਦੀਆਂ ਗਈਆਂ।

2003 'ਚ ਟੋਰਾਂਟੋ ਯੂਨੀਵਰਸਿਟੀ ਅਤੇ ਟੋਰਾਂਟੋ-ਡੋਮੀਨੀਅਨ ਬੈਂਕ ਦੇ ਕੰਜ਼ਰਵੇਟਰੀ ਲਈ 6ਵੇਂ ਗ੍ਰੀਨਹਾਊਸ ਦਾ ਨਿਰਮਾਣ ਕੀਤਾ ਗਿਆ, ਜਿਸਦਾ ਨਾਮ ਚਿਲਡਰਨ ਹਾਰਟੀਕਲਚਰਲ ਕੰਜ਼ਰਵੇਟਰੀ ਰੱਖਿਆ ਗਿਆ। ਯੂਨੀਵਰਸਿਟੀ ਕਾਲਜ ਸਟ੍ਰੀਟ ਤੇ ਯੂਨੀਵਰਸਿਟੀ ਦੇ ਪੁਰਾਣੇ ਗ੍ਰੀਨਹਾਊਸ 'ਚ ਰੱਖੇ ਗਏ ਨਮੂਨਿਆਂ ਨੂੰ ਰੱਖਣ ਲਈ ਬਣਾਇਆ ਗਿਆ ਸੀ, ਜਿਸ ਨੂੰ ਐਲਨ ਗਾਰਡਨ 'ਚ ਤਬਦੀਲ ਕੀਤਾ ਗਿਆ। ਇਹ ਪਾਰਕ 2010 ਦੇ ਟੋਰਾਂਟੋ ਸੰਮੇਲਨ ਵਿਰੋਧ ਪ੍ਰਦਰਸ਼ਨਾਂ ਦੌਰਾਣ ਪ੍ਰਦਰਸ਼ਨਕਾਰੀਆਂ ਦੁਆਰਾ ਕਬਜ਼ੇ 'ਚ ਲਏ ਗਏ ਕਈ ਮਿਊਂਸੀਪਲ ਪਾਰਕਾਂ ਵਿਚੋਂ ਇੱਕ ਸੀ।



## ਜਾਣਕਾਰੀ ਲਵੋ:

- ਗਾਰਡਨ ਡਿਸਟ੍ਰਿਕਟ, ਕੈਨੇਡਾ ਦੇ ਓਨਟਾਰੀਓ ਦੇ ਡਾਊਨਟਾਊਨ ਟੋਰਾਂਟੋ 'ਚ ਇੱਕ ਆਂਢ-ਗੁਆਂਢ ਹੈ। ਇਹ ਨਾਂ ਟੋਰਾਂਟੋ ਈਸਟ ਡਾਊਨਟਾਊਨ ਰੈਜ਼ੀਡੈਂਟਸ ਐਸੋਸੀਏਸ਼ਨ ਦੁਆਰਾ ਐਲਨ ਗਾਰਡਨਜ਼, ਕਾਰਲਟਨ ਅਤੇ ਜਾਰਵਿਸ ਸਟ੍ਰੀਟਸ ਦੇ ਚੌਰਾਹੇ 'ਤੇ ਸਥਿਤ ਇੱਕ ਇਨਡੋਰ ਬੋਟੈਨੀਕਲ ਗਾਰਡਨ ਦੀ ਮਾਨਤਾ 'ਚ ਚੁਣਿਆ ਗਿਆ ਸੀ। ਆਂਢ-ਗੁਆਂਢ ਦਾ ਇੱਕ ਹਿੱਸਾ ਮੌਸ ਪਾਰਕ ਦੇ ਅਧਿਕਾਰਤ ਸ਼ਹਿਰ ਟੋਰਾਂਟੋ ਦਾ ਨੇਬਰ ਹੈ।
- ਮੈਟਰੋਪੋਲੀਟਨ ਟੋਰਾਂਟੋ ਦੀ ਸਥਾਪਨਾ ਤੋਂ ਥੋੜ੍ਹੀ ਦੇਰ ਬਾਅਦ ਅਕਤੂਬਰ 1954 'ਚ ਹਰੀਕੇਨ ਆਏ ਹੜ੍ਹਾਂ ਕਾਰਨ ਟੋਰਾਂਟੋ ਦੀਆਂ ਖੱਡਾਂ ਦੀ ਸ਼ਕਲ ਬਦਲ ਗਈ ਸੀ ਅਤੇ ਟੋਰਾਂਟੋ ਦੇ ਬਹੁਤ ਸਾਰੇ ਪਾਰਕ ਨਤੀਜੇ ਵਜੋਂ ਹੜ ਵਾਲੇ ਮੈਦਾਨ 'ਚ ਸਥਾਪਿਤ ਕੀਤੇ ਗਏ ਸਨ।
- ਜਾਰਜ ਵਿਲੀਅਮ ਐਲਨ ਇੱਕ ਕੈਨੇਡੀਅਨ ਵਕੀਲ ਅਤੇ ਸਿਆਸਤਦਾਨ ਸੀ। ਉਸਨੇ ਟੋਰਾਂਟੋ ਦੇ 11ਵੇਂ ਮੇਅਰ ਅਤੇ ਬਾਅਦ 'ਚ ਕੈਨੇਡਾ ਦੀ ਸੈਨੇਟ ਦੇ ਸਪੀਕਰ ਵਜੋਂ ਸੇਵਾ ਨਿਭਾਈ ਸੀ। 1901 'ਚ ਐਲਨ ਦੀ ਮੌਤ ਤੋਂ ਥੋੜ੍ਹੀ ਦੇਰ ਬਾਅਦ, ਬਾਗਾਂ ਦਾ ਨਾਂ ਬਦਲ ਕੇ ਉਸ ਦੇ ਸਨਮਾਨ 'ਚ ਬਾਗਵਾਨੀ ਪਵੇਲੀਅਨ ਤੋਂ ਐਲਨ ਗਾਰਡਨ ਰੱਖਿਆ ਗਿਆ ਸੀ।
- 19 ਜੁਲਾਈ ਪਾਰਕ 'ਚ ਰੌਬਰਟ ਬਰਨਜ਼ ਦੀ ਇੱਕ ਮੂਰਤੀ ਸਥਾਪਿਤ ਕੀਤੀ ਗਈ ਸੀ।
- ਇੱਕ ਕੰਜਰਵੇਟਰੀ ਇੱਕ ਇਮਾਰਤ ਜਾਂ ਕਮਰਾ ਹੁੰਦਾ ਹੈ, ਜਿਸ 'ਚ ਕੱਚ ਜਾਂ ਹੋਰ ਪਾਰਦਰਸ਼ੀ ਛੱਤ ਕੰਧਾਂ ਹੁੰਦੀਆਂ ਹਨ, ਜਿਸਨੂੰ ਗ੍ਰੀਨਹਾਊਸ ਜਾਂ ਸਨਰੂਮ ਵਜੋਂ ਵਰਤਿਆ ਜਾਂਦਾ ਹੈ। ਆਮ ਤੌਰ 'ਤੇ ਇਹ ਇੱਕ ਰਵਾਇਤੀ ਇਮਾਰਤ ਨਾਲ ਜੁੜੀ ਥਾਂ ਨੂੰ ਦਰਸਾਉਂਦਾ ਹੈ।
- 2008 ਦੇ ਸਰਵੇ ਮੁਤਾਬਕ ਪਾਰਕ ਅੰਦਰ ਕਰੀਬਨ 309 ਪਲਾਂਟਸ, ਜੋ 47 ਕਿਸਮ ਦੀ ਪ੍ਰਜਾਤੀਆਂ ਨੂੰ ਦਰਸਾਉਂਦੇ ਹਨ। ਇਸਦੀ ਇਤਿਹਾਸਕ ਮਹੱਤਤਾ ਨੂੰ ਮਾਨਤਾ ਦਿੰਦੇ ਹੋਏ, ਐਲਨ ਗਾਰਡਨਜ਼ ਨੂੰ ਜੂਨ 1973 'ਚ ਟੋਰਾਂਟੋ ਸ਼ਹਿਰ ਦੀ ਵਿਰਾਸਤੀ ਜਾਇਦਾਦ ਵਸਤੂ ਸੂਚੀ 'ਚ ਸੂਚੀਬੱਧ ਕੀਤਾ ਗਿਆ ਸੀ।
- 1920 ਦੇ ਦਹਾਕੇ ਦੌਰਾਣ ਮੂਲ ਗੁੰਬਦਦਾਰ ਕੰਜ਼ਰਵੇਟਰੀ ਦਾ ਕਈ ਵਾਰ ਵਿਸਤਾਰ ਕੀਤਾ ਗਿਆ ਸੀ ਅਤੇ 1956 ਅਤੇ 1957 ਵਿਚ, 5 ਨਵੇਂ ਗ੍ਰੀਨਹਾਊਸ 'ਤੇ 2006 'ਚ, ਕੰਜ਼ਰਵੇਟਰੀ 'ਚ ਇੱਕ 6ਵਾਂ ਗ੍ਰੀਨਹਾਊਸ ਖੋਲ੍ਹਿਆ ਗਿਆ ਸੀ।
- ਵਿਦੇਸ਼ੀ ਪੌਦਿਆਂ ਦੇ ਨਾਲ ਟੈਂਪਰੇਟ ਹਾਊਸ 'ਚ ਖੁਸ਼ਬੂਦਾਰ ਚਮੇਲੀ, ਕੈਮੇਲੀਆ, ਵੱਖ-ਵੱਖ ਆਸਟ੍ਰੇਲੀਆਈ ਅਤੇ ਮੈਡੀਟੇਰੀਅਨ ਹਨ, ਜਦੋਂਕਿ ਏਅਰਡ ਹਾਊਸ 'ਚ ਕੈਕਟੀ ਅਤੇ ਸੁਕੂਲੈਂਟ 'ਤੇ ਗਰਮ ਖੰਡੀ ਵੇਲਾਂ ਲਈ ਇੱਕ ਪਾਮ ਗ੍ਰੀਨਹਾਊਸ, ਸਾਈਕੈਡਸ, ਹਿਬਿਸਕਸ ਵਰਗੇ ਪੌਦਿਆਂ ਲਈ ਗਰਮ ਖੰਡੀ ਲੈਂਡਸਕੇਪ ਗ੍ਰੀਨਹਾਊਸ ਅਤੇ ਕੈਕਟੀ ਤੇ ਸੁਕੂਲੈਂਟਸ ਲਈ ਸੁੱਕਾ ਘਰ ਤੇ ਵੱਖ-ਵੱਖ ਫੁੱਲ ਵੀ ਦੇਖਣ ਨੂੰ ਮਿਲਣਗੇ।
- ਪਾਮ ਹਾਊਸ ਅਤੇ ਗ੍ਰੀਨਹਾਊਸਾਂ ਤੋਂ ਇਲਾਵਾ, ਕੰਜ਼ਰਵੇਟਰੀ ਵਿਚ 1923 'ਚ ਬਣਾਈ ਗਈ ਇੱਕ ਪ੍ਰਸ਼ਾਸਕੀ ਇਮਾਰਤ ਵੀ ਸ਼ਾਮਲ ਹੈ। ਗ੍ਰੀਮ ਮਰਸਰ ਐਡਮ ਦੀ ਯਾਦ 'ਚ ਪੀਣ ਵਾਲੇ ਫੁਹਾਰੇ ਵਾਲਾ ਇੱਕ ਕੇਂਦਰੀ ਅੰਡਾਕਾਰ ਅਸਲ 'ਚ ਪਾਮ ਹਾਊਸ ਦੇ ਪੂਰਬ 'ਚ ਸਥਿਤ ਸੀ, ਹਾਲਾਂਕਿ ਬਾਅਦ ਵਿਚ 1995 'ਚ ਇੱਕ ਪਰਗੋਲਾ ਨਾਮ ਬਦਲ ਦਿੱਤਾ ਗਿਆ ਸੀ।
- ਐਲਨ ਗਾਰਡਨਜ਼ ਕੰਜ਼ਰਵੇਟਰੀ ਲਾਲ-ਕੰਨਾਂ ਵਾਲੇ ਸਲਾਈਡਰ ਅਤੇ ਪੇਂਟ ਕੀਤੇ ਕੱਛੂਆਂ ਦੀ ਇੱਕ ਪਿਆਰੀ, ਅਰਧ-ਸਥਾਈ ਬਸਤੀ ਦਾ ਘਰ ਹੈ। ਉਹ ਮੁੱਖ ਤੌਰ 'ਤੇ ਆਰਚਿਡ ਅਤੇ ਬ੍ਰੋਮੀਲੀਅਡ ਹਾਊਸ ਦੇ ਅੰਦਰ ਪਾਣੀ ਦੀਆਂ ਨਦੀਆਂ ਅਤੇ ਪੂਲ 'ਚ ਰਹਿੰਦੇ ਹਨ, ਜਿੱਥੇ ਤੁਸੀਂ ਉਨ੍ਹਾਂ ਨੂੰ ਚੱਟਾਨਾਂ 'ਤੇ ਨਹਾਉਂਦੇ ਜਾਂ ਹਟਬਰੇ ਗਰਮ ਖੰਡੀ ਪੱਤਿਆਂ ਦੇ ਨੇੜੇ ਤੈਰਦੇ ਦੇਖ ਸਕਦੇ ਹੋ।
- ਜਦੋਂ ਮੌਕਾ ਮਿਲੇ ਟੋਰਾਂਟੋ ਸ਼ਹਿਰ ਦੇ ਐਲਨ ਗਾਰਡਨ ਜ਼ਰੂਰ ਘੁੰਮਣ ਜਾਓ ਅਤੇ ਅਨੰਦ ਲਵੋ।

## ਜੱਸਾ ਸਿੰਘ ਰੰਮਗੜ੍ਹੀਆ ਦਾ ਜੱਸ

ਜੱਸ ਖੱਟਣਾ ਜੱਗ 'ਤੇ ਬੜਾ ਔਖਾ,
ਘਾਲਣਾ ਰੱਜ ਕੇ ਬਹੁਤ ਕਮਾਣੀ ਪੈਂਦੀ।
ਜ਼ਿੰਦਗੀ ਵਿਚ ਅਸੂਲਾਂ ਨੂੰ ਗੁੰਨ੍ਹ ਕੇ ਤੇ,
ਰੋਟੀ ਸਿਦਕ ਦੀ ਤਵੇ 'ਤੇ ਪਾਣੀ ਪੈਂਦੀ।
ਟੁੱਟ ਭੱਜ ਕੇ ਮੁੜ ਕੁਠਾਲੀ ਪੈਕੇ,
ਪਿਘਲ ਕੰਚਨ ਦੀ ਦੇਹ ਬਣਾਣੀ ਪੈਂਦੀ।
ਠੋਹਕਰਾਂ ਖਾਕੇ ਪੈਰਾਂ ਦੇ ਵਿਚ ਰੁਲਕੇ,
ਨਿਮਰਤਾ ਨਾਲ ਫਿਰ ਗਲੇ ਲਗਾਣੀ ਪੈਂਦੀ।
ਦੁੱਖ ਦਰਦ ਝੱਲ, ਤਿਆਗ ਕੇ ਸੁੱਖ ਤਾਈਂ,
ਯਾਰੀ ਗਰੀਬ ਮਜ਼ਲੂਮ ਨਾਲ ਲਾਣੀ ਪੈਂਦੀ।
ਬਹਾਦਰੀ ਝੋਲੀ ਵਿਚ ਐਵੇਂ ਨਹੀਂ ਪੈ ਜਾਂਦੀ,
ਝੋਲੀ ਰੱਬ ਦੇ ਅੱਗੇ ਫੈਲਾਣੀ ਪੈਂਦੀ।

ਕੁੱਝ ਵਿਰਲੇ ਹੀ ਹੁੰਦੇ ਨੇ ਜੱਗ ਅੰਦਰ,
ਉੱਤਰਨ ਪੂਰੇ ਜਿਹੜੇ ਐਸੀ ਪਰਖ ਉੱਤੇ।
ਨਾਮ ਕੌਮ ਦਾ ਉੱਚਾ ਉਹ ਕਰਨ ਖਾਤਰ,
ਕਰਮ ਕਰਨ ਉਹ ਹਰ ਇੱਕ ਤਰਕ ਉੱਤੇ।
ਤੋਲ ਮਾਪ ਕੇ ਹਰ ਉਹ ਕਦਮ ਚੁੱਕਦੇ,
ਚੜ੍ਹਦੀ ਕਲਾ ਦੀ ਰਹਿਣ ਉਹ ਚੜ੍ਹਤ ਉੱਤੇ।
ਭਲਾ ਸਰਬੱਤ ਦਾ ਸਦਾ ਹੀ ਮੰਗਦੇ ਉਹ,
ਯਕੀਨ ਰੱਖਦੇ ਕਦੀ ਨਾ ਫਰਕ ਉੱਤੇ।
ਤਾਣ ਛਾਤੀਆਂ ਸਦਾ ਉਹ ਡਟ ਜਾਵਣ,
ਰਹਿਣ ਅਰਸ਼ 'ਤੇ ਜਾਂ ਭਾਵੇਂ ਫਰਸ਼ ਉੱਤੇ।
ਪਿੱਠ ਕਦੀ ਦਿਖਾਣ ਨਾ ਜੰਗ ਅੰਦਰ,
ਸੀਸ ਤਲੀ 'ਤੇ ਰਹੇ ਜਾਂ ਧਰਤ ਉੱਤੇ।

ਐਸਾ ਕੌਮ ਨੂੰ ਮਿਲਿਆ ਸੀ ਇੱਕ ਯੋਧਾ,
ਜਿਸ ਨੇ ਤਾਰੀਖ ਹੀ ਸਾਰੀ ਪਲਟਾ ਦਿੱਤੀ।
ਹਿੰਦੋਸਤਾਨ ਦੀ ਸੁੱਤੀ ਜ਼ਮੀਰ ਉਸਨੇ,
ਝੰਜੋੜ ਸੰਵਾਰ ਕੇ ਸਦੀਵੀ ਜਗਾ ਦਿੱਤੀ।
ਦਿੱਤਾ ਸਬਕ ਸੀ ਐਸਾ ਜਰਵਾਨਿਆਂ ਨੂੰ,
ਧੂੜ ਉਨ੍ਹਾਂ ਨੂੰ ਐਸੀ ਚਟਾ ਦਿੱਤੀ।
ਮੁੜ ਪੱਛਮ ਤੋਂ ਕਰੇ ਨਾ ਕੋਈ ਹਮਲਾ,
ਪਿੱਠ ਲੁਟੇਰਿਆਂ ਦੀ ਐਸੀ ਲਗਾ ਦਿੱਤੀ।
ਨਜ਼ਰ ਭੈੜੀ ਨਾਲ ਦੇਖੇ ਜੋ ਵੱਲ ਸਾਡੇ,
ਅੱਖ ਉਸ ਦੀ ਕੱਢ ਫੜਾ ਦਿੱਤੀ।
ਛੁਰੀ ਹੱਥ ਵਿਚ ਫੜਨ ਤੋਂ ਡਰਨ ਜਿਹੜੇ,
ਸ਼ਮਸ਼ੀਰ ਉਨ੍ਹਾਂ ਦੇ ਹੱਥੀਂ ਥਮ੍ਹਾ ਦਿੱਤੀ।

ਜੱਸਾ ਸਿੰਘ ਰਾਮਗੜ੍ਹੀਆ ਅਜ਼ੀਮ ਯੋਧਾ,
ਜੱਸ ਜੱਗ 'ਤੇ ਸਦਾ ਲਈ ਖੱਟ ਗਿਆ ਉਹ।
ਝੂਲਦੇ ਰਹਿਣ ਸਦਾ ਲਈ ਸ਼ਾਨਾਮੱਤੇ,
ਝੰਡੇ ਐਸੇ ਆਜ਼ਾਦੀ ਦੇ ਗੱਡ ਗਿਆ ਉਹ।
ਧੁਰ ਕਾਂਗੜੇ ਕਸ਼ਮੀਰ ਤੋਂ ਚੱਲ ਕੇ ਤੇ,
ਦਿੱਲੀ ਤਖਤ 'ਤੇ ਜਾ ਫਿਰ ਗਰਜਿਆ ਉਹ।
ਬਦਲੇ ਲੈਕੇ ਗਿਣ-ਗਿਣ ਜ਼ਾਲਮਾਂ ਤੋਂ,
ਨਾਮਣਾ ਸਿਦਕ ਤੇ ਮਾਣ ਦਾ ਖੱਟ ਗਿਆ ਉਹ।
ਟਕੇ-ਟਕੇ 'ਤੇ ਵਿਕਦੀਆਂ ਇੱਜ਼ਤਾਂ ਨੂੰ,
ਮਾਣ-ਤਾਣ ਨਾਲ ਘਰੋ-ਘਰੀਂ ਛੱਡ ਗਿਆ ਉਹ।
ਦਰਬਾਰ ਸਾਹਿਬ ਦੀ ਪਾਵਨ ਧਰਤ ਤਾਈਂ,
ਦਿੱਲੀ ਤਖਤ ਤੋਂ ਉੱਚੀ ਫੇਰ ਕਰ ਗਿਆ ਉਹ।

ਰੁਲ਼ਦੀ ਅਣਖ ਨੂੰ ਆਖਰ ਧਰਵਾਸ ਆਇਆ,
ਜਦੋਂ ਮਜ਼ਲੂਮਾਂ ਦਾ ਆ ਤੂੰ ਹੱਥ ਫੜਿਆ।
ਫੂਕੀ ਐਸੀ ਰੂਹ ਤੂੰ ਬਹਾਦਰੀ ਦੀ,
ਤੇਰੀ ਕੌਮ ਨੇ ਨਵਾਂ ਫੇਰ ਸਬਕ ਪੜ੍ਹਿਆ।
ਧੰਨ ਤੂੰ ਤੇ ਧੰਨ ਕਮਾਈ ਤੇਰੀ,
ਤਾਹੀਉਂ ਚੱਲਦਾ ਤੇਰਾ ਅੱਜ ਨਾਮ ਅੜਿਆ।
ਰਹੇ ਕੀਰਤੀ ਸਦਾ ਤੇਰੀ ਜੱਗ ਅੰਦਰ,
ਸਿੱਕਾ ਤੇਰਾ ਵੀ ਅੱਜ ਕੋਈ ਜਾਵੇ ਘੜਿਆ।
ਮਨ ਵਿਚ ਸਿੱਖੀ ਦੇ ਰਾਜ ਦਾ ਲੈ ਸੁਪਨਾ,
ਜੰਗ ਐਸਾ ਵੀ ਅੱਜ ਫਿਰ ਜਾਵੇ ਲੜਿਆ।
ਜਿੱਤ ਹੋਵੇ ਤੇ ਤੇਰੇ ਸੰਕਲਪ ਦੀ ਹੀ,
ਮਨਸੂਬਾ ਜ਼ਾਲਮ ਦਾ ਅੱਜ ਰਹਿ ਜਾਏ ਧਰਿਆ।
ਮਨਸੂਬਾ ਜ਼ਾਲਮ ਦਾ ਅੱਜ ਰਹਿ ਜਾਏ ਧਰਿਆ।



-ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ.ਕੇ.

ਪੰਜਾਬ ਮੇਲ USA

## ਚਾਰ ਦਿਨਾ ਦਾ ਮੇਲਾ

ਮਾਰ ਨਾ ਜੱਫੇ ਬੱਲਿਆ, ਪੈਸੇ ਧੇਲੇ ਨੂੰ
ਛੱਡ ਕੇ ਤੁਰਨਾ ਪੈਣਾ, ਭਰਿਓ ਮੇਲੇ ਨੂੰ

ਸਾਕ ਸਬੰਧੀ ਤੇਰੇ, ਇੱਥੇ ਈ ਰਹਿ ਜਾਣੇ
ਈਗੋ ਵਾਲੇ ਮਹਿਲ, ਸੋਹਣਿਆ ਢਹਿ ਜਾਣੇ
ਖਾਲੀ ਹੱਥੀਂ ਜਾਣਾ, ਛੱਡ ਝਮੇਲੇ ਨੂੰ
ਛੱਡ ਕੇ ਤੁਰਨਾ ਪੈਣਾ, ਭਰਿਓ ਮੇਲੇ ਨੂੰ

ਭੱਜਾ ਫਿਰਦੈਂ ਅੱਠ ਸਿਲੰਡਰ ਪਿੱਕਿਆਂ 'ਤੇ
ਕਾਂ ਬੈਠਣਗੇ ਮਗਰੋਂ, ਹਮਰਾਂ ਚਿੱਟਿਆਂ 'ਤੇ
ਛੱਡ ਕੇ ਤੁਰਨਾ, ਪੀਟਰਬੈਲਟ ਟਰੇਲੇ ਤੂੰ
ਖਾਲੀ ਕਰਨਾ ਪੈਣਾ ਭਰਿਓ ਮੇਲੇ ਨੂੰ

ਯੌਣ ਤੇਰੀ ਦਾ ਕਿੱਲਾ ਇੱਕ ਦਿਨ ਟੁੱਟ ਜਾਣਾ
ਜਿਸਮ ਤੇਰੇ ਦਾ ਭਾਂਡਾ ਮਿੱਤਰਾ ਫੁੱਟ ਜਾਣਾ
ਜਿੰਦ ਤੇਰੀ ਦਾ ਸੂਰਜ, ਇੱਕ ਦਿਨ ਛੁਪ ਜਾਣਾ
ਨਬਜ਼ਾਂ ਨੇ ਵੀ ਇੱਕ ਦਿਨ, ਟੱਪਣੋਂ ਰੁਕ ਜਾਣਾ
ਚੜ੍ਹ ਜਾਣਾ ਏ ਮੌਤ ਵਾਲੀ ਜਦ, ਰੇਲੇ ਤੂੰ
ਤੁਰ ਜਾਣਾ ਏ ਛੱਡ ਕੇ, ਭਰਿਓ ਮੇਲੇ ਨੂੰ

ਰਿਵਰ ਰੋਡ 'ਤੇ ਹੋਣਾ ਆਖਰ, ਅੰਤ ਤੇਰਾ
ਜਾਂ ਕੀਰਤਪੁਰ ਵਿਚ ਹੋਣਾ ਪਿੰਜਰ, ਡੰਪ ਤੇਰਾ
ਝੱਟ ਨਹਾ ਕੇ ਚੱਕ ਲੈ, ਚੱਕ ਲੈ ਹੋ ਜਾਣੀ
ਅਰਥੀ ਉੱਤੇ ਰੱਖ ਲੈ, ਰੱਖ ਲੈ ਹੋ ਜਾਣੀ
ਡਾਣਸੀਵਾਲੀਆ ਛੱਡ ਕੇ ਸਖੀ ਸਹੇਲੇ ਨੂੰ
ਖਾਲੀ ਕਰਕੇ ਤੁਰਨਾ, ਭਰਿਓ ਮੇਲੇ ਨੂੰ



-ਕੁਲਵੀਰ ਸਿੰਘ ਡਾਨਸੀਵਾਲ,
ਸਰੀ, ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

## ਨਕਲੀ ਚਿਹਰੇ

ਨਕਲੀ ਚਿਹਰੇ ਵਿੱਚੋਂ ਹੋਰ
ਠਿੱਬੀ ਲਾਉਣ ਨੂੰ ਲਾਉਂਦੇ ਜ਼ੋਰ
ਸਾਹਮਣੇ ਕਰਨ ਉਹ ਜੈ ਜੈਕਾਰ
ਪਿੱਛੋਂ ਕਰਨ ਹੋਰ ਦੀ ਹੋਰ

ਮੂੰਹ ਦੇ ਮਿੱਠੜੇ ਕਲਾਵੇ ਲੈਣ
ਦਿਲ ਦੇ ਵਿਚ ਕੋਈ ਖੋਟ ਹੋਰ
ਕਹਿਣ ਭਾਵੇਂ ਉਹ ਅਸੀਂ ਹਾਂ ਤੇਰੇ
ਅੰਦਰੋਂ ਨੇ ਉਹ ਵੱਡੇ ਚੋਰ

ਮੁਖੌਟਾ ਲਾ ਕੇ ਵਿਚਰਨ ਉਹ
ਕੀਤਾ ਨਾ ਕਦੇ ਇਸ 'ਤੇ ਗੌਰ
ਭੇਤ ਨ ਪਵੇ ਕਦੇ ਕਿਸੇ ਦਾ
ਲਾ ਲਓ ਭਾਵੇਂ ਜਿੰਨਾ ਜ਼ੋਰ
'ਰੰਧਾਵਾ' ਨਹੀਂ ਹੈ ਇੰਡਾ ਭੋਲਾ
ਰਹਿੰਦਾ ਹਰ ਦਮ ਆਪਣੀ ਟੌਰ
ਦੁਨੀਆਂ ਦੇਖੀ ਹੰਡੀ ਵਰਤੀ
ਤੂੰ ਨਹੀਂ ਤਾਂ ਬਥੇਰੇ ਹੋਰ



-ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
ਫੋਨ: +1 (916) 320-9444

ਪੰਜਾਬ ਮੇਲ USA

## ਵਿਚ ਵਿਦੇਸ਼ਾਂ

ਮੁੰਡੇ ਭੇਜੇ ਵਿਚ ਪਰਦੇਸਾਂ, ਔਖੀਆਂ ਕਰਨ ਕਮਾਈਆਂ।
ਮਾਪੇ ਥੋੜ੍ਹੇ ਸੌਖੇ ਹੋਏ ਤਾਂ, ਮੂੰਹ ਉੱਤੇ ਲਾਲੀਆਂ ਆਈਆਂ।
ਛੇ ਸੱਤ ਸਾਲ ਕੱਟ ਬਣਵਾਸ, ਚੰਗੀਆਂ ਨੂੰਹਾਂ ਲੱਭੀਆਂ।
ਵਿਆਹ ਕਰਾ ਕੇ ਮੁੰਡਿਆਂ, ਫਿਰ ਕੋਲ ਅਪਣੇ ਸੱਦੀਆਂ।

ਵਿਚ ਬੁਢਾਪੇ ਰਹਿ ਪਿੱਛੇ, ਲਿਖ ਲਿਖ ਚਿੱਠੀਆਂ ਪਾਂਦੇ।
ਸਾਡਾ ਵੀ ਪੁੱਤ ਹੀਲਾ ਕਰ, ਤੇਰੇ ਬਿਨ ਜੀਅ ਨਾ ਪਾਂਦੇ।
ਕਰ ਦਿੱਤੀ ਫਿਰ ਪਿਟੀਸ਼ਨ, ਇੰਝ ਪਰਿਵਾਰ 'ਕੱਠੇ ਹੋਏ।
ਲਾ ਕੇ ਚਾਦਰਾ ਪਾ ਪਜਾਮੇ, ਜਾਣੋਂ ਵਿਚ ਸਵਰਗਾਂ ਆਏ।

ਦਿਨ ਚੜ੍ਹਦਾ ਹੁਣ ਤੁਰ ਪੈਂਦੇ, ਹੁਣ ਚੁੱਕ ਰੋਟੀ ਦਾ ਡੱਬਾ।
ਵਿੱਚ ਟਰੱਕ ਦੇ ਲੱਦੇ ਬੁੱਢੜੇ, ਜਿਉਂ ਰੇਲ ਗੱਡੀ ਦਾ ਡੱਬਾ।
ਉੱਚੀ ਉੱਚੀ ਗੱਲਾਂ ਕਰਦੇ, ਨਾਲ਼ੇ ਚੁਗਲੀ ਤੇਰੀ ਮੇਰੀ।
ਸੱਠ ਮੀਲ 'ਤੇ ਜਾਕੇ ਲਾਹੇ, ਜਾ ਤੋੜਨ ਕੰਡਿਆਲੀ ਬੇਰੀ।

ਠੇਕੇਦਾਰ ਪੰਜਾਬੀ ਬਾਹਲ਼ੇ, ਕਰਦੇ ਰੋਜ਼ਾਨਾ ਇੰਝ ਧੰਦੇ।
ਕਿਸਾਨ ਤੋਂ ਲੈਂਦੇ ਪੂਰੇ ਪੈਸੇ, ਲੁੱਟੀ ਜਾਣ ਵਿਚਾਰੇ ਬੰਦੇ।
ਅੱਧੇ ਪਾਂਦੇ ਆਪਣੇ ਖੀਸੇ, ਮਸਾਂ ਅੱਧੇ ਮਜ਼ਦੂਰ ਦੇ ਪੱਲੇ।
ਬਾਰਾਂ ਘੰਟੇ ਕੱਢਦੇ ਜਾਣਾਂ, ਛੱਡਣ ਨਾ ਉਨ੍ਹਾਂ ਨੂੰ 'ਕੱਲੇ।

ਕੰਮ ਛੱਡਦੇ ਨਾਲ ਘੜੀ ਦੇ, ਫਿਰ ਪੈਂਦੀਆਂ ਝੱਟ ਫਿਕਰਾਂ।
ਜਿਵੇਂ ਘਰ ਨੇੜੇ ਆਉਂਦਾ, ਨਾਲ਼ੇ ਭੁੱਲ ਜਾਂਦੇ ਨੇ ਟਿੱਚਰਾਂ।
ਟੁੱਟ ਜਾਂਦੇ ਨੇ ਕਰ ਮੁੱਸ਼ਕਤਾਂ, ਲੱਤਾਂ ਘੜੀਸ ਉਦੋਂ ਤੁਰਦੇ।
ਸਾਹ ਸੂਤਣਗੇ ਮੁੰਡਾ ਬਹੂ, ਸੋਚਦੇ ਨੇ ਘਰ ਨੂੰ ਜਦੋਂ ਮੁੜਦੇ।

ਲੈਂਦੇ ਲੇਖਾ ਬੇਬੇ ਬਾਪੂ ਦਾ, ਕੀ ਕੀ ਕੁੱਝ ਕਮਾ ਕੇ ਲਿਆਏ?
ਬਾਪੂ ਜੀ ਇੱਥੇ ਜੀਣਾ ਮਹਿੰਗਾ, ਨੂੰਹ ਝੱਬਦੇ ਆਖ ਸੁਣਾਏ।
ਬੇਬੇ ਝਾਕਦੀ ਬਾਪੂ ਕੰਨੀਂ ਤੇ, ਨੂੰਹ ਦੀ ਹਾਂ 'ਚ ਹਾਂ ਮਿਲਾਏ।
ਵਿਚ ਕੈਨੇਡਾ ਰੁਲੇ ਬੁਢਾਪਾ, ਪਰ ਬਣ ਰਹਿੰਦੇ ਗਊ ਜਾਏ।



-ਸੇਵਾ ਸਿੰਘ 'ਨੂਰਪੁਰੀ'

ਪੰਜਾਬ ਮੇਲ USA

## ਪਿਛਾਂਹ ਵਲ ਖੁੱਲ੍ਹਦੀ ਖਿੜਕੀ

ਤੈਨੂੰ ਮਿਲਣ ਲਈ,
ਹੁਣ ਮੈਨੂੰ ਤੇਰੇ ਕੋਲ ਨਹੀਂ ਆਉਣਾ ਪੈਂਦਾ।

ਮੇਰੇ ਕੋਲ ਤੇਰੀ ਐਲਬਮ ਹੈ,
ਤਸਵੀਰਾਂ ਹਨ,
ਇਨ੍ਹਾਂ ਦੇ ਰੰਗਦਾਰ ਮੌਸਮ ਹਨ!

ਜੋ ਸਮਾਂ ਬੀਤ ਰਿਹਾ ਹੈ,
ਉਹ ਰਾਸ ਨਹੀਂ ਆ ਰਿਹਾ।

ਜੋ ਸਮਾਂ ਆਉਣ ਵਾਲਾ ਹੈ,
ਉਹ ਵਿਖਾਈ ਨਹੀਂ ਦਿੰਦਾ।

ਇਸ ਲਈ,
ਤੇਰੇ ਤੁਰ ਜਾਣ ਤੋਂ ਬਾਅਦ,
ਮੈਂ ਇਹ ਖਿੜਕੀ ਖੋਲ੍ਹ ਲੈਂਦਾ ਹਾਂ।

ਆਪਣੇ ਆਪ ਵਿਚ ਜੀ ਲੈਂਦਾ ਹਾਂ,
ਆਪਣੇ ਆਪ ਨੂੰ ਕੁਝ ਬੋਲ ਲੈਂਦਾ ਹਾਂ:
- ਉੱਚੀ ਸੋਚ, ਉੱਚੇ ਬੋਲ -

ਇਹ ਸੋਚਦਾ ਹੋਇਆ, ਕਿ
ਗੁੰਗਾ ਨਾ ਹੋ ਜਾਏ ਅੱਜ ਦਾ ਇਨਸਾਨ,
ਹੁੰਗਾਰੇ ਬਿਨਾਂ!
ਇਸ਼ਾਰੇ ਬਿਨਾਂ!



-ਰਵਿੰਦਰ ਰਵੀ, ਕੈਨੇਡਾ
250-635-4455

ਪੰਜਾਬ ਮੇਲ USA

PUNJAB MAIL USA

TV Channel, Newspaper, Radio

24 Hours
7 Days




All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at

+1-916-320-9444





FOR SALE & PURCHASE OF ANY KIND OF PROPERTY



RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa

REALTOR CA DRE licence # 01490567

916-320-9444